


The Punjabi Newspaper

ਪੰਜਾਬੀਅਤ ਦਾ ਪਹਿਰੇਦਾਰ

# ਪੰਜਾਬੀ ਅਖ਼ਬਾਰ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

Edmonton : 780 599 2000 I Regina/Saskatoon : 639 999 1000 : Winnipeg 431 733 3000

Chief Editor : Harbans Buttar




Vol: 8 No: 188 Website : www.punjabiakhbaar.ca Email: editor@punjabiakhbaar.ca Friday, 21 January 2022

# ਕੋਵਿਡ-19 ਦੇ ਇਲਾਜ ਲਈ ਐਂਟੀਵਾਇਰਲ ਦਵਾਈ ਨੂੰ ਹੈਲਥ ਕੈਨੇਡਾ ਨੇ ਮਨਜ਼ੂਰੀ ਦੇ ਦਿੱਤੀ ਹੈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੋਵਿਡ ਦੀ ਬਿਮਾਰੀ ਦੇ ਇਲਾਜ ਲਈ ਹੈਲਥ ਕੈਨੇਡਾ ਨੇ ਫਾਈਜ਼ਰ ਦੇ ਕੋਵਿਡ-19 ਐਂਟੀਵਾਇਰਲ ਟਰੀਟਮੈਂਟ ਪੈਕਸਲੋਵਿਡ ਨੂੰ ਦੇਸ਼ ਵਿੱਚ ਵਰਤੋਂ ਲਈ ਮਨਜ਼ੂਰੀ ਦੇ ਦਿੱਤੀ ਹੈ। ਇਹ ਪਹਿਲੀ ਅਜਿਹੀ ਐਂਟੀਵਾਇਰਲ ਦਵਾਈ ਹੈ ਜਿਸ ਨੂੰ ਘਰ ਵਿੱਚ ਹੀ ਕੈਨੇਡੀਅਨ ਲੋਕ ਲੈ ਸਕਣਗੇ ਤੇ ਇਹ ਕੋਵਿਡ-19 ਦੇ ਹਲਕੇ ਤੋਂ ਦਰਮਿਆਨੇ ਲੱਛਣਾਂ ਦਾ ਇਲਾਜ ਕਰ ਸਕੇਗੀ।

ਫੈਡਰਲ ਹੈਲਥ ਏਜੰਸੀ ਦਾ ਕਹਿਣਾ ਹੈ ਕਿ ਇਹ ਪ੍ਰਿਸਕ੍ਰਿਪਸ਼ਨ ਵਾਲੀ ਦਵਾਈ ਹੈ ਜਿਸ ਨੂੰ 18 ਸਾਲ ਤੇ ਇਸ ਤੋਂ ਵੱਧ ਉਮਰ ਦੇ ਬਾਲਗ ਲੈ ਸਕਣਗੇ, ਬਸ਼ਰਤੇ ਉਨ੍ਹਾਂ ਦਾ ਕੋਵਿਡ-19 ਟੈਸਟ ਪਾਜ਼ੀਟਿਵ ਆਇਆ ਹੋਵੇ ਤੇ ਉਹ ਗੰਭੀਰ ਰੂਪ ਵਿੱਚ ਬਿਮਾਰ ਹੋਣ ਦੇ ਕੰਢੇ ਉੱਤੇ ਹੋਣ।ਇਸ ਦਵਾਈ ਦੀ ਮਨਜੂਰੀ ਦੇ ਨਾਲ ਨਾਲ ਮਿਲਣ ਵਾਲੀਆਂ ਹਿਦਾਇਤਾਂ ਵੀ ਸਖਤ ਹਨ। ਬਾਕਾਇਦਾ ਇਹ ਦੱਸਿਆ ਗਿਆ ਹੈ ਕਿ ਕਿਸ ਸੂਰਤ ਵਿੱਚ ਇਸ ਦਵਾਈ ਦੀ ਵਰਤੋਂ ਨਹੀਂ ਹੋ ਸਕੇਗੀ। ਇਸ ਦਵਾਈ ਦੀ ਵਰਤੋਂ ਕੋਵਿਡ-19 ਇਨਫੈਕਸ਼ਨ ਰੋਕਣ ਲਈ ਨਹੀਂ ਹੋ ਸਕੇਗੀ ਜਾਂ ਉਨ੍ਹਾਂ ਮਰੀਜ਼ਾਂ ਦਾ ਇਲਾਜ ਕਰਨ ਲਈ ਨਹੀਂ ਹੋ ਸਕੇਗੀ ਜਿਹੜੇ ਕੋਵਿਡ-19 ਦੇ ਗੰਭੀਰ ਰੂਪ ਲੈਣ ਕਾਰਨ ਪਹਿਲਾਂ ਹੀ ਹਸਪਤਾਲਾਂ ਵਿੱਚ ਭਰਤੀ ਹਨ।

ਇਹ ਦਵਾਈ-ਦੋ ਐਂਟੀਵਾਇਰਲ ਮੈਡੀਸਿਨਜ਼ ਨੂੰ ਇੱਕਠਿਆਂ ਪੈਕ ਕੀਤਾ ਗਿਆ ਹੈ-ਲਗਾਤਾਰ ਪੰਜ ਦਿਨ ਤੋਂ ਜ਼ਿਆਦਾ ਇੱਕਠਿਆਂ ਨਹੀਂ ਲਈ ਜਾ ਸਕਦੀ, ਨਾ ਹੀ ਇਹ ਟੀਨਏਜਰਾਂ ਜਾਂ ਬੱਚਿਆਂ ਨੂੰ ਹੀ ਦਿੱਤੀ ਜਾ ਸਕਦੀ ਹੈ।ਹੈਲਥ ਕੈਨੇਡਾ ਦੀ ਚੀਫ ਮੈਡੀਕਲ ਐਡਵਾਈਜ਼ਰ ਡਾ· ਸੁਪਰੀਆ ਸ਼ਰਮਾ ਨੇ ਆਖਿਆ ਕਿ ਕੋਵਿਡ-19 ਦੇ ਨਵੇਂ ਵੇਰੀਐਂਟ ਖਿਲਾਫ ਇਹ ਨਵਾਂ ਟੂਲਕਿੱਟ ਮਿਲਿਆ ਹੈ ਤੇ ਹਾਈ ਰਿਸਕ ਲੋਕਾਂ ਲਈ ਇਹ ਵਧੇਰੇ ਪਹੁੰਚ ਵਿੱਚ ਰਹਿਣ ਵਾਲਾ ਐਂਟੀਵਾਇਰਲ ਇਲਾਜ ਹੈ। ਉਨ੍ਹਾਂ ਆਖਿਆ ਕਿ ਭਾਵੇਂ ਇਸ ਇਲਾਜ ਨਾਲ ਕੋਵਿਡ-19 ਮਰੀਜ਼ਾਂ ਦੀ ਗਿਣਤੀ ਘਟਾਉਣ ਵਿੱਚ ਮੱਦਦ ਮਿਲੇਗੀ ਪਰ ਪੈਕਸਲੋਵਿਡ ਸਮੇਤ ਕੋਈ ਵੀ ਦਵਾਈ ਵੈਕਸੀਨੇਸ਼ਨ ਦਾ ਬਦਲ ਨਹੀਂ ਹੈ। ਇਸ ਓਰਲ ਦਵਾਈ ਲਈ ਫਾਈਜ਼ਰ ਨੇ ਪਹਿਲੀ ਦਸੰਬਰ, 2021 ਨੂੰ ਕਲੀਨਿਕਲ ਡਾਟਾ ਜਮ੍ਹਾਂ ਕਰਵਾਇਆ ਸੀ।

## ਹੈਲੋ ਹੈਲੋ ਕਰਦਿਆਂ ਮੰਤਰੀ ਮੰਡਲ ਤੋਂ ਬਾਇ ਬਾਇ ਹੋ ਗਈ

### ਅਲਬਰਟਾ ਦੇ ਨਿਆਂ ਮੰਤਰੀ ਨੂੰ ਸਕੂਲ ਜੋਨ ਵਿੱਚ ਗੱਡੀ ਚਲਾਉਂਦੇ ਸਮੇਂ ਫੋਨ ਵਰਤਣ ਸਬੰਧੀ 300 ਡਾਲਰ ਜੁਰਮਾਨਾ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਦੇ ਨਿਆਂ ਮੰਤਰੀ ਕੇਸੀ ਮਾਡੂ ਨੂੰ ਮਾਰਚ 2021 ਵਿੱਚ ਗੱਡੀ ਚਲਾਉਂਦੇ ਸਮੇਂ ਫੋਨ ਵਰਤਣ ਸਬੰਧੀ 300 ਡਾਲਰ ਜੁਰਮਾਨਾ ਟਿਕਟ ਮਿਲਣ ਦੀਆਂ ਖ਼ਬਰਾਂ ਨੇ ਅਲਬਰਟਾ ਦੀ ਸਿਆਸਤ ਗਰਮਾ ਦਿੱਤੀ ਹੈ। ਜਿਉਂ ਹੀ ਇਸ ਘਟਨਾ ਦੀ ਬਣੀ ਤਾਂ ਕੇ ਸੀ ਮਾਡੂ ਅਲਬਰਟਾ ਦਾ ਨਿਆਂ ਮੰਤਰੀ ਅਤੇ ਸਲਿਸਟਰ ਜਨਰਲ ਬਣਿਆ ਨਾ ਰਹਿ ਸਕਿਆ। ਪਹਿਲਾਂ ਹੀ ਆਪਣੀ ਲੋਕ ਪ੍ਰੀਅਤਾ ਦਾ ਖਾਤਾ ਘਾਟੇ ਵਿੱਚ ਚਲਦਾ ਹੋਣ ਕਾਰਣ ਪ੍ਰੀਮੀਅਰ ਜੈਸਨ ਕੈਨੀ ਨੇ ਉਹਨਾਂ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ ਹੈ। ਅਲਬਰਟਾ ਦੀ ਵਿਰੋਧੀ ਧਿਰ ਐਨਡੀਪੀ ਨੇ ਇੱਕ ਬਿਆਨ ਜਾਰੀ ਕਰਕੇ ਮਾਡੂ ਨੂੰ ਅਸਤੀਫ਼ਾ ਦੇਣ ਲਈ ਕਿਹਾ ਸੀ। ਪਾਰਟੀ ਦੇ ਨਿਆਂ ਆਲੋਚਕ ਇਰਫਾਨ ਸਬੀਰ ਨੇ ਇੱਕ ਬਿਆਨ ਵਿੱਚ ਕਿਹਾ, "ਅਟਾਰਨੀ ਜਨਰਲ ਲਈ ਆਪਣੇ ਵਿਰੁੱਧ ਲਗਾਏ ਗਏ ਜੁਰਮਾਨੇ ਦੇ ਸਬੰਧ ਵਿੱਚ ਸੀਨੀਅਰ ਕਾਨੂੰਨ ਲਾਗੂ ਕਰਨ ਵਾਲੇ ਨਾਲ ਜੁੜਨਾ ਪੂਰੀ ਤਰ੍ਹਾਂ ਅਸਵੀਕਾਰਨਯੋਗ ਹੈ।" ਆਓ ਹੁਣ ਇਸ ਘਟਨਾ ਉੱਪਰ ਨਜ਼ਰ ਮਾਰ ਲਈਏ ਕਿ ਅਸਲ ਵਿੱਚ ਹੋਇਆ ਕੀ ਸੀ ? 10 ਮਾਰਚ 2021 ਨੂੰ ਸਕੂਲ ਜੋਨ ਵਿੱਚ ਗੱਡੀ ਚਲਾਉਂਦੇ ਸਮੇਂ ਸੈਲ ਫੋਨ ਵਰਤਣ ਸਬੰਧੀ ਮੌਕੇ ਦੇ ਪੁਲਿਸ ਅਫਸਰ ਨੇ ਰੋਕਿਆ ਸੀ ਅਤੇ ਇਸ ਗਲਤੀ ਬਦਲੇ 300 ਡਾਲਰ ਦੀ ਟਿਕਟ ਜੁਰਮਾਨੇ ਵੱਜੋਂ ਦਿੱਤੀ ਸੀ। ਭਾਵੇਂ ਉਨਾਂ ਨੇ ਇਹ ਜੁਰਮਾਨਾ ਟਿਕਟ ਪੇਅ ਕਰ ਦਿੱਤੀ ਹੈ ਪਰ ਟਿਕਟ ਮਿਲਣ ਉਪਰੰਤ ਉਹਨਾਂ ਦਾ ਪੁਲਿਸ



ਮੁਖੀ ਨੂੰ ਫੋਨ ਕਰਨਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਪੁਲਿਸ ਮੁਖੀ ਨੇ ਵੀ ਇਹ ਗੱਲ ਸਾਫ ਕਰ ਦਿੱਤੀ ਹੈ ਕਿ ਮੰਤਰੀ ਨੇ ਉਹਨਾਂ ਫੋਨ ਕੀਤਾ ਸੀ ਪਰ ਮੰਤਰੀ ਨੇ ਇਸ ਟਿਕਟ ਤੋਂ ਛੁਟਕਾਰਾ ਪਾਉਣ ਲਈ ਕੋਈ ਵੀ ਕੋਸਿਸ ਨਹੀਂ ਕੀਤੀ ਸੀ। ਇਸ ਬਾਰੇ ਮੰਤਰੀ ਦਾ ਵੀ ਕਹਿਣਾ ਹੈ ਕਿ ਉਸਨੇ ਪੁਲਿਸ ਮੁਖੀ ਮੈਕਫੀ ਨਾਲ ਆਪਣੀ ਕਾਲ ਦੌਰਾਨ ਕਿਸੇ ਵੀ ਸਮੇਂ ਟਿਕਟ ਨੂੰ ਰੱਦ ਕਰਨ ਦੀ ਬੇਨਤੀ ਨਹੀਂ ਕੀਤੀ। ਇਸ ਸਬੰਧੀ ਮੰਤਰੀ ਕੇਸੀ ਮਾਡੂ ਦਾ ਕਹਿਣਾ ਹੈ ਕਿ ਪੁਲਿਸ ਅਫਸਰ ਨੇ ਉਹਨਾਂ ਨੂੰ ਰੋਕਿਆ ਕਿ ਉਹ ਸੈਲ ਫੋਨ ਦੀ ਵਰਤੋਂ ਕਰ ਰਹੇ ਹਨ ਪਰ ਉਹਨਾਂ ਨੇ ਇਸ ਗੱਲ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਸੈਲ ਫੋਨ ਤਾਂ ਉਹਨਾਂ ਦੀ ਜੇਬ ਵਿੱਚ ਸੀ। ਕੇਸੀ ਮਾਡੂ, ਜੋ ਕਿ ਐਡਮੰਟਨ-ਦੱਖਣੀ ਪੱਛਮੀ ਲਈ ਯੂਨਾਈਟਿਡ ਕੰਜ਼ਰਵੇਟਿਵ ਵਿਧਾਇਕ ਹੈ, ਨੇ ਅਦਾਲਤ ਦੇ ਰਿਕਾਰਡਾਂ ਅਨੁਸਾਰ, ਉਸ ਹਫ਼ਤੇ ਦੇ ਅੰਤ ਤੋਂ ਪਹਿਲਾਂ ਟਿਕਟ ਦਾ ਭੁਗਤਾਨ ਕੀਤਾ।




## ਚੰਨੀ ਪਰਿਵਾਰ ਨਾਜਾਇਜ ਮਾਈਨਿੰਗ 'ਚ ਸ਼ਾਮਲ: ਕੇਜਰੀਵਾਲ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਨਾਜਾਇਜ ਰੇਤ ਮਾਈਨਿੰਗ ਮਾਮਲੇ ਵਿੱਚ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਰਿਸਤੇਦਾਰ ਦੇ ਘਰ ਸਮੇਤ ਕਈ ਥਾਵਾਂ 'ਤੇ ਈਡੀ ਦੇ ਛਾਪਿਆਂ ਸਬੰਧੀ ਮੁੱਖ ਮੰਤਰੀ ਦੀ ਆਲੋਚਨਾ ਕੀਤੀ ਹੈ। ਇਥੇ ਹਵਾਈ ਅੱਡੇ 'ਤੇ ਉਤਰਨ ਤੋਂ ਬਾਅਦ ਸ੍ਰੀ ਕੇਜਰੀਵਾਲ ਨੇ ਕਿਹਾ, 'ਇਹ ਦੁੱਖ ਤੇ ਹੈਰਾਨੀ ਦੀ ਗੱਲ ਹੈ ਛਾਪਿਆਂ ਦੀ ਜੱਦ ਵਿੱਚ ਮੁੱਖ ਮੰਤਰੀ ਦਾ ਰਿਸ਼ਤੇਦਾਰ ਵੀ ਹੈ। 'ਆਪ' ਆਗੂ ਰਾਘਵ ਚੱਢਾ ਨੇ ਪਹਿਲਾਂ ਹੀ ਕਿਹਾ ਸੀ ਕਿ ਸ੍ਰੀ ਚੰਨੀ ਦੇ ਆਪਣੇ ਵਿਧਾਨ ਸਭਾ ਹਲਕੇ ਚਮਕੌਰ ਸਾਹਿਬ ਵਿੱਚ ਰੇਤ ਦੀ ਨਾਜਾਇਜ ਮਾਈਨਿੰਗ ਹੋ ਰਹੀ ਹੈ। ਇਸ ਦਾ ਪਰਦਾਫਾਸ ਕਰਨ ਦੇ ਬਾਵਜੂਦ ਮੁੱਖ ਮੰਤਰੀ ਨੇ ਕਾਰਵਾਈ ਨਹੀਂ ਕੀਤੀ ਅਤੇ ਇਸ ਨੂੰ ਜਾਇਜ ਠਹਿਰਾਉਣ ਦੀ ਕੋਸ਼ਿਸ਼ ਵੀ ਕੀਤੀ। ਇਹ ਸਪੱਸਟ ਹੈ ਕਿ ਚੰਨੀ ਤੇ ਉਨ੍ਹਾਂ ਦਾ ਪਰਿਵਾਰ ਰੇਤ ਦੀ ਗੈਰ-ਕਾਨੂੰਨੀ



ਮਾਈਨਿੰਗ ਵਿੱਚ ਸਾਮਲ ਹੈ। ਉਸ ਵਿਅਕਤੀ ਤੋਂ ਪੰਜਾਬ ਦੇ ਭਵਿੱਖ ਲਈ ਕੀ ਉਮੀਦ ਕੀਤੀ ਜਾ ਸਕਦੀ ਹੈ, ਜਿਸ ਦਾ ਪਰਿਵਾਰ ਗੈਰ-ਕਾਨੂੰਨੀ ਮਾਈਨਿੰਗ ਵਿੱਚ ਸਾਮਲ ਹੋਵੇ।' ਕੇਜਰੀਵਾਲ ਨੇ ਦੋਸ ਲਾਇਆ, 'ਅਸੀਂ ਵਾਰ-ਵਾਰ ਕਹਿ ਰਹੇ ਹਾਂ ਕਿ ਚੰਨੀ ਮੰਤਰੀ ਮੰਡਲ 'ਚ ਅਜਿਹੇ ਲੋਕ ਹਨ ਜੋ ਰੇਤ ਦੀ ਨਾਜਾਇਜ ਮਾਈਨਿੰਗ 'ਚ ਸਾਮਲ ਹਨ ਅਤੇ ਚੰਨੀ ਸਾਹਿਬ ਖੁਦ ਉਨ੍ਹਾਂ ਨੂੰ ਸਰਪ੍ਰਸਤੀ ਦੇ ਰਹੇ ਹਨ। ਚੰਨੀ ਸਾਹਿਬ ਨੇ ਉਨ੍ਹਾਂ ਨੂੰ ਬਾਹਰ ਕਿਉਂ ਨਹੀਂ ਕੱਢਿਆ ? ਉਨ੍ਹਾਂ ਨੇ ਉਨ੍ਹਾਂ ਨੂੰ ਕੈਬਨਿਟ ਵਿੱਚ ਕਿਉਂ ਰੱਖਿਆ।'







ਸੈਸਕਾਟੂਨ ਵਿਖੇ ਪੰਜਾਬੀ ਅਖਬਾਰ ਲਈ ਪੱਤਰਕਾਰ / ਸੇਲਜ਼ਮੈਨ ਦੀ ਲੋੜ ਹੈ।
ਕਾਲ : ਹਰਬੰਸ ਬੁੱਟਰ
ਸੰਪਾਦਕ : ਪੰਜਾਬੀ ਅਖਬਾਰ
403 640 2000


















VESTA PROPERTIES

# NEW YEAR 2022 NEW HOME



## EMBRACE NEW BEGINNINGS IN A NEW HOME AT VESTA'S MASTER-PLANNED COMMUNITIES

COPPERSTONE AT COPPERFIELD

### SOUTHEAST CALGARY

Copperstone is an exceptionally designed, 70- acre master-planned community conceived, designed, and constructed by Vesta Properties, Copperstone showcases 448 homes with an array of home styles including: Award Winning Towhomes and Single Family Laned Homes.

Enjoy the impeccable greenspace areas and all major amenities in the neighborhood including commercial services, shopping, entertainment, hospital, and airport.

Learn more today!







**587.352.4266 | COPPERSTONELIVING.COM**

1233 Copperfield Blvd SE, Calgary, AB T2Z 5G1

SOUTHPOINT
A MASTER PLANNED COMMUNITY

### SOUTHWEST AIRDRIE

Southpoint, a vibrant 70-acre master planned community set in the heart of Airdrie boasts of aesthetic appeal and quality family life. Once complete Southpoint will feature 620 homes from an array of home styles such as: Freehold Rowhomes, Urban Townhomes and Lifestyle Townhomes.

More than 12 acres are dedicated to parks, greenspaces, and outdoor amenities such as basketball court, tennis court, BBQ pits, Picnic pods, and children's play area.

Learn more today!







**403.980.1979 | VESTASOUTHPOINT.COM**

600 South Point Heath SW, Airdrie, AB

## ਜਿਹੜਾ ਇਕ ਬਾਰ ਐਡਮੰਟਨ ਆ ਗਿਆ ਉਸਨੇ ਮੁੜ ਇੱਥੋਂ ਜਾਣ ਦਾ ਨਾਂ ਨਹੀਂ ਲਿਆ




ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਸਟੈਟਿਸਟਿਕਸ ਕੈਨੇਡਾ ਵੱਲੋਂ ਜਾਰੀ ਇਕ ਰਿਪੋਰਟ ਵਿੱਚ ਦੱਸਿਆ ਗਿਆ ਹੈ ਵੈਨਕੂਵਰ, ਟੋਰੰਟੋ ਅਤੇ ਐਡਮੰਟਨ ਵਿੱਚ ਆਉਣ ਵਾਲੇ ਬਹੁਤੇ ਇਮਿਗ੍ਰੈਂਟਸ ਇਹਨਾਂ ਸ਼ਹਿਰਾਂ ਵਿੱਚ ਹੀ ਰਹਿਣਾ ਪਸੰਦ ਕਰਦੇ ਹਨ। ਸਟੈਟਸ ਕੈਨੇਡਾ ਅਨੁਸਾਰ ਕਿਹੜੇ ਲੋਕ 2014 ਵਿੱਚ ਆਏ ਅਤੇ ਉਹਨਾਂ ਨੇ ਸਾਲ 2019 ਵਿੱਚ ਟੈਕਸ ਰਿਟਰਨਜ਼ ਫਾਇਲ ਕੀਤੀਆਂ, ਉਹਨਾਂ ਤੋਂ ਇਹ ਨਤੀਜਾ ਕੱਢਿਆ ਗਿਆ ਹੈ। ਵੈਨਕੂਵਰ ਵਿੱਚ ਪਹਿਲੀ ਵਾਰ ਆਏ ਇਮਿਗ੍ਰੈਂਟਸ ਵਿੱਚੋਂ 86.1%, ਟੋਰੰਟੋ ਵਿਚ ਆਏ ਇਮਿਗ੍ਰੈਂਟਸ ਵਿੱਚੋਂ 85.5% ਅਤੇ ਐਡਮੰਟਨ ਵਿੱਚ ਪਹੁੰਚੇ ਇਮਿਗ੍ਰੈਂਟਸ ਵਿੱਚੋਂ 84.6% ਨੇ ਆਪਣਾ ਸ਼ਹਿਰ ਨਹੀਂ ਬਦਲਿਆ ਤੇ ਇੱਥੇ ਹੀ ਵਸ ਗਏ। ਵੈਨਕੂਵਰ ਅਤੇ ਟੋਰੰਟੋ ਵਿੱਚ ਫੈਮਿਲੀ ਸਪੌਂਸਰਡ ਇਮਿਗ੍ਰੈਂਟਸ ਅਤੇ ਰੈਫਿਉਜੀਜ਼ ਆਏ ਅਤੇ ਇਹਨਾਂ ਵਿੱਚੋਂ ਬਹੁਤੇ ਇੱਥੇ ਹੀ ਰਹਿਣ ਲੱਗ ਪਏ। ਐਡਮੰਟਨ ਵਿੱਚ ਆਉਣ ਵਾਲਿਆਂ ਵਿੱਚੋਂ ਬਹੁਤੇ ਐਕਨੌਮਿਕ ਕਲਾਸ ਨਾਲ ਸੰਬੰਧਿਤ ਦੱਸੇ ਗਏ ਹਨ।

## ਅਲਬਰਟਾ ਸੂਬੇ ਅੰਦਰ ਵੱਡੇ ਘਰ ਵੇਚ ਕੇ ਛੋਟੇ ਘਰਾਂ ਵਿੱਚ ਜਾਣ ਦਾ ਰੁਝਾਣ ਵੀ ਦੇਖਿਆ ਜਾ ਰਿਹਾ ਹੈ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)ਐਂਗੱਸ ਰੀਡ ਵੱਲੋਂ ਕਰਵਾਏ ਗਏ ਇੱਕ ਸਰਵੇਖਣ ਵਿੱਚ ਸਾਹਮਣੇ ਆਇਆ ਹੈ ਕਿ ਦੇਸ਼ ਦੇ ਕਿਸੇ ਵੀ ਹੋਰ ਹਿੱਸੇ ਦੇ ਮੁਕਾਬਲੇ ਐਲਬਰਟਾ ਵਿੱਚ ਰਹਿਣ ਵਾਲੇ ਲੋਕ ਆਪਣੀ ਵਿੱਤੀ ਸੁਰੱਖਿਆ ਨੂੰ ਲੈ ਕੇ ਸਭ ਤੋਂ ਵੱਧ ਚਿੰਤਾ ਵਿੱਚ ਹਨ। ਕੋਰੋਨਾ ਵਾਇਰਸ ਦੀ ਕਰੋਪੀ ਦੌਰਾਨ ਉਹਨਾਂ ਦੀ ਵਿੱਤੀ ਹਾਲਤ ਖ਼ਰਾਬ ਹੋਈ ਹੈ ਤੇ ਇਸ ਵਾਇਰਸ ਦੇ ਰੁਕਣ ਦਾ ਨਾਮ ਨਾ ਲੈਂਦੇ ਵੇਖਦਿਆਂ ਉਹਨਾਂ ਵਿੱਚ ਵਿੱਤੀ ਅਸੁਰਖਿਆ ਬਹੁਤ ਜ਼ਿਆਦਾ ਹੋ ਗਈ ਹੈ। ਸਰਵੇ ਵਿੱਚ ਸ਼ਾਮਿਲ 55% ਲੋਕਾਂ ਦਾ ਕਹਿਣਾ ਸੀ ਉਹ ਆਪਣੇ ਕਰਜ਼ੇ ਸੰਭਾਲਣ ਵਿੱਚ ਲੱਗੇ ਹੋਏ ਹਨ ਤੇ 63% ਨੂੰ ਆਪਣੇ ਖ਼ਰਚਿਆਂ ਨੂੰ ਪੂਰਾ ਕਰਨ ਦੀ ਚਿੰਤਾ ਲੱਗੀ ਹੋਈ ਹੈ। 5 ਅਤੇ 6 ਜਨਵਰੀ ਨੂੰ 1159 ਵਿਅਕਤੀਆਂ ਨੂੰ ਇਸ ਸਰਵੇ ਵਿੱਚ ਸ਼ਾਮਿਲ ਕੀਤਾ ਗਿਆ ਸੀ। ਜਿਹਨਾਂ ਲੋਕਾਂ ਕੋਲ ਬੱਚਤਾਂ ਸਨ, ਉਹ ਖਾਲੀ ਹੋ ਗਈਆਂ ਹਨ ਤੇ ਉਹਨਾਂ ਵਿੱਚ ਵੱਡੇ ਘਰ ਵੇਚ ਕੇ ਛੋਟੇ ਘਰਾਂ ਵਿੱਚ ਜਾਣ ਦਾ ਰੁਝਾਣ ਵੀ ਦੇਖਿਆ ਜਾ ਰਿਹਾ ਹੈ। ਸੀਪੀਪੀ ਅਤੇ ਈਆਇ ਪ੍ਰੀਮੀਅਮਜ਼ ਵਿੱਚ ਵਾਧਾ ਵੀ ਉਹਨਾਂ ਦੀ ਅਸਲ ਅਮਦਨ ਘਟਾ ਗਿਆ ਹੈ ਜਿਸ ਦਾ ਬੋਝ ਉਹਨਾਂ ਲਈ ਹੋਰ ਵਧ ਗਿਆ ਦੱਸਿਆ ਜਾਂਦਾ ਹੈ।

## ਲੌਕ ਡਾਊਨ ਲਗਾਉਣ ਜਾਂ ਨਾ ਲਗਾਉਣ ਸਬੰਧੀ ਦੁਬਿਧਾ ਬਣੀ ਹੋਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਦੇ ਲਗਪਗ ਸਾਢੇ 3 ਲੱਖ ਕਰਮਚਾਰੀਆਂ ਦੀਆਂ ਨੁਮਾਇੰਦਾ ਜੱਥੇਬੰਦੀਆਂ, ਦ ਯੁਨਾਇਟਿਡ ਨਰਸਿਜ਼ ਯੁਨਿਅਨ ਔਫ਼ ਐਲਬਰਟਾ, ਦ ਐਲਬਰਟਾ ਯੁਨਿਅਨ ਔਫ਼ ਪਬਲਿਕ ਐਂਪਲੌਈਜ਼ ਅਤੇ ਐਲਬਰਟਾ ਟੀਚਰਜ਼ ਯੁਨਿਅਨ ਨੇ ਸੂਬਾ ਸਰਕਾਰ ਨੂੰ ਖੁੱਲ੍ਹੀ ਚਿੱਠੀ ਲਿਖ ਕੇ ਸਰਕਟ-ਬ੍ਰੇਕਰ ਲੌਕ ਡਾਉਨ ਲਗਾਉਣ ਦੀ ਮੰਗ ਕੀਤੀ ਹੈ। ਇਹਨਾਂ ਦਾ ਕਹਿਣਾ ਹੈ ਕਿ ਸੂਬੇ ਭਰ ਵਿੱਚ ਰੈਸਟੌਰੈਂਟਸ,



ਬਾਰਜ਼, ਜਿਮਜ਼ ਅਤੇ ਹੋਰ ਗ਼ੈਰ-ਜ਼ਰੂਰੀ ਬਿਜ਼ਨਿਸਿਜ਼ ਬੰਦ ਕੀਤੇ ਜਾਣੇ ਚਾਹੀਦੇ ਹਨ। ਕੈਲਗਰੀ ਚੇਂਬਰ ਔਫ਼ ਕੌਮਰਸ ਨੇ ਇਹਨਾਂ ਜੱਥੇਬੰਦੀਆਂ ਦੀ ਇਸ ਮੰਗ ਦਾ ਵਿਰੋਧ ਕਰਦਿਆਂ ਕਿਹਾ ਹੈ ਕਿ ਪਿਛਲੇ ਲੌਕ ਡਾਉਨਜ਼ ਦੇ ਅਸਰਾਂ ਤੋਂ ਹੀ ਬਿਜ਼ਨਿਸਿਜ਼ ਬਾਹਰ ਨਹੀਂ ਨਿੱਕਲ ਸਕੇ ਹਨ ਤੇ ਇੱਕ ਹੋਰ ਲੌਕ-ਡਾਉਨ ਇਹਨਾਂ ਨੂੰ ਪੂਰੀ ਤਰ੍ਹਾਂ ਬੰਦ ਕਰ ਦੇਵੇਗਾ। ਚੇਂਬਰ ਦੀ ਮੁਖੀ ਡੈਬਰਾ ਯੈਡਲਿਨ ਦਾ ਕਹਿਣਾ ਹੈ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਟੈਸਟਿੰਗ ਕੈਪੇਬਿਲਿਟੀਜ਼ ਵਧਾਉਣ, ਵੈਕਸਿਨ ਜ਼ਰੂਰੀ ਲਗਵਾਉਣ ਲਈ ਹਿਦਾਇਤਾਂ ਜਾਰੀ ਕਰਨ, ਇਸ ਸੰਬੰਧੀ ਸਾਧਨ ਅਤੇ ਸਰੋਤ ਮੁਹਈਆ ਕਰਵਾਉਣ ਲਈ ਕਦਮ ਚੁੱਕੇ। ਉਹਨਾਂ ਕਿਹਾ ਕਿ ਬਿਜ਼ਨਸ ਬੰਦ ਕਰਕੇ ਲੱਖਾਂ ਲੋਕਾਂ ਦਾ ਰੋਜ਼ਗਾਰ ਖ਼ਤਮ ਹੋ ਜਾਵੇਗਾ ਤੇ ਵੈਕਸਿਨ ਲਗਵਾ ਕੇ ਲੋਕ ਸੁਰਖਿਅਤ ਰਹਿ ਸਕਦੇ ਹਨ।

## ਤਿੰਨ ਹਫਤਿਆਂ ਲਈ ਬਾਹਰਲੇ ਵਰਕਰਾਂ ਦੇ ਇਸ ਹਲਕੇ ਵਿੱਚ ਆਉਣ ਉੱਪਰ ਪਾਬੰਦੀ ਐ




ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਓਨਟੈਰੀਓ ਦੇ ਵਿੰਜ਼ਰ-ਐਸੈਕਸ ਕਾਉਂਟੀ ਹੈਲਥ ਨੇ ਐਲਾਨ ਕੀਤਾ ਹੈ ਕਿ ਉਹਨਾਂ ਵੱਲੋਂ ਅਗਲੇ 3 ਹਫ਼ਤਿਆਂ ਦੌਰਾਨ ਕੋਈ ਵੀ ਮਾਇਗ੍ਰੈਂਟ ਵਰਕਰ ਨਹੀਂ ਆਉਣ ਦਿੱਤਾ ਜਾਵੇਗਾ ਕਿਉਂਕਿ ਇਲਾਕੇ ਵਿੱਚ ਕੋਰੋਨਾ ਵਾਇਰਸ ਅਤੇ ਔਮਿਕ੍ਰੌਨ ਵੇਰੀਐਂਟ ਦੇ ਮਾਮਲੇ ਬਹੁਤ ਤੇਜ਼ੀ ਨਾਲ ਵਧ ਰਹੇ ਹਨ। ਇਸ ਵਾਇਰਸ ਫੈਲਾਅ ਕਾਰਨ ਖੇਤਰ ਵਿੱਚ ਫੂਡ ਸ਼ੌਰਟੇਜ ਅਤੇ ਵਰਕਰ ਸੇਫ਼ਟੀ ਦੀਆਂ ਚੁਣੌਤੀਆਂ ਪੈਦਾ ਹੋਣ ਦਾ ਖ਼ਦਸ਼ਾ ਪ੍ਰਗਟ ਕੀਤਾ ਗਿਆ ਹੈ। ਭਾਵੇਂ ਇਹ ਪਾਬੰਦੀ ਆਰਜ਼ੀ ਤੌਰ 'ਤੇ ਅਤੇ 3 ਹਫ਼ਤਿਆਂ ਲਈ ਲਗਾਈ ਗਈ ਹੈ ਪਰ ਸਬਜ਼ੀਆਂ ਉਗਾਉਣ ਵਾਲੇ ਇਸ ਖੇਤਰ ਵਿੱਚ ਵੈਜਿਟੇਬਲ ਫਾਰਮਰਜ਼ ਦੀਆਂ ਮੁਸੀਬਤਾਂ ਵਧ ਜਾਣਗੀਆਂ ਤੇ ਉਹਨਾਂ ਦਾ ਕਹਿਣਾ ਹੈ ਕਿ ਇਸ ਨਾਲ ਦੇਸ਼ ਭਰ ਵਿੱਚ ਫੂਡ ਸਪਲਾਇ 'ਤੇ ਮਾੜਾ ਅਸਰ ਪੈ ਸਕਦਾ ਹੈ। ਵਿੰਜ਼ਰ-ਐਸੈਕਸ ਕਾਉਂਟੀ ਦੇ ਇੱਕ ਇਲਾਕੇ ਵਿੱਚ ਲਗਪਗ 2 ਹਜ਼ਾਰ ਐਗਰੀਕਲਚਰਲ ਮਾਇਗ੍ਰੈਂਟ ਵਰਕਰਜ਼ ਵਿੱਚੋਂ 275 ਦੇ ਕਰੀਬ ਆਇਸੋਲੇਸ਼ਨ ਵਿੱਚ ਚੱਲ ਰਹੇ ਹਨ। ਇਹਨਾਂ ਦੇ ਇਸ ਇਲਾਕੇ ਵਿੱਚ ਆਉਣ 'ਤੇ ਪਾਬੰਦੀ ਇਸ ਕਰਕੇ ਲਗਾਈ ਜਾ ਰਹੀ ਹੈ ਕਿ ਵਰਕਰਜ਼ ਨੂੰ ਆਇਸੋਲੇਸ਼ਨ ਵਿੱਚ ਭੇਜੇ ਜਾਣ ਵਾਸਤੇ ਇਸ ਇਲਾਕੇ ਵਿੱਚ ਥਾਂ ਹੀ ਨਹੀਂ ਬਚੀ ਹੈ ਤੇ ਸਾਰੇ ਹੋਟਲ ਅਤੇ ਮੋਟਲ ਭਰ ਚੁੱਕੇ ਹਨ।

## ਹੁਣ ਹਸਪਤਾਲਾਂ ਵਿੱਚ ਮਰੀਜਾਂ ਲਈ ਖਾਣਾ ਪਰਾਈਵੇਟ ਕੰਪਨੀਆਂ ਸਪਲਾਈ ਕਰਨਗੀਆਂ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਅਤੇ ਐਡਮੰਟਨ ਦੇ 8 ਹਸਪਤਾਲਾਂ ਵਿੱਚ ਫੂਡ ਸਰਵਿਸਿਜ਼ ਮੁਹਈਆ ਕਰਵਾਉਣ ਵਾਸਤੇ ਥਰਡ ਪਾਰਟੀ ਦੀ ਭਾਲ ਕੀਤੀ ਜਾ ਰਹੀ ਹੈ। ਮੌਜੂਦਾ ਸਮੇਂ ਹਸਪਤਾਲਾਂ ਵਿੱਚ ਕੈਫਿਟੇਰੀਆਜ਼ ਅਤੇ ਰੀਟੇਲ ਫੂਡ ਸਟੋਰਾਂ ਦੀ ਸਾਂਭ ਸੰਭਾਲ ਐਲਬਰਟਾ ਹੈਲਥ ਸਰਵਿਸਿਜ਼ ਵੱਲੋਂ ਕੀਤੀ ਜਾ ਰਹੀ ਹੈ ਪਰ ਏ.ਐਚ.ਐਸ. ਦਾ ਕਹਿਣਾ ਹੈ ਕਿ ਇਹਨਾਂ ਤੋਂ ਹਾਸਲ ਹੋਣ ਵਾਲੀ ਆਮਦਨੀ, ਇਹਨਾਂ ਉਪਰ ਹੋ ਰਹੇ ਖ਼ਰਚੇ ਨਾਲ ਮੇਲ ਨਹੀਂ ਖਾਂਦੀ। ਇਸ ਲਈ ਇਹ ਸੇਵਾ ਥਰਡ ਪਾਰਟੀ ਨੂੰ ਦਿੱਤੀ ਜਾ ਰਹੀ ਹੈ। ਇਹ ਸਰਵਿਸ ਥਰਡ ਪਾਰਟੀ ਕੋਲ ਕਦੋਂ ਜਾਵੇਗੀ, ਇਸ ਦਾ ਐਲਾਨ ਤਾਂ ਨਹੀਂ ਕੀਤਾ ਗਿਆ ਹੈ ਪਰ ਇਸ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾ ਰਹੀ ਹੈ। ਇਸ ਤੋਂ ਪਹਿਲਾਂ ਹਸਪਤਾਲਾਂ ਦੀਆਂ ਲੌਂਡਰੀ ਸਰਵਿਸਿਜ਼ ਨਿਜੀ ਹੱਥਾਂ ਵਿੱਚ ਦਿੱਤੇ ਜਾਣ ਦਾ ਐਲਾਨ ਹੋਇਆ ਸੀ ਤੇ ਹੁਣ ਫੂਡ ਸਰਵਿਸਿਜ਼ ਵਾਲੇ ਨੌਕਰੀ ਤੋਂ ਲਾਂਭੇ ਹੋ ਜਾਣਗੇ। ਇਹਨਾਂ 11 ਹਜ਼ਾਰ ਵਿਅਕਤੀਆਂ ਨੂੰ ਔਖੇ ਸਮੇਂ ਕੰਮਾਂ ਤੋਂ ਫਾਰਗ਼ ਕੀਤੇ ਜਾਣ ਦਾ ਵਿਰੋਧੀ ਧਿਰ ਐਨਡੀਪੀ ਨੇ ਤਿੱਖਾ ਵਿਰੋਧ ਕੀਤਾ ਹੈ।

## ਐਨ ਡੀ ਟੀ ਵੀ ਦੇ ਪ੍ਰਸਿੱਧ ਪੱਤਰਕਾਰ ਕਮਲ ਖਾਨ ਦੀ ਦਿਲ ਦਾ ਦੌਰਾ ਪੈਣ ਕਾਰਣ ਹੋਈ ਮੌਤ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਨ ਡੀ ਟੀ ਵੀ ਦੇ ਸੀਨੀਅਰ ਪੱਤਰਕਾਰ ਕਮਾਲ ਖਾਨ ਦਾ ਦੇਹਾਂਤ ਹੋ ਗਿਆ ਹੈ। ਜਾਣਕਾਰੀ ਮੁਤਾਬਕ ਉਨ੍ਹਾਂ ਦੀ ਮੌਤ ਦਿਲ ਦਾ ਦੌਰਾ ਪੈਣ ਨਾਲ ਹੋਈ ਹੈ। ਉਨ੍ਹਾਂ ਦੀ ਪਤਨੀ ਰੁਚੀ ਨੇ ਜੰਜਾਵਰ ਤੋਂ ਉਨ੍ਹਾਂ ਦੀ ਮੌਤ ਦੀ ਖਬਰ ਦੀ ਪੁਸ਼ਟੀ ਕੀਤੀ ਹੈ। ਨਿਰਪੱਖ ਪੱਤਰਕਾਰਤਾ ਲਈ ਕਮਾਲ ਖਾਨ ਨੂੰ ਹਮੇਸ਼ਾ ਚੇਤੇ ਰੱਖਿਆ ਜਾਵੇਗਾ।









## ਘਰਾਂ ਅੰਦਰ ਹੀ ਰੈਪਿਡ ਟੈਸਟ ਹੋਣ ਕਾਰਣ ਅਸਲ ਵਿੱਚ ਵਾਇਰਸ ਪੌਜ਼ਿਟਿਵ ਵਿਅਕਤੀਆਂ ਦੀ ਸੰਖਿਆ ਕਿਤੇ ਜ਼ਿਆਦਾ ਹੋ ਸਕਦੀ ਹੈ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿੱਚ ਕੋਵਿਡ-19 ਦੇ ਨਵੇਂ ਐਕਟਿਵ ਕੇਸਾਂ ਦੀ ਗਿਣਤੀ ਬੀਤੇ ਸ਼ੁੱਕਰਵਾਰ 14 ਜਨਵਰੀ ਤੱਕ 6 ਹਜ਼ਾਰ 10 'ਤੇ ਪਹੁੰਚੀ ਦਰਜ ਹੋਈ ਤੇ 8 ਹੋਰ ਵਿਅਕਤੀਆਂ ਦੀ ਮੌਤ ਇਸ ਵਾਇਰਸ ਕਾਰਨ ਹੋ ਗਈ ਹੈ। ਸੂਬੇ ਦੇ ਹਸਪਤਾਲਾਂ ਵਿੱਚ ਇਸ ਵਾਇਰਸ ਤੋਂ ਪੀੜਤ ਮਰੀਜ਼ਾਂ ਦੀ ਸੰਖਿਆ 786 'ਤੇ ਪਹੁੰਚ ਗਈ ਹੈ ਜਿਹਨਾਂ ਵਿੱਚੋਂ ਆਇ.ਸੀ.ਯੂ'ਜ਼ ਵਿੱਚ ਦਾਖ਼ਲ ਮਰੀਜ਼ਾਂ ਦੀ ਗਿਣਤੀ 79 'ਤੇ ਪਹੁੰਚ ਗਈ ਹੈ। ਜਾਰੀ ਇਹਨਾਂ ਅੰਕੜਿਆਂ ਬਾਰੇ ਦੱਸਿਆ ਗਿਆ ਹੈ ਕਿ ਅਸਲ ਵਿੱਚ ਵਾਇਰਸ ਪੌਜ਼ਿਟਿਵ ਵਿਅਕਤੀਆਂ ਦੀ ਸੰਖਿਆ ਕਿਤੇ ਜ਼ਿਆਦਾ ਹੋ ਸਕਦੀ ਹੈ ਕਿਉਂਕਿ ਬਹੁਤ ਵੱਡੀ ਗਿਣਤੀ ਵਿੱਚ ਲੋਕ ਰੈਪਿਡ ਟੈਸਟ ਕਰ ਰਹੇ ਹਨ ਤੇ ਉਸ ਦਾ ਕੋਈ ਰੈਕਰਡ ਐਲਬਰਟਾ ਹੈਲਥ ਕੋਲ ਨਹੀਂ ਹੈ। ਅਜੇ ਵੀ ਪੀਸੀਆਰ ਟੈਸਟ ਸਿਰਫ਼ ਚੁਨਿੰਦਾ ਲੋਕਾਂ ਲਈ ਕੀਤੇ ਜਾ ਰਹੇ ਹਨ ਤੇ ਲੈਬਾਂ ਆਪਣੀ ਸਮਰੱਥਾ ਤੋਂ ਵਧ ਕੇ ਕੰਮ ਕਰ ਰਹੀਆਂ ਹਨ। ਸੂਬੇ ਵਿੱਚ ਹੁਣ ਕੁੱਲ ਐਕਟਿਵ ਕੇਸਾਂ ਦੀ ਗਿਣਤੀ ਵਧ ਕੇ 62,733 ਹੋ ਗਈ ਹੈ ਤੇ ਪੌਜ਼ਿਟਿਵਿਟੀ ਰੇਟ 41% 'ਤੇ ਪਹੁੰਚ ਗਈ ਹੈ। ਐਲਬਰਟਾ ਹੈਲਥ ਦੇ ਮੁਤਾਬਕ ਆਉਂਦੇ ਕੁੱਝ ਦਿਨਾਂ ਵਿੱਚ ਹਸਪਤਾਲਾਂ ਵਿੱਚ ਦਾਖ਼ਲ ਹੋਣ ਵਾਲਿਆਂ ਦੀ ਗਿਣਤੀ ਕਿਤੇ ਜ਼ਿਆਦਾ ਵਧ ਸਕਦੀ ਹੈ ਤੇ ਹੈਲਥ ਕੇਅਰ ਸਟਾਫ਼ ਦੇ ਇਸ ਦੀ ਲਪੇਟ ਵਿੱਚ ਆਉਣ ਦਾ ਖ਼ਦਸ਼ਾ ਹੈ।

## ਵਾਇਰਸ ਦੀ ਆਊਟਬ੍ਰੇਕ ਸਬੰਧੀ ਹੁਣ ਆਮ ਜਨਤਾ ਨੂੰ ਸੂਚਿਤ ਨਹੀਂ ਕੀਤਾ ਜਾਵੇਗਾ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਮੀਡੀਆ ਨੂੰ ਮੁਖ਼ਾਤਿਬ ਹੁੰਦਿਆਂ ਸੂਬੇ ਦੀ ਚੀਫ਼ ਮੈਡਿਕਲ ਔਫਿਸਰ ਔਫ਼ ਹੈਲਥ, ਡਾ. ਡੀਨਾ ਹਿਨਸ਼ੌਅ ਨੇ ਦੱਸਿਆ ਕਿ ਜਿਹਨਾਂ ਅਦਾਰਿਆਂ ਵਿੱਚ ਇਸ ਵਾਇਰਸ ਦੀ ਆਉਟਬ੍ਰੇਕ ਹੁੰਦੀ ਹੈ, ਉਸ ਬਾਰੇ ਜਨਤਾ ਨੂੰ ਸੂਚਿਤ ਨਹੀਂ ਕੀਤਾ ਜਾਵੇਗਾ। ਕੇਵਲ ਹਾਇ ਰਿਸਕ ਹੋਣ ਦੀ ਹਾਲਤ ਵਿੱਚ ਹੀ ਇਸ ਦੀ ਸੂਚਨਾ ਜਾਰੀ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਬਹੁਤ ਸੂਬਿਆਂ ਵਿੱਚ ਅਜਿਹਾ ਹੀ ਕੀਤਾ ਜਾ ਰਿਹਾ ਹੈ ਤੇ ਕੋਵਿਡ-19 ਦੇ ਤੇਜ਼ੀ ਨਾਲ ਵਧ ਰਹੇ ਕੇਸਾਂ ਨੂੰ ਨੱਥ ਪਾਉਣ 'ਤੇ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ। ਇਹ ਤਬਦੀਲੀ 14 ਜਨਵਰੀ ਤੋਂ ਲਾਗੂ ਕੀਤੀ ਜਾ ਰਹੀ ਹੈ। ਇਸ ਤੋਂ ਪਹਿਲਾਂ ਤੱਕ ਜਿੱਥੇ ਵੀ ਆਉਟਬ੍ਰੇਕ ਹੁੰਦੀ ਸੀ, ਉਸ ਬਾਰੇ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਸੀ। ਐਲਬਰਟਾ ਹੈਲਥ ਦਾ ਕਹਿਣਾ ਹੈ ਕਿ ਉਹ ਹਰ ਰੋਜ਼ 15 ਹਜ਼ਾਰ ਦੇ ਕਰੀਬ ਪੀਸੀਆਰ ਟੈਸਟ ਕਰ ਰਹੇ ਹਨ। ਐਨਡੀਪੀ ਦੇ ਹੈਲਥ ਕ੍ਰਿਟਿਕ, ਐਮਐਲਏ ਡੇਵਿਡ ਸ਼ੈਪਰਡ ਦਾ ਕਹਿਣਾ ਹੈ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਤੇ ਨੌਜਵਾਨਾਂ ਲਈ ਟੀਕਾਕਰਣ ਦਾ ਮਜ਼ਬੂਤ ਪ੍ਰਬੰਧ ਕਰੇ।

## ਮਾਂ ਅਤੇ ਉਸਦੀ ਸੰਭਾਲ ਕਰਨ ਵਾਲੀ ਔਰਤ ਦੇ ਕਤਲ ਦੀ ਸਜਾ ਸਬੰਧੀ ਕਾਤਲ ਦੀ ਅਪੀਲ-ਦਲੀਲ ਨਕਾਰਾ ਹੋ ਗਈ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਾਲ 2015 ਵਿੱਚ ਆਪਣੀ ਮਾਂ ਅਤੇ ਉਸ ਦੀ ਕੇਅਰ ਵਿੱਚ ਰਹਿ ਰਹੀ ਇੱਕ ਔਰਤ ਦਾ ਬੇਰਹਿਮੀ ਨਾਲ ਕਤਲ ਕਰਨ ਦੇ ਫ਼ਸਟ ਡਿਗਰੀ ਮਰਡਰ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਕੈਲਗਰੀ ਨਿਵਾਸੀ ਇਮੈਨੁਅਲ ਕਾਸਾਇ ਨਾਮ ਦੇ ਵਿਅਕਤੀ ਦੀ ਸਜ਼ਾ, ਐਲਬਰਟਾ ਦੀ ਸਭ ਤੋਂ ਉਪਰਲੀ ਕੋਰਟ ਵੱਲੋਂ ਬਹਾਲ ਰੱਖੇ ਜਾਣ ਦਾ ਫੈਸਲਾ ਸੁਣਾਇਆ ਗਿਆ ਹੈ। 25 ਸਾਲਾ ਜੂਲੀ ਟ੍ਰੈਨ ਨਾਮ ਦੀ ਫੀਟਲ ਐਲਕੋਹਲ ਸਿੰਡਰੋਮ ਡਿਸ-ਔਰਡਰ ਨਾਲ ਪੀੜਤ ਇੱਕ ਔਰਤ ਇਮੈਨੁਅਲ ਕਸਾਇ ਦੀ ਮਾਂ ਸੈਲਮਾ ਐਲਮ ਦੀ ਦੇਖਰੇਖ ਵਿੱਚ ਰਹਿੰਦੀ ਸੀ। ਅਕਤੂਬਰ 2015 ਵਿੱਚ ਨੌਰਥ ਈਸਟ ਕੈਲਗਰੀ ਦੀ ਕੋਵੈਂਟਰੀ ਹਿਲਜ਼ ਕਮਿਉਨਿਟੀ ਵਿੱਚ ਦੋਹਾਂ ਨੂੰ ਛੁਰੇ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਅਦਾਲਤ ਵੱਲੋਂ ਫਸਟ ਡਿਗਰੀ ਮਰਡਰ ਦਾ ਦੋਸ਼ੀ ਐਲਾਨੇ ਜਾਣ ਮਗਰੋਂ ਕਾਸਾਇ ਨੇ ਕਈ ਵਾਰ ਇਸ ਫੈਸਲੇ ਦੇ ਖਿਲਾਫ਼ ਕਈ ਵਾਰ ਅਪੀਲ ਕੀਤੀ ਪਰ ਉਸ ਦੀ ਕੋਈ ਅਪੀਲ-ਦਲੀਲ ਕੰਮ ਨਹੀਂ ਆਈ। ਉਸ ਦੀ ਫ਼ਸਟ ਡਿਗਰੀ ਮਰਡਰ ਦੇ ਦੋ ਦੋਸ਼ਾਂ ਵਿੱਚ ਸਜ਼ਾ ਬਹਾਲ ਰੱਖੇ ਜਾਣ ਦਾ ਫੈਸਲਾ ਅਪੀਲ ਕੋਰਟ ਨੇ ਸੁਣਾਇਆ ਹੈ।

## ਨਵੇਂ ਵਾਇਰਸ ਕਾਰਣ ਪੀ ਸੀ ਆਰ ਟੈਸਟ ਕਰਵਾਉਣ ਵਾਲੇ ਲੋਕਾਂ ਦੀ ਗਿਣਤੀ ਵਧ ਗਈ ਹੈ




ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਦੀ ਚੀਫ਼ ਮੈਡਿਕਲ ਔਫਿਸਰ ਔਫ਼ ਹੈਲਥ ਡਾ. ਡੀਨਾ ਹਿਨਸ਼ੌਅ ਦਾ ਕਹਿਣਾ ਹੈ ਕਿ ਸੂਬੇ ਭਰ ਵਿੱਚ ਔਮਿਕ੍ਰੌਨ ਵੇਰੀਐਂਟ ਦੇ ਕੇਸਾਂ ਵਿੱਚ ਬੇਤਹਾਸ਼ਾ ਵਾਧਾ ਹੋਣ ਦੇ ਚੱਲਦਿਆਂ ਪੀਸੀਆਰ ਟੈਸਟ ਕੀਤੇ ਜਾਣ ਦਾ ਸਿਲਸਿਲਾ ਆਪਣੀ ਸੀਮਾ ਪਾਰ ਕਰ ਗਿਆ ਹੈ ਤੇ ਇਸ ਸਿਸਟਮ ਦੀ ਰੈਸ਼ਨਿੰਗ ਕੀਤੇ ਜਾਣ ਦਾ ਐਲਾਨ ਕਰ ਦਿੱਤਾ ਗਿਆ ਹੈ। ਉਹਨਾਂ ਕਿਹਾ ਕਿ ਬੁਕਿੰਗ ਲਈ ਕਈ ਦਿਨ ਦਾ ਸਮਾਂ ਲੱਗ ਰਿਹਾ ਹੈ ਤੇ ਟੈਸਟ ਲਏ ਜਾਣ ਮਗਰੋਂ ਉਸ ਦੀ ਰਿਪੋਰਟ ਆਉਣ ਵਿੱਚ 48 ਘੰਟੇ ਤੱਕ ਦਾ ਸਮਾਂ ਲੱਗਣ ਲੱਗਿਆ ਹੈ। ਇਸ ਨੂੰ ਵੇਖਦਿਆਂ ਹੋਇਆਂ ਪੀਸੀਆਰ ਟੈਸਟ ਲਈ ਕੇਵਲ ਹੈਲਥ ਕੇਅਰ ਵਰਕਰਜ਼ ਤੇ ਉਹਨਾਂ ਦੇ ਘਰ ਦੇ ਮੈਂਬਰ ਜਿਹਨਾਂ ਨੂੰ ਜ਼ਾਹਿਰਾ ਲੱਛਣ ਹੋਣ, ਸ਼ੈਲਟਰਜ਼ ਅਤੇ ਕੁਰੈਕਸ਼ਨਲ ਫੈਸਿਲਿਟੀਜ਼, ਵਾਇਰਸ ਹੋਣ ਕਾਰਨ ਖ਼ਤਰੇ ਹੇਠ ਆਏ ਲੋਕ ਜਿਹਨਾਂ ਦਾ ਇਲਾਜ ਜ਼ਰੂਰੀ ਹੈ, ਮੈਡਿਕਲ ਕੰਡਿਸ਼ਨਜ਼ ਵਾਲੇ ਵਿਅਕਤੀ, ਵਿਦੇਸ਼ਾਂ ਤੋਂ ਪਰਤੇ ਯਾਤਰੀ ਜਿਹਨਾਂ ਨੂੰ ਕੈਨੇਡਾ ਪਹੁੰਚਣ ਦੇ 14 ਦਿਨਾਂ ਅੰਦਰ ਇਸ ਵਾਇਰਸ ਦੇ ਲੱਛਣ ਆ ਜਾਣ, ਅਤੇ ਹਸਪਤਾਲਾਂ ਵਿੱਚ ਦਾਖ਼ਲ ਮਰੀਜ਼ ਹੀ ਯੋਗ ਹੋਣਗੇ। ਜਿਹਨਾਂ ਦੀਆਂ ਪਹਿਲਾਂ ਟੈਸਟ ਬੁਕਿੰਗਾਂ ਹੋ ਗਈਆਂ ਹਨ, ਉਹਨਾਂ ਨੂੰ ਕਿਹਾ ਗਿਆ ਹੈ ਕਿ ਜੇ ਇਸ ਕੈਟੇਗਰੀ ਵਿੱਚ ਨਹੀਂ ਆਉਂਦੇ ਤਾਂ ਉਹ ਆਪਣੀਆਂ ਐਪੌਇੰਟਮੈਂਟ ਰੱਦ ਕਰਵਾ ਲੈਣ। ਉਹਨਾਂ ਕਿਹਾ ਕਿ ਰੈਪਿਡ ਟੈਸਟ ਕਿਟਸ ਆਪਣੇ ਕੋਲ ਰੱਖਣ ਤੇ ਲੋੜ ਪੈਣ 'ਤੇ ਟੈਸਟ ਕਰ ਲੈਣ।

## ਨਵਾਂ ਈਵੈਂਟ ਸੈਂਟਰ ਬਣਾਏ ਜਾਣ ਸਬੰਧੀ ਸੰਭਾਵਨਾਵਾਂ ਲੱਭਣ ਲਈ ਉਪਰਾਲੇ ਸੁਰੂ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੀ ਸਿਟੀ ਕੌਂਸਲ ਨੇ ਸਰਬਸੰਮਤੀ ਨਾਲ ਨਵਾਂ ਇਵੈਂਟ ਸੈਂਟਰ ਬਣਾਏ ਜਾਣ ਵਾਸਤੇ ਸੰਭਾਵਨਾਵਾਂ ਲੱਭਦੇ ਰਹਿਣ ਲਈ ਫੈਸਲਾ ਕੀਤਾ ਹੈ ਅਤੇ ਪ੍ਰਸ਼ਾਸਨ ਨੂੰ ਇਹ ਪਤਾ ਕਰਨ ਲਈ ਕਿਹਾ ਹੈ ਕਿ ਕੀ ਕੈਲਗਰੀ ਸਪੋਰਟਸ ਐਂਡ ਐਂਟਰਟੇਨਮੈਂਟ ਕੌਰਪੋਰੇਸ਼ਨ - ਸੀਸੈਕ ਦੁਬਾਰਾ ਗੱਲਬਾਤ ਕਰਨ ਲਈ ਤਿਆਰ ਹੈ ਜਾਂ ਨਹੀਂ। ਸਿਟੀ ਕੌਂਸਲ ਨੇ ਇਸ ਮਤੇ ਉਤੇ ਵੋਟਿੰਗ ਕੀਤੀ। ਇਵੈਂਟ ਸੈਂਟਰ ਅਸੈਸਮੈਂਟ ਕਮੇਟੀ ਦਾ ਵੀ ਮੁੜ ਗਠਨ ਕਰ ਦਿੱਤਾ ਗਿਆ ਹੈ। 8 ਮਾਰਚ ਤੋਂ ਪਹਿਲਾਂ ਪਹਿਲਾਂ ਇਸ ਫੈਸਲੇ ਦੇ ਨਤੀਜੇ ਵੀ ਆ ਜਾਣ ਦੀ ਸੰਭਾਵਨਾ ਹੈ। ਮੇਅਰ ਡਾ. ਜੋਤੀ ਗੌਂਡੇਕ ਦਾ ਕਹਿਣਾ ਹੈ ਕਿ ਸ਼ਹਿਰਵਾਸੀਆਂ ਨੂੰ ਇਸ ਦੀ ਟਾਇਮ-ਲਾਇਨ ਦਾ ਪਤਾ ਹੋਣਾ ਚਾਹੀਦਾ ਹੈ।

## ਬੱਚਿਆਂ ਦੀ ਭਲਾਈ ਵਾਸਤੇ ਮੂਲ ਨਿਵਾਸੀ ਭਾਈਚਾਰੇ ਨੂੰ ਪ੍ਰੋਗਰੈਮ ਦਾ ਕੰਟਰੋਲ ਆਪਣੇ ਹੱਥ ਨਹੀਂ ਮਿਲ ਰਿਹਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਦੇ ਇੱਕ ਮੂਲ ਨਿਵਾਸੀ ਭਾਈਚਾਰੇ ਦਾ ਕਹਿਣਾ ਹੈ ਕਿ ਫੈਡਰਲ ਕਾਨੂੰਨ ਤਹਿਤ ਮੂਲ ਨਿਵਾਸੀ ਬੱਚਿਆਂ ਦੀ ਭਲਾਈ ਵਾਸਤੇ ਜਾਰੀ ਕੀਤੇ ਗਏ ਪ੍ਰੋਗਰੈਮ ਦਾ ਕਾਨੂੰਨੀ ਤੌਰ 'ਤੇ ਕੰਟਰੋਲ ਮੂਲ ਨਿਵਾਸੀਆਂ ਨੂੰ ਦੇਣ ਵਿੱਚ ਸੂਬਾਈ ਸਰਕਾਰ ਰੁਕਾਵਟਾਂ ਖੜ੍ਹੀਆਂ ਕਰ ਰਹੀ ਹੈ। ਮੂਲ ਨਿਵਾਸੀ ਇਸ ਗਰੁੱਪ ਦਾ ਕਹਿਣਾ ਹੈ ਕਿ ਐਲਬਰਟਾ ਸਰਕਾਰ ਨੇ ਇਸ ਪ੍ਰੋਗਰੈਮ ਨੂੰ ਅਜੇ ਤੱਕ ਮਾਨਤਾ ਹੀ ਨਹੀਂ ਦਿੱਤੀ ਹੈ ਜਦੋਂ ਕਿ ਬਿਲ-ਸੀ-92 ਦੇ ਤਹਿਤ ਪਿਛਲੇ ਸਾਲ ਇਹ ਅਧਿਕਾਰ ਦਿੱਤਾ ਗਿਆ ਸੀ ਕਿ ਮੂਲ ਨਿਵਾਸੀ ਭਾਈਚਾਰੇ ਆਪਣੇ ਬੱਚਿਆਂ ਦੀ ਵੈਲਵੇਅਰ ਵਾਸਤੇ ਇਸ ਸੰਬੰਧੀ ਜਾਰੀ ਪ੍ਰੋਗਰੈਮ ਦਾ ਕੰਟਰੋਲ ਆਪਣੇ ਕੋਲ ਰੱਖ ਸਕਦੇ ਹਨ। ਸੂਬੇ ਦੀ ਚਿਲਡ੍ਰਨ'ਜ਼ ਸਰਵਿਸਿਜ਼ ਮਨਿਸਟਰ ਰਿਬੈਕਾ ਸ਼ੁਲਜ਼ ਦਾ ਕਹਿਣਾ ਹੈ ਉਹਨਾਂ ਦਾ ਮਹਿਕਮਾ ਸਾਰੇ ਮੂਲ ਨਿਵਾਸੀ ਗਰੁਪਾਂ ਨਾਲ ਮਿਲ ਕੇ ਕੰਮ ਕਰ ਰਿਹਾ ਹੈ ਤਾਂ ਕਿ ਕਿਸੇ ਵੀ ਕਮੀ-ਕਮਜ਼ੋਰੀ ਕਾਰਨ ਇੱਕ ਵੀ ਬੱਚਾ ਲਾਭ ਹਾਸਲ ਕਰਨ ਤੋਂ ਵਾਂਝਾ ਨਾ ਰਹਿ ਜਾਵੇ। ਉਹਨਾਂ ਕਿਹਾ ਕਿ ਕੋਈ ਵੀ ਗੱਲਬਾਤ ਅਜੇ ਖ਼ਤਮ ਨਹੀਂ ਹੋਈ ਹੈ।

## ਕਰੋਨਾ ਕਾਰਣ ਨਾਨ ਯੂਨੀਅਨ ਨਰਸਾਂ ਨੂੰ ਵਲੰਟੀਅਰ ਕੰਮ ਕਰਨ ਨੂੰ ਕਿਹਾ ਜਾਣ ਲੱਗਾ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਹੈਲਥ ਸਰਵਿਸਿਜ਼ - ਏ.ਐਚ.ਐਸ. ਦੇ ਲੀਕ ਹੋਏ ਦਸਤਾਵੇਜ਼ਾਂ ਤੋਂ ਸਾਹਮਣੇ ਆਇਆ ਹੈ ਕਿ ਵਿਭਾਗ ਵੱਲੋਂ ਯੂਨੀਅਨ ਅਤੇ ਨੌਨ-ਯੂਨੀਅਨ ਨਰਸਾਂ ਨੂੰ ਕਿਹਾ ਜਾ ਰਿਹਾ ਹੈ ਕਿ ਉਹ ਆਪਣੀ ਮੁੜ ਨਿਯੁਕਤੀ ਕੀਤੇ ਜਾਣ ਵਾਸਤੇ ਵਲੰਟੀਅਰ ਕਰਨ। ਅਜਿਹਾ ਪਹਿਲਾਂ ਵੀ ਹੁੰਦਾ ਰਿਹਾ ਹੈ ਪਰ ਇਸ ਸਾਲ ਦੇ ਸ਼ੁਰੂ ਵਿੱਚ ਅਜਿਹਾ ਕੀਤੇ ਜਾਣ ਪਿੱਛੇ, ਸੂਬੇ ਵਿੱਚ ਫੈਲਦੇ ਜਾ ਰਹੇ ਔਮਿਕ੍ਰੌਨ ਵੇਰੀਐਂਟ ਨੂੰ ਮੁੱਖ ਕਾਰਨ ਦੱਸਿਆ ਜਾ ਰਿਹਾ ਹੈ। ਏ.ਐਚ.ਐਸ. ਦਾ ਕਹਿਣਾ ਹੈ ਕਿ ਵਾਇਰਸ ਦੀ ਚੌਥੀ ਲਹਿਰ ਆਉਣ ਮਗਰੋਂ ਕਈ ਸਟਾਫ਼ ਮੈਂਬਰ ਇੰਟੈਂਸਿਵ ਕੇਅਰ ਯੂਨਿਟਸ ਵਿੱਚ ਹੀ ਤੈਨਾਤ ਰਹਿ ਗਏ ਸਨ ਤੇ ਹੁਣ ਇੱਕ ਵਾਰ ਮੁੜ ਸਟਾਫ਼ ਨੂੰ ਨਵੇਂ ਸਿਰਿਉਂ ਤੈਨਾਤ ਕੀਤੇ ਜਾਣ ਦੀ ਲੋੜ ਪੈ ਗਈ ਹੈ। ਏ.ਐਚ.ਐਸ. ਦਾ ਕਹਿਣਾ ਹੈ ਕਿ ਸਟਾਫ਼ ਨੂੰ ਤਿਆਰ ਰਹਿਣ ਵਸਤੇ ਵੀ ਰੱਖਣਾ ਪੈਣਾ ਹੈ ਕਿਉਂਕਿ ਕੰਮ ਵਧਦਾ ਜਾ ਰਿਹਾ ਹੈ। ਪ੍ਰੋਜੈਕਸ਼ਨਜ਼ ਵਿੱਚ ਮੰਨਿਆ ਜਾ ਰਿਹਾ ਹੈ ਕਿ ਆਉਂਦੇ ਹਫਤਿਆਂ ਦੌਰਾਨ ਸੂਬੇ ਦੇ ਹਸਪਤਾਲਾਂ ਵਿੱਚ ਵਾਇਰਸ ਪੀੜਤ ਮਰੀਜ਼ਾਂ ਦੀ ਗਿਣਤੀ 1500 ਪਾਰ ਕਰ ਸਕਦੀ ਹੈ।

Bliss & Beauty
Rejuvenate your Mind, Body & Soul.
Reiki, Bio Energy, Healing Touch & Facials
ਸਿਰਫ਼ ਔਰਤਾਂ ਲਈ ਸੇਵਾਵਾਂ
JASVIR KAUR
To Book a Session CALL us at:
403-829-4814
20 Saddlestone Drive NE T3J OW8
Located on 2nd Floor in Saddleridge Plaza
info.blissandbeauty@gmail.com

PUNJABI SWEETS
HOUSE & RESTAURANT
TAKE OUT
We do catering also
FAST & BEST FRIENDLY SERVICE
ALL KINDS OF SWEETS NON-VEG & VEGI FOOD
Open 7 Days a Week
403-293-5252
ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।
Bay 113 216 Saddle Towne Cir. N.E. T3J 0C9

Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ
Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1

ਮੇਰੇ ਰਾਹੀਂ ਆਪਣਾ ਘਰ ਵੇਚੋ ਅਤੇ ਕਮਿਸ਼ਨ ਉੱਪਰ ਹਜਾਰਾਂ ਡਾਲਰ ਬਚਾਓ!
Call for your home BUYING & SELLING needs
ਭਾਵੇਂ ਤੁਸੀਂ ਘਰ ਖਰੀਦ ਰਹੇ ਹੋ ਜਾਂ ਵੇਚ ਰਹੇ ਹੋ ਪਰ ਡਾਲਰਾਂ ਦੀ ਬੱਚਤ ਤੋਂ ਸਿਰਫ ਇੱਕ ਫੋਨ ਕਾਲ ਦੂਰ ਹੀ ਹੋ!
urban Real Estate Services Ltd.
Akshay Kapoor
REALTOR®
403 891 0005

An Efficient Mortgage / Home Financing Process Contact Kulwant Manhas
ਕਨੇਡਾ ਵਿੱਚ ਨਵੇਂ ਆਏ ਹੋ, ਘਰ ਖਰੀਦਣਾ ਚਾਹੁੰਦੇ ਹੋ ਜਾਂ ਰੀ ਫਾਇਨਾਂਸ ਕਰਵਾਉਣਾ ਹੈ ਤਾਂ ਕੁਲਵੰਤ ਮਨਹਾਸ ਨੂੰ ਮਿਲੋ
Scotiabank
Kulwant S. Manhas
Home Financing Advisor
C: (587)-899-2093
E: kulwant.Manhas@scotiabank.com
Specializing in:
• Home Buyers
• Refinancing
• New to Canada
• Construction Draws

Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic
Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

# ਕਦੇ ਕੁੱਝ ਤੇ ਕਦੇ ਕੁੱਝ !

## ਟਰੱਕ ਡਰਾਇਵਰਾਂ ਲਈ ਮਾੜੇ ਫੁਰਮਾਨ ਜਾਰੀ ਹੋਏ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬਾਰਡਰ ਪਾਰ ਕਰਨ ਵਾਲੇ ਕੈਨੇਡੀਅਨ ਟਰੱਕਰ ਨੂੰ ਬੀਤੇ ਬੁੱਧਵਾਰ 12 ਜਨਵਰੀ ਨੂੰ ਵੈਕਸਿਨੇਸ਼ਨ ਤੋਂ ਛੋਟ ਦੇਣ ਦਾ ਐਲਾਨ ਕੀਤੇ ਜਾਣ ਦੇ ਇੱਕ ਦਿਨ ਮਗਰੋਂ ਹੀ ਫੈਡਰਲ ਸਰਕਾਰ ਨੇ ਆਪਣਾ ਫੈਸਲਾ ਪਲਟ ਦਿੱਤਾ ਹੈ ਤੇ ਕਿਹਾ ਹੈ ਕਿ ਕੇਵਲ ਪੂਰੀ ਤਰ੍ਹਾਂ ਵੈਕਸਿਨੇਟਿਡ ਟਰੱਕ ਡ੍ਰਾਇਵਰ ਹੀ ਕੈਨੇਡਾ ਵਿੱਚ ਆ-ਜਾ ਸਕਣਗੇ। ਸਭ ਤੋਂ ਪਹਿਲਾਂ ਨਵੰਬਰ ਵਿੱਚ ਸਰਕਾਰ ਨੇ ਐਲਾਨ ਕੀਤਾ ਸੀ ਕਿ 15 ਜਨਵਰੀ ਤੋਂ ਕੈਨੇਡਾ ਵਿੱਚ ਦਾਖ਼ਲ ਹੋਣ ਵਾਲੇ ਸਾਰੇ ਵਿਦੇਸ਼ੀ ਟਰੱਕ ਡ੍ਰਾਇਵਰ ਪੂਰੀ ਤਰ੍ਹਾਂ ਵੈਕਸਿਨੇਟ ਹੋਣੇ ਚਾਹੀਦੇ ਹਨ। ਉਸ ਐਲਾਨ ਵਿੱਚ ਕਿਹਾ ਗਿਆ ਸੀ ਕਿ ਜਿਹੜੇ ਕੈਨੇਡੀਅਨ ਟਰੱਕ ਡਰਾਇਵਰ ਪੂਰੀ ਤਰ੍ਹਾਂ ਵੈਕਸਿਨੇਟ ਨਹੀਂ ਹੋਣਗੇ, ਉਹਨਾਂ ਨੂੰ ਕੈਨੇਡਾ ਆਉਣ ਸਮੇਂ ਟੈਸਟ ਕਰਵਾਉਣਾ ਪਾਵੇਗਾ ਤੇ 14 ਦਿਨ ਕੁਐਰੈਂਟੀਨ ਹੋਣਾ ਪਵੇਗਾ। ਬੁਧਵਾਰ ਨੂੰ ਸਰਕਾਰ ਨੇ ਫੈਸਲੇ ਵਿੱਚ ਤਬਦੀਲੀ ਦਾ ਐਲਾਨ ਕਰ ਦਿੱਤਾ ਤੇ ਕਿਹਾ ਕਿ ਵੈਨਸਿਨੇਟ ਨਾ ਹੋਏ ਕੈਨੇਡੀਅਨ ਟਰੱਕ ਡ੍ਰਾਇਵਰਾਂ ਨੂੰ ਨਾ ਟੈਸਟ ਕਰਵਾਉਣਾ ਪਵੇਗਾ ਤੇ ਨਾ ਹੀ ਕੁਐਰੈਂਟੀਨ ਹੋਣ ਦੀ ਲੋੜ ਹੋਵੇਗੀ। ਇਸ ਦੇ 24 ਘੰਟਿਆਂ ਬਾਦ ਹੀ ਸਰਕਾਰ ਨੇ ਫਿਰ ਯੂ-ਟਰਨ ਲੈ ਲਿਆ ਤੇ ਕਿਹਾ ਹੈ ਕਿ ਬੁੱਧਵਾਰ ਦੀ ਸੂਚਨਾ ਗ਼ਲਤੀ ਨਾਲ ਜਾਰੀ ਹੋ ਗਈ ਸੀ। ਹੁਣ ਸਰਕਾਰ ਨੇ ਮੁੜ ਕਿਹਾ ਹੈ ਕਿ ਕੇਵਲ ਪੂਰੀ ਤਰ੍ਹਾਂ ਵੈਕਸਿਨੇਟ ਟਰੱਕ ਡ੍ਰਾਇਵਰ ਹੀ ਕੈਨੇਡਾ ਵਿੱਚ ਦਾਖ਼ਲ ਹੋ ਸਕਣਗੇ। ਇਸ ਐਲਾਨ ਨਾਲ 12 ਹਜ਼ਾਰ ਦੇ ਕਰੀਬ ਕੈਨੇਡੀਅਨ ਟਰੱਕ ਡ੍ਰਾਇਵਰ ਅਮਰੀਕਾ ਵੱਲ ਨਹੀਂ ਜਾ ਸਕਣਗੇ। ਇਸ ਨਾਲ ਸਪਲਾਇ ਚੇਨ ਸਿਸਟਮ ਉੱਪਰ ਮਾੜਾ ਅਸਰ ਪੈਣ ਦਾ ਖ਼ਦਸ਼ਾ ਬਣ ਗਿਆ ਹੈ।

# ਬੱਚਿਆਂ ਵਿੱਚ ਵੈਕਸੀਨ ਲਗਾਉਣ ਸਬੰਧੀ ਜਾਗਰੂਕਤਾ ਦੀ ਜਰੂਰਤ ਹੈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਹੈਲਥ ਤੋਂ ਹਾਸਲ ਅੰਕੜਿਆਂ ਮੁਤਾਬਕ 5 ਤੋਂ 11 ਸਾਲ ਦੀ ਉਮਰ ਦੇ ਬੱਚਿਆਂ ਵਿੱਚ ਵੈਕਸਿਨ ਲੱਗਣੇ ਮਾਮਲੇ ਵਿੱਚ ਕੈਲਗਰੀ ਵਿੱਚ ਇੱਕ ਵਾਰ ਫਿਰ ਭੁਗੋਲਿਕ ਅਸਮਾਨਤਾ ਦਰਜ ਕੀਤੀ ਜਾ ਰਹੀ ਹੈ। ਕੈਲਗਰੀ ਨੌਰਥ ਈਸਟ ਇਲਾਕੇ ਵਿੱਚ ਇਸ ਉਮਰ ਦੇ ਬੱਚਿਆਂ ਵਿੱਚ ਵੈਕਸਿਨ ਲਗਵਾਏ ਜਾਣ ਦਾ ਰੁਝਾਨ ਸ਼ਹਿਰ ਦੇ ਕਿਸੇ ਵੀ ਹੋਰ ਹਿੱਸੇ ਦੇ ਮੁਕਾਬਲੇ ਸਭ ਤੋਂ ਘੱਟ ਦਰਜ ਕੀਤਾ ਜਾ ਰਿਹਾ ਹੈ। 5 ਤੋਂ 11 ਸਾਲ ਦੀ ਉਮਰ ਦੇ 64% ਤੋਂ ਵੱਧ ਗਿਣਤੀ ਵਿੱਚ ਬੱਚਿਆਂ ਦੀ ਵੈਕਸਿਨੇਸ਼ਨ ਕੈਲਗਰੀ-ਐਲਬੋਅ ਇਲਾਕੇ ਵਿੱਚ ਹੋਈ ਹੈ ਜਦੋਂ ਕਿ ਨੌਰਥ ਈਸਟ ਵਿੱਚ ਇਹ ਗਿਣਤੀ ਸਿਰਫ਼ 22.4% ਦਰਜ ਕੀਤੀ ਗਈ ਹੈ। ਕਈ ਮਾਹਿਰਾਂ ਦਾ ਕਹਿਣਾ ਹੈ ਕਿ ਸਕੂਲਾਂ ਵਿੱਚ ਬੱਚਿਆਂ ਦੀ ਵੈਕਸਿਨ ਮੁਹਈਆ ਕਰਵਾਈ ਜਾਣੀ ਚਾਹੀਦੀ ਹੈ ਤੇ ਨੌਰਥ ਈਸਟ ਵਿੱਚ ਇਹ ਕੰਮ ਤੇਜ਼ ਕਰਨ ਵਾਸਤੇ ਜ਼ਿਆਦਾ ਸਰੋਤ ਲਗਾਏ ਜਾਣ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ। 12 ਸਾਲ ਤੋਂ ਉਪਰ ਉਮਰ ਦੇ 99% ਤੋਂ ਵੱਧ ਲੋਕਾਂ ਨੇ ਨੌਰਥ ਈਸਟ ਵਿੱਚ ਵੈਕਸਿਨ ਲਗਵਾ ਲਈ ਹੈ।

# ਕੁਰਸੀ ਯੁੱਧ ਵਿਚ ਸਾਬਕਾ ਮੰਤਰੀ ਲੀਲਾ ਆਹੀਰ ਦਾ ਗਰੁੱਪ ਚੋਣ ਹਾਰ ਗਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਚੈਸਟਰਮੀਅਰ-ਸਟ੍ਰੈਥਮੋਰ ਰਾਇਡਿੰਗ ਤੋਂ ਯੂਨਾਇਟਿਡ ਕੰਜ਼ਰਵੇਟਿਵ ਪਾਰਟੀ ਦੀ ਰਾਇਡਿੰਗ ਐਸੋਸਿਏਸ਼ਨ ਦੀ ਚੋਣ ਨੂੰ ਲੈ ਕੇ ਰੱਫੜ ਪੈ ਗਿਆ ਹੈ। ਯੂਸੀਪੀ ਦੀ ਐਮ.ਐਲ.ਏ. ਅਤੇ ਸਾਬਕਾ ਮੰਤਰੀ ਲੀਲਾ ਅਹੀਰ ਦੇ ਗਰੁਪ ਦੇ ਮੈਂਬਰ ਇਸ ਰਾਇਡਿੰਗ ਐਸੋਸਿਏਸ਼ਨ 'ਤੇ ਕਾਬਿਜ਼ ਸਨ ਪਰ ਪਿਛਲੇ ਹਫ਼ਤੇ ਹੋਈ ਰਾਇਡਿੰਗ ਐਸੋਸਿਏਸ਼ਨ ਦੀ ਚੋਣ ਵਿੱਚ ਇਸ ਗਰੁਪ ਨੂੰ ਹਰਾ ਦਿੱਤਾ ਗਿਆ ਹੈ ਤੇ ਨਵਾਂ ਗਰੁਪ ਕਾਬਿਜ਼ ਹੋ ਗਿਆ ਹੈ। ਪਿਛਲੀ ਅਸੋਸਿਏਸ਼ਨ ਦੇ ਪ੍ਰੈਜ਼ਿਡੈਂਟ ਜੌਨ ਕਿਟਲਰ ਦਾ ਕਹਿਣਾ ਹੈ ਕਿ 50 ਦੇ ਕਰੀਬ ਵਿਅਕਤੀ ਲਿਸਟ ਵਿੱਚ ਸ਼ਾਮਿਲ ਸਨ ਜਿਹੜੇ ਵੋਟਿੰਗ ਕਰਨ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ ਸਨ ਪਰ ਉਹਨਾਂ ਫਿਰ ਵੀ ਵੋਟਾਂ ਪਾ ਦਿੱਤੀਆਂ ਤੇ ਨਵੀਂ ਕਮੇਟੀ ਚੁਣ ਲਈ। ਜੌਨ ਕਿਟਲਰ ਨੇ ਕਿਹਾ ਕਿ ਉਹ ਪਹਿਲਾਂ ਵਾਂਗ ਕੰਮ ਕਰਦੇ ਰਹਿਣਗੇ ਤੇ ਆਪਣਾ ਅਹੁਦਾ ਨਹੀਂ ਛੱਡਣਗੇ ਪਰ ਪਾਰਟੀ ਦਾ ਕਹਿਣਾ ਹੈ ਕਿ ਜੌਨ ਕਿਟਲਰ ਹਾਰ ਗਿਆ ਹੈ ਤੇ ਨਵੀਂ ਕਮੇਟੀ ਹੋਂਦ ਵਿੱਚ ਆ ਗਈ ਹੈ। ਪਾਰਟੀ ਦੇ ਐਗਜ਼ੈਕਟਿਵ ਡਾਇਰੈਕਟਰ ਡਸਟਿਨ ਵੈਨ ਵਗਟ ਦਾ ਕਹਿਣਾ ਹੈ ਕਿ ਜੌਨ ਕਿਟਲਰ ਹੁਣ ਅਸੋਸਇਟੇਸ਼ਨ ਦਾ ਪ੍ਰਧਾਨ ਨਹੀਂ ਰਿਹਾ ਹੈ ਤੇ ਬਿਲਕੁਲ ਸਹੀ ਚੋਣ ਹੋਈ ਹੈ। ਐਮਐਲਏ ਲੀਲਾ ਅਹੀਰ ਨੂੰ ਅਗਲੀਆਂ ਚੋਣਾਂ ਵਿੱਚ ਸ਼ੈਂਟੈੱਲ ਡੀ ਯੰਗ ਵੱਲੋਂ ਚੁਣੌਤੀ ਦਿੱਤੇ ਜਾਣ ਦੀ ਸੰਭਾਵਨਾ ਹੈ।

# ਮਲਟੀਕਲਚਰ ਸੀਨੀਅਰ ਸਿਟੀ ਆਫ਼ ਅਲਬਰਟਾ ਨੇ ਨਵੇਂ ਸਾਲ ਨੂੰ ਜੀ ਆਇਆਂ ਆਖਦਿਆਂ ਮਿਲਣੀ ਕੀਤੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਮਲਟੀਕਲਚਰ ਸੀਨੀਅਰ ਸਿਟੀ ਆਫ਼ ਅਲਬਰਟਾ ਨੇ ਪ੍ਰਭਾਵਸ਼ਾਲੀ ਢੰਗ ਨਾਲ ਕ੍ਰਿਸਮਿਸ ਦਾ ਦਿਨ ਮਨਾਉਂਦਿਆਂ ਅਤੇ ਨਵੇਂ ਸਾਲ ਨੂੰ ਜੀ ਆਖਦਿਆਂ ਕੈਨੇਡਾ ਦੇ ਭਾਈਚਾਰੇ ਨੂੰ ਇੱਕ ਚੰਗਾ ਸੁਨੇਹਾ ਦਿੱਤਾ ਕਿ ਅਸੀਂ ਦੂਜੇ ਧਰਮਾਂ ਦੀਆਂ ਭਾਵਨਾਵਾਂ ਦੀ ਵੀ ਕਦਰ ਕਰਦੇ ਹਾਂ। ਸੁਸਾਇਟੀ ਦੇ ਪ੍ਰਧਾਨ ਸੁਖਦੇਵ ਸਿੰਘ ਕੰਬੋ ਨੇ ਸਾਰੇ ਮੈਂਬਰਾਂ ਨੂੰ ਜੀ ਆਇਆਂ ਆਖ ਕੇ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ ਕਿ ਮਨੁੱਖਤਾ ਕੋਵਿਡ ਨਾਈਨਟੀਨ ਦਾ ਮੁਕਾਬਲਾ ਪੂਰੀ ਦ੍ਰਿੜ੍ਹਤਾ ਨਾਲ ਕਰਨ ਵਿਚ ਕਾਮਯਾਬ ਰਹੀ ਹੈ । ਉਨ੍ਹਾਂ ਦੱਸਿਆ ਕਿ ਇਸ ਮੌਕੇ ਇੱਕ ਸਾਦੇ ਜਿਹੇ ਖਾਣੇ ਦਾ ਵੀ ਪ੍ਰਬੰਧ ਕੀਤਾ ਗਿਆ ਸੀ। ਮੀਤ ਪ੍ਰਧਾਨ ਗੁਰਬਖ਼ਸ਼ ਸਿੰਘ ਜੱਸਲ ਨੇ ਕਿਹਾ ਕਿ ਸੁਸਾਇਟੀ ਵਾਸਤੇ ਇਹ ਮਾਣ ਵਾਲੀ ਗੱਲ ਹੈ ਕਿ ਬਿੱਕਰ ਸਿੰਘ ਸੰਧੂ ਦੀ ਪਹਿਲਕਦਮੀ ਸਦਕਾ ਇੱਥੇ ਪਹਿਲਾਂ ਫ੍ਰੀ ਟੈਕਸ ਕਲੀਨਿਕ ਸਥਾਪਤ ਹੋ ਚੁੱਕਿਆ ਹੈ। ਸਾਰੇ ਮੈਂਬਰਾਂ ਨੇ ਬਿੱਕਰ ਸਿੰਘ ਸੰਧੂ ਦੇ ਯੋਗਦਾਨ ਨੂੰ ਸਵੀਕਾਰ ਕਰਦਿਆਂ ਕਿਹਾ ਕਿ ਉਨ੍ਹਾਂ ਦੀਆਂ ਕੋਸ਼ਿਸ਼ਾਂ ਅਤੇ ਮਿਹਨਤ ਕਰਕੇ ਹੀ ਇਸ ਨਿਰਜੀਵ ਸੋਸਾਇਟੀ ਨੂੰ ਜੀਵਨਦਾਨ ਮਿਲਿਆ ਹੈ। ਗੁਰਬਚਨ ਸਿੰਘ ਬਰਾੜ ਨੇ ਸੰਖੇਪ ਤੇ ਪ੍ਰਭਾਵਸ਼ਾਲੀ ਢੰਗ ਨਾਲ ਕ੍ਰਿਸਮਿਸ ਦੇ ਪਿਛੋਕੜ ਅਤੇ ਮਹੱਤਤਾ ਬਾਰੇ ਜਾਣਕਾਰੀ ਦੇ ਕੇ ਦੱਸਿਆ ਕਿ ਸਾਰੇ ਧਰਮ ਮਨੁੱਖਤਾ ਦੀ ਬਿਹਤਰੀ ਵਾਸਤੇ ਹਨ। ਇਸ ਮੀਟਿੰਗ ਵਿੱਚ ਮੈਂਬਰਾਂ ਨੇ ਕੋਵਿਡ ਨਾਈਨਟੀਨ ਦੇ ਸਾਰੇ ਨਿਯਮਾਂ ਦੀ ਪਾਲਣਾ ਕਰਦਿਆਂ ਹੋਇਆਂ ਆਪਣੀ ਆਪਣੀ ਜ਼ਿੰਦਗੀ ਦੇ ਉਨ੍ਹਾਂ ਪਲਾਂ ਦੀ ਸਾਂਝ ਪਾਈ ਜੋ ਮਨੁੱਖਤਾ ਦੀ ਸੇਵਾ ਨਾਲ ਸਬੰਧਤ ਸਨ। ਇੱਕ ਦੂਜੇ ਵਾਸਤੇ ਸਤਿਕਾਰ ਤੇ ਸਦਭਾਵਨਾ ਨੂੰ ਪ੍ਰਗਟ ਕਰਦਿਆਂ ਹੋਇਆਂ ਸਾਰੇ ਮੈਂਬਰਾਂ ਨੇ ਛੋਟੇ ਛੋਟੇ ਤੋਹਫ਼ਿਆਂ ਦਾ ਆਦਾਨ ਪ੍ਰਦਾਨ ਕਰਕੇ ਆਪਸੀ ਭਾਈਚਾਰੇ ਦੀ ਮਿਸਾਲ ਨੂੰ ਹੋਰ ਮਜ਼ਬੂਤੀ ਦਿੱਤੀ । ਸੁਸਾਇਟੀ ਦੇ ਸਕੱਤਰ ਜੋਗਿੰਦਰ ਸਿੰਘ ਜੌੜਾ ਨੇ ਮੰਚ ਦਾ ਸੰਚਾਲਨ ਕੀਤਾ । ਅੰਤ ਵਿੱਚ ਉਨ੍ਹਾਂ ਨੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਕਾਰਜਕਾਰੀ ਕਮੇਟੀ ਵੱਲੋਂ ਨਵੇਂ ਸਾਲ ਦੀਆਂ ਸ਼ੁਭਕਾਮਨਾਵਾਂ ਦਿੰਦਿਆਂ ਹੋਇਆਂ ਕਿਹਾ ਕਿ ਪ੍ਰਮਾਤਮਾ ਹਰ ਇੱਕ ਦੇ ਜੀਵਨ ਵਿੱਚ ਤੰਦਰੁਸਤੀ ਅਤੇ ਖ਼ੁਸ਼ਹਾਲੀ ਬਖ਼ਸ਼ੇ।

### ਆਪ ਨੂੰ ਵੱਡਾ ਝਟਕਾ :

# ਪਾਰਟੀ ਦੇ 65 ਅਹੁਦੇਦਾਰਾਂ ਨੇ ਦਿੱਤੇ ਅਸਤੀਫ਼ੇ...

ਜਲੰਧਰ (ਪੰਜਾਬੀ ਅਖਬਾਰ ਬਿਊਰੋ): ਜਲੰਧਰ ਦੇ ਦੋ ਵਿਧਾਨ ਸਭਾ ਹਲਕਿਆਂ ਵਿੱਚ ਆਮ ਆਦਮੀ ਪਾਰਟੀ ਦੇ ਕੁੱਲ 65 ਅਹੁਦੇਦਾਰਾਂ ਨੇ ਸੋਮਵਾਰ ਨੂੰ ਪਾਰਟੀ ਤੋਂ ਅਸਤੀਫਾ ਦੇ ਦਿੱਤਾ। ਇੰਨਾ ਨੇ ਦਾਅਵਾ ਕੀਤਾ ਕਿ ਤਾਨਾਸ਼ਾਹੀ ਅਤੇ ਸਥਾਨਕ ਨੇਤਾਵਾਂ ਨੂੰ ਕੋਈ ਸ਼ਕਤੀ ਨਹੀਂ ਕਾਰਨ ਇਹ ਫੈਸਲਾ ਲੈਣ ਲਈ ਮਜ਼ਬੂਰ ਕੀਤਾ ਗਿਆ ਹੈ। ਅਸਤੀਫਾ ਦੇਣ ਵਾਲਿਆਂ ਵਿੱਚ ਵਾਰਡ ਪ੍ਰਧਾਨ, ਸਰਕਲ ਪ੍ਰਧਾਨ, ਬਲਾਕ ਪ੍ਰਧਾਨ, ਕੋਆਰਡੀਨੇਟਰ ਅਤੇ ਹੋਰ ਸ਼ਾਮਲ ਹਨ। ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ (ਆਪ) ਨੂੰ ਵੱਡਾ ਝਟਕਾ ਲੱਗਾ ਹੈ। ਪਾਰਟੀ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਡਾ: ਸ਼ਿਵ ਦਿਆਲ ਮਾਲੀ ਅਨੁਸਾਰ ਵਿਧਾਨ ਸਭਾ ਹਲਕਾ ਜਲੰਧਰ ਪੱਛਮੀ ਤੋਂ 28 ਅਤੇ ਜਲੰਧਰ ਕੇਂਦਰੀ ਵਿਧਾਨ ਸਭਾ ਹਲਕੇ ਤੋਂ 37 ਅਹੁਦੇਦਾਰਾਂ ਨੇ ਅਸਤੀਫ਼ੇ ਦੇ ਦਿੱਤੇ ਹਨ। ਉਨ੍ਹਾਂ ਕਿਹਾ ਕਿ ਸੂਬੇ ਦੀ ਸਮੁੱਚੀ ਇਕਾਈ ਦਾ ਕੰਟਰੋਲ ਦਿੱਲੀ ਤੋਂ ਹੈ ਅਤੇ ਸਥਾਨਕ ਆਗੂਆਂ ਨੂੰ ਕੋਈ ਅਜ਼ਾਦੀ ਨਹੀਂ ਹੈ। ਉਨ੍ਹਾਂ ਕਿਹਾ ਕਿ 2017 ਦੀਆਂ ਵਿਧਾਨ ਸਭਾ ਚੋਣਾਂ ਜਿੱਤਣ ਵਾਲੇ ਜ਼ਿਆਦਾਤਰ ਵਿਧਾਇਕ ਦਿੱਲੀ ਦੇ ਆਗੂਆਂ ਦੀ ਤਾਨਾਸ਼ਾਹੀ ਕਾਰਨ ਪਾਰਟੀ ਛੱਡ ਚੁੱਕੇ ਹਨ। 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸੋਮਵਾਰ ਨੂੰ ਕਿਹਾ ਕਿ ਪੰਜਾਬ ਵਿਧਾਨ ਸਭਾ ਚੋਣਾਂ ਲਈ ਪਾਰਟੀ ਦੇ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਦਾ ਐਲਾਨ ਮੰਗਲਵਾਰ ਨੂੰ ਕੀਤਾ ਜਾਵੇਗਾ। 'ਆਪ' ਦੇ ਇਕ ਆਗੂ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਚੋਣਾਂ ਲਈ ਮੁੱਖ ਮੰਤਰੀ ਦੇ ਚਿਹਰੇ ਦੀ ਚੋਣ ਕਰਨ ਲਈ ਪਾਰਟੀ ਦੀ ਮੁਹਿੰਮ ਦੇ ਹਿੱਸੇ ਵਜੋਂ, 22 ਲੱਖ ਤੋਂ ਵੱਧ ਹੁੰਗਾਰਾ ਪ੍ਰਾਪਤ ਹੋਇਆ ਹੈ। 13 ਜਨਵਰੀ ਨੂੰ ਕੇਜਰੀਵਾਲ ਨੇ ਪੰਜਾਬ ਦੇ ਲੋਕਾਂ ਨੂੰ ਮੁੱਖ ਮੰਤਰੀ ਦੇ ਅਹੁਦੇ ਲਈ ਆਪਣੇ ਚਹੇਤੇ ਉਮੀਦਵਾਰਾਂ ਦਾ ਨਾਂ ਦੇਣ ਦੀ ਅਪੀਲ ਕੀਤੀ ਸੀ। ਇਸ ਸਬੰਧੀ ਉਸ ਨੇ ਇੱਕ ਮੋਬਾਈਲ ਨੰਬਰ ਵੀ ਜਾਰੀ ਕੀਤਾ ਸੀ। ਕੇਜਰੀਵਾਲ ਨੇ ਉਦੋਂ ਕਿਹਾ ਸੀ ਕਿ ਉਹ 'ਆਪ' ਸੰਸਦ ਮੈਂਬਰ ਭਗਵੰਤ ਮਾਨ ਨੂੰ ਮੁੱਖ ਮੰਤਰੀ ਦਾ ਚਿਹਰਾ ਐਲਾਨਣਾ ਚਾਹੁੰਦੇ ਹਨ, ਪਰ ਮਾਨ ਨੇ ਫੈਸਲਾ ਪੰਜਾਬ ਦੇ ਲੋਕਾਂ 'ਤੇ ਛੱਡਣ 'ਤੇ ਜ਼ੋਰ ਦਿੱਤਾ।






# ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ ਦੌਰਾਨ

## "ਮੇਰੀ ਹੋਂਦ ਨੂੰ ਨਾ ਕਬੂਲਦੀ, ਮੇਰੀ ਆਪਣੀ ਹੀ ਜ਼ਮੀਨ" ਦੀ ਗੱਲ ਹੋਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਸਾਹਿਤ ਸਭਾ, ਕੈਲਗਰੀ ਦੀ ਮਾਸਕ ਮੀਟਿੰਗ 9 ਜਨਵਰੀ ਨੂੰ ਜ਼ੂਮ ਰਾਹੀਂ ਕੀਤੀ ਗਈ। ਇਸ ਪਾਵਨ ਦਿਹਾੜੇ ਤੇ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਸਾਰਿਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਅਤੇ ਨਵੇਂ ਸਾਲ ਦੀਆਂ ਮੁਬਾਰਕਾਂ ਦਿੱਤੀਆਂ । ਜਰਨੈਲ ਤੱਗੜ ਦੁਆਰਾ ਸਾਹਿਤਕਾਰ ਡਾ. ਕਰਨੈਲ ਸਿੰਘ ਥਿੰਦ ਅਤੇ ਡਾ. ਸੁਰਿੰਦਰ ਸਿੰਘ ਦੁਸਾਂਝ ਦੇ ਅਕਾਲ ਚਲਾਣੇ ਤੇ ਸ਼ੋਕ ਮਤਾ ਪੇਸ਼ ਕਰਨ ਉਪ੍ਰੰਤ ਸ਼ਰਧਾਂਜਲੀ ਭੇਟ ਕੀਤੀ ਗਈ। ਗੁਰਦਿਆਲ ਸਿੰਘ ਖਹਿਰਾ ਨੇ ਗੁਰੂ ਗੋਬਿੰਦ ਸਿੰਘ ਜੀ ਬਾਰੇ ਵੱਡਮੁੱਲੇ ਵਿਚਾਰ ਸਾਂਝੇ ਕਰ ਕੇ ਸਰਬੰਸਦਾਨੀ ਪ੍ਰਤੀ ਅਕੀਦਾ ਪੇਸ਼ ਕੀਤਾ। ਅਜਾਇਬ ਸਿੰਘ ਸੇਖੋਂ ਨੇ - ਨਵਾਂ ਸਾਲ ਤੇ ਗੁਰੂਬਾਣੀ - ਸਿਰਲੇਖ ਹੇਠ ਖੋਜ-ਭਰਪੂਰ ਨਿਬੰਧ ਪੜ੍ਹਿਆ। ਜਰਨੈਲ ਤੱਗੜ ਦੀ ਕਵਿਤਾ ਜ਼ਮੀਰਾਂ ਪ੍ਰਤੀ ਸੁਚੇਤ ਕਰ ਗਈ - ਝੂਠ ਫ਼ਰੇਬ ਨਾਲ ਭਰੇ ਲੋਕ, ਮਰੀ ਜ਼ਮੀਰ ਪਰ ਜਿਉਂਦੇ ਲੋਕ। ਵਿਦਵਾਨ ਦਾਰਸ਼ਨਿਕ ਡਾ. ਮਹਿੰਦਰ ਸਿੰਘ ਹੱਲ੍ਹਣ ਨੇ ਸੁਰਜੀਤ ਪਾਤਰ ਦੀ ਰਚਨਾ ਦਾ ਹਵਾਲਾ ਦਿੱਤਾ - ਬਲਦੇ ਹੱਥਾਂ ਨੇ ਜਿਹੜੇ ਹਵਾ ਵਿਚ ਲਿਖੇ, ਹਰਫ਼ ?ਹੀ ਹਮੇਸ਼ਾ ਲਿਖੇ ਰਹਿਣਗੇ। ਉਨ੍ਹਾਂ ਨੇ ਤਰਕ ਦਿੱਤਾ ਕਿ ਲਗਾਤਾਰ ਸੰਘਰਸ਼ ਤੋਂ ਬਿਨਾ ਕੋਈ ਅਹਿਮ ਪ੍ਰਾਪਤੀ ਨਹੀਂ ਹੋ ਸਕਦੀ। ਸੁਖਵਿੰਦਰ ਤੂਰ ਨੇ ਜਗਦੇਵ ਸਿੱਧੂ ਰਚਿਤ - ਕਿਸਾਨੀ ਅੰਦੋਲਨ ਦੀ ਵਾਰ - ਬੁਲੰਦ ਆਵਾਜ਼ ਵਿਚ ਗਾ ਕੇ ਜੋਸ਼ ਤੇ ਹੁਲਾਸ ਭਰ ਦਿੱਤਾ। ਰਾਮ ਸਰੂਪ ਸੈਣੀ ਨੇ ਸੁਰਿੰਦਰ ਗੀਤ ਦੀ ਗ਼ਜ਼ਲ ਤਰੱਨਮ ਵਿਚ ਪੇਸ਼ ਕਰ ਕੇ ਜਾਦੂ ਵਰਗਾ ਅਸਰ ਛੱਡ ਦਿੱਤਾ - ਕਿਸ ਤਰ੍ਹਾਂ ਦੇ ਹੋ ਗਏ ਨੇ ਲੋਕ ਤੇਰੇ ਸ਼ਹਿਰ ਦੇ। ਗੁਰਦਿਆਲ ਸਿੰਘ ਖਹਿਰਾ ਨੇ ਬਚਨ ਸਿੰਘ ਗੁਰਮ ਦੀ ਨਵੀਂ ਕਾਵਿ-ਪੁਸਤਕ, - ਕਾਇਨਾਤ - ਦੀ ਸਮੀਖਿਆ ਪੜ੍ਹੀ ਜਿਸ ਨੂੰ ਬਹੁਤ ਪਸੰਦ ਕੀਤਾ ਗਿਆ। ਉਪ੍ਰੰਤ ਗੁਰਮ ਨੇ ਆਪਣੀ ਗ਼ਜ਼ਲ ਦਾ ਉਚਾਰਨ ਕੀਤਾ - ਜ਼ਿੰਦਗੀ ਤੇਰਾ ਹਰ ਸਿਤਮ ਜਰਦੇ ਰਹੇ। ਫੇਰ ਵੀ ਤੇਰਾ ਹੀ ਦਮ ਭਰਦੇ ਰਹੇ। ਇਸ ਨੇ ਖ਼ੂਬ ਦਾਦ ਬਟੋਰੀ। ਡਾ. ਰਾਜਵੰਤ ਕੌਰ ਮਾਨ ਨੇ ਜ਼ਿੰਦਗੀ ਦੇ ਕਈ ਪਹਿਲੂਆਂ ਨੂੰ ਉਜਾਗਰ ਕਰਦੀ ਕਵਿਤਾ ਉਚਾਰੀ - ਜ਼ਿੰਦਗੀ ਦੇ ਰੰਗ ਨੇ ਹਜ਼ਾਰ ਸਾਥੀ?। ਜਗਜੀਤ ਰਹਿਸੀ ਦੇ ਖ਼ੂਬਸੂਰਤ ਸ਼ਿਅਰਾਂ ਵਿੱਚੋਂ ਇੱਕ ਇਹ ਵੀ ਸੀ - ਅਸੀਂ ਟੁੱਟਦੇ ਟੁੱਟਦੇ ਟੁੱਟ ਗਏ। ਇੱਕ ਗ਼ਲਤ ਕਦਮ ਸੀ ਪੁੱਟ ਗਏ। ਜਗਦੇਵ ਸਿੱਧੂ ਨੇ ਪਿਛਲੇ ਸਾਲ ਦੀਆਂ ਸਾਹਿਤਕ ਰਚਨਾਵਾਂ ਦਾ ਸੰਖੇਪ ਬਿਓਰਾ ਦਿੰਦਿਆਂ ਸਭਾ ਦੀ ਪ੍ਰਧਾਨ ਸੁਰਿੰਦਰ ਗੀਤ ਦੇ ਕੁੱਲ ਨੌਂ ਕਾਵਿ-ਸੰਗ੍ਰਹਿਆਂ ਵਿੱਚੋਂ ਦੋ ਕਾਵਿ-ਸੰਗ੍ਰਹਿ - ਗੁਸਤਾਖ਼ ਹਵਾ,- ਖੇਤਾਂ ਦਾ ਸਫ਼ਰ - ਪਿਛਲੇ ਸਾਲ ਵਿੱਚ ਪ੍ਰਕਾਸ਼ਤ ਹੋਣ ਬਾਰੇ ਦੱਸਿਆ। ਉਸੇ ਸਾਲ ਉੱਚ ਕੋਟੀ ਦੇ ਵਿਦਵਾਨਾਂ ਦੇ ਲਿਖੇ ਹੋਏ ਆਲੋਚਨਾਤਮਕ ਲੇਖਾਂ ਦੀ ਪੁਸਤਕ - ਸੁਰਿੰਦਰ ਗੀਤ . ਕਾਵਿ ਦ੍ਰਿਸ਼ਟੀ ਤੇ ਸੰਵਾਦ - ਪ੍ਰਕਾਸ਼ਿਤ ਹੋਣ ਬਾਰੇ ਦੱਸਿਆ ਕਿ ਇਸ ਨੂੰ ਹਿਮਾਚਲ ਪ੍ਰਦੇਸ਼ ਕੇਂਦਰੀ ਯੂਨੀਵਰਸਿਟੀ , ਧਰਮਸ਼ਾਲਾ ਵਿਖੇ ਪੰਜਾਬੀ ਤੇ ਡੋਗਰੀ ਦੇ ਪ੍ਰੋਫੈਸਰ, ਡਾ. ਨਰੇਸ਼ ਕੁਮਾਰ ਨੇ ਸੰਪਾਦਿਤ ਕੀਤਾ ਹੈ। ਇਸ ਵਿਚ ਜਿਹੜੇ 19 ਵਿਦਵਾਨਾਂ ਦੇ ਲੇਖ ਹਨ, ਉਨ੍ਹਾਂ ਵਿਚ ਸੁਰਜੀਤ ਪਾਤਰ, ਡਾ. ਹਰਿਭਜਨ ਸਿੰਘ ਭਾਟੀਆ, ਡਾ. ਸੁਖਦੇਵ ਸਿੰਘ ਸਿਰਸਾ, ਡਾ. ਸੁਰਜੀਤ ਬਰਾੜ, ਡਾ. ਮੋਹਨ ਸਿੰਘ ਤਿਆਗੀ ਵਰਗੇ ਸਾਹਿਤਕਾਰ ਸ਼ਾਮਲ ਹਨ। ਇਸ ਜਾਣਕਾਰੀ ਨੂੰ ਸਭਾ ਵਾਸਤੇ ਗੌਰਵ ਵਾਲੀ ਪ੍ਰਾਪਤੀ ਵਜੋਂ ਲਿਆ ਗਿਆ। ਮਨਜੀਤ ਬਰਾੜ ਦਾ ਗੀਤ - ਕੰਮ ਤੇ ਜਾਣਾ ਪੈਂਦਾ ਹੈ - ਹਸਾ ਵੀ ਗਿਆ ਤੇ ਗੰਭੀਰ ਵੀ ਕਰ ਗਿਆ। ਸੁਰਿੰਦਰ ਗੀਤ ਨੇ ਆਪਣੀ ਗ਼ਜ਼ਲ ਤਰੱਨਮ ਵਿਚ ਪੇਸ਼ ਕੀਤੀ - ਮੇਰੀ ਹੋਂਦ ਨੂੰ ਨਾ ਕਬੂਲਦੀ, ਮੇਰੀ ਆਪਣੀ ਹੀ ਜ਼ਮੀਨ ਹੈ। ਉਸ ਨੇ ਬਤੌਰ ਪ੍ਰਧਾਨ ਸਾਰੀਆਂ ਪੇਸ਼ਕਾਰੀਆਂ ਦੇ ਮਿਆਰੀ ਹੋਣ ਲਈ ਤਾਰੀਫ਼ ਕੀਤੀ ਅਤੇ ਸਭ ਦਾ ਦਿਲੋਂ ਧੰਨਵਾਦ ਕੀਤਾ।






# ਕੋਰੋਨਾ ਮਹਾਂਮਾਰੀ ਤੋਂ ਬਾਅਦ 99% ਲੋਕਾਂ ਦੀ ਘਟੀ ਕਮਾਈ, 16 ਕਰੋੜ ਲੋਕ ਹੋਏ ਗ਼ਰੀਬ..



ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ) ਆਕਸਫੈਮ ਇੰਟਰਨੈਸ਼ਨਲ ਦੀ ਕਾਰਜਕਾਰੀ ਨਿਰਦੇਸ਼ਕ ਗੈਬਰੀਲਾ ਬੁਚਰ ਨੇ ਕਿਹਾ, 'ਦੁਨੀਆ ਦੇ ਚੋਟੀ ਦੇ ਦਸ ਅਮੀਰਾਂ ਕੋਲ ਸਭ ਤੋਂ ਗਰੀਬ 3.1 ਅਰਬ ਲੋਕਾਂ ਨਾਲੋਂ ਛੇ ਗੁਣਾ ਜ਼ਿਆਦਾ ਦੌਲਤ ਹੈ।' ਉਨ੍ਹਾਂ ਕਿਹਾ ਕਿ ਮਹਾਂਮਾਰੀ ਦੇ ਪਿਛਲੇ ਦੋ ਸਾਲਾਂ ਵਿੱਚ ਅਰਬਪਤੀਆਂ ਦੀ ਦੌਲਤ ਵਿੱਚ ਪਿਛਲੇ 14 ਸਾਲਾਂ ਦੇ ਮੁਕਾਬਲੇ ਤੇਜ਼ੀ ਨਾਲ ਵਾਧਾ ਹੋਇਆ ਹੈ।

ਆਕਸਫੈਮ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਮਹਾਂਮਾਰੀ ਦੇ ਦੋ ਸਾਲਾਂ ਵਿੱਚ 16 ਕਰੋੜ ਤੋਂ ਵੱਧ ਲੋਕ ਗਰੀਬੀ ਲਈ ਮਜਬੂਰ ਹੋਏ ਹਨ। ਆਕਸਫੈਮ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਮਹਾਂਮਾਰੀ ਦੇ ਦੋ ਸਾਲਾਂ ਵਿੱਚ 16 ਕਰੋੜ ਤੋਂ ਵੱਧ ਲੋਕ ਗਰੀਬੀ ਲਈ ਮਜਬੂਰ ਹੋਏ ਹਨ।

ਕੋਰੋਨਾ ਵਾਇਰਸ ਮਹਾਂਮਾਰੀ ਦੇ ਪਹਿਲੇ ਦੋ ਸਾਲਾਂ ਵਿੱਚ, ਦੁਨੀਆ ਦੇ 99 ਪ੍ਰਤੀਸ਼ਤ ਲੋਕਾਂ ਦੀ ਆਮਦਨ ਵਿੱਚ ਕਮੀ ਆਈ ਹੈ ਅਤੇ 16 ਕਰੋੜ ਤੋਂ ਵੱਧ ਲੋਕ 'ਗਰੀਬ' ਦੀ ਸ਼੍ਰੇਣੀ ਵਿੱਚ ਆ ਗਏ ਹਨ। ਹਾਲਾਂਕਿ, ਬਹੁਤ ਹੀ ਅਮੀਰ ਲੋਕਾਂ ਦੀ ਆਮਦਨ 'ਤੇ ਕੋਰੋਨਾ ਮਹਾਮਾਰੀ ਦਾ ਕੋਈ ਅਸਰ ਨਹੀਂ ਹੋਇਆ ਅਤੇ ਦੁਨੀਆ ਦੇ 10 ਸਭ ਤੋਂ ਅਮੀਰ ਲੋਕਾਂ ਦੀ ਦੌਲਤ ਇਸ ਸਮੇਂ ਦੌਰਾਨ 1.3 ਬਿਲੀਅਨ ਡਾਲਰ (9,000 ਕਰੋੜ ਰੁਪਏ) ਪ੍ਰਤੀ ਦਿਨ ਦੀ ਦਰ ਨਾਲ ਵਧ ਕੇ 1,500 ਅਰਬ ਡਾਲਰ (111 ਲੱਖ ਕਰੋੜ ਰੁਪਏ ਤੋਂ ਵੱਧ) ਤੱਕ ਪਹੁੰਚ ਗਈ ਹੈ। ਇਹ ਜਾਣਕਾਰੀ ਆਕਸਫ਼ੈਮ ਇੰਟਰਨੈਸ਼ਨਲ ਨਾਂ ਦੀ ਸੰਸਥਾ ਦੀ ਰਿਪੋਰਟ ਤੋਂ ਮਿਲੀ ਹੈ। ਸਵਿਟਜ਼ਰਲੈਂਡ ਦੇ ਦਾਵੋਸ ਵਿੱਚ ਵਿਸ਼ਵ ਆਰਥਿਕ ਫੋਰਮ ਦੇ ਸਿਖਰ ਸੰਮੇਲਨ ਦੇ ਪਹਿਲੇ ਦਿਨ 'ਇਨਕੁਆਲਿਟੀ ਕਿਲਜ਼' ਸਿਰਲੇਖ ਵਾਲੀ ਰਿਪੋਰਟ ਜਾਰੀ ਕੀਤੀ ਗਈ। ਆਕਸਫੈਮ ਇੰਟਰਨੈਸ਼ਨਲ ਨੇ ਕਿਹਾ ਕਿ ਅਸਮਾਨਤਾ ਰੋਜ਼ਾਨਾ ਘੱਟੋ-ਘੱਟ 21,000 ਲੋਕਾਂ ਦੀ ਮੌਤ ਕਰ ਰਹੀ ਹੈ, ਜਾਂ ਹਰ ਚਾਰ ਸਕਿੰਟ ਵਿੱਚ ਇੱਕ ਵਿਅਕਤੀ।







# ਫਾਰਮੇਸੀਆਂ ਕੋਲ ਵੀ ਦਵਾਈਆਂ ਮੁੱਕ ਚੱਲੀਆਂ ਹਨ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਅਤੇ ਸੈਸਕੈਚੇਵਾਨ ਵਿੱਚ ਕਈ ਫਾਰਮੇਸੀਆਂ ਕੋਲ ਦਵਾਈਆਂ ਦੀ ਕਮੀ ਹੋ ਗਈ ਦੱਸੀ ਜਾਂਦੀ ਹੈ। ਇਹਨਾਂ ਫਾਰਮੇਸੀਆਂ ਦਾ ਕਹਿਣਾ ਹੈ ਕਿ ਹੁਣ ਕਈ ਮਰੀਜ਼ਾਂ ਕੋਲ ਉਹਨਾਂ ਦੀ ਦਵਾਈ ਖ਼ਤਮ ਵੀ ਹੋ ਗਈ ਹੈ ਤੇ ਰੀ-ਫਿਲ ਦਾ ਕੰਮ ਰੁਕ ਗਿਆ ਹੈ। ਦਵਾਈਆਂ ਦੀ ਹੋਲ-ਸੇਲਰ ਕੰਪਨੀ, ਮੈਕ-ਕੈਸਨ ਵੱਲੋਂ ਡਿਸਟ੍ਰੀਬਿਊਸ਼ਨ ਕੰਪਨੀਆਂ ਬਦਲ ਲੈਣ ਕਾਰਨ ਇਹ ਪੰਗਾ ਪਿਆ ਦੱਸਿਆ ਜਾਂਦਾ ਹੈ। ਮੈਕ-ਕੈਸਨ ਕੰਪਨੀ ਵਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਮੈਨਡੈਮਿਕ ਕਾਰਨ ਬਾਕੀ ਬਿਜ਼ਨਿਸਿਜ਼ ਵਾਂਗ ਉਹਨਾਂ ਦਾ ਕੰਮ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ ਤੇ ਉਹਨਾਂ ਦੇ ਔਪਰੇਸ਼ਨਜ਼ ਵਿੱਚ ਅਚਾਨਕ ਵਧੀਆਂ ਗ਼ੈਰ-ਹਾਜ਼ਰੀਆਂ ਕਾਰਨ ਸਪਲਾਇ ਚੇਨ ਵਿੱਚ ਵੱਡੀ ਰੁਕਾਵਟ ਆ ਗਈ ਹੈ। ਬ੍ਰਿਟਿਸ਼ ਕੋਲੰਬੀਆ ਵਿੱਚ ਲੱਗੀ ਐਮਰਜੰਸੀ, ਲੌਜਿਸਟਿਕਸ ਦਾ ਹੋਇਆ ਨੁਕਸਾਨ, ਫੈਸਿਲਿਟੀ ਦਾ ਸਥਾਨ ਤਬਦੀਲ ਕਰਨ ਅਤੇ ਆਇਸੋਲੇਸ਼ਨ ਦੇ ਮਾਮਲਿਆਂ ਨੇ ਸਾਰਾ ਸਿਸਟਮ ਤਹਿਸ ਨਹਿਸ ਕਰ ਦਿੱਤਾ ਹੈ ਜਿਸ ਕਰਕੇ ਇਹ ਰੁਕਾਵਟ ਆਈ ਹੈ ਤੇ ਇਸ ਨੂੰ ਜਲਦੀ ਦੂਰ ਕਰ ਲਿਆ ਜਾਵੇਗਾ।

# ਨਵੀਆਂ ਟਰੇਲ ਬਣਾਏ ਜਾਣ ਸਬੰਧੀ 24 ਜਨਵਰੀ ਤੱਕ ਲੋਕ ਰਾਇ ਮੰਗੀ ਐ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਪੱਛਮ ਵੱਲ ਪੈਂਦੇ ਕਸਬੇ ਬ੍ਰੈਗ ਕ੍ਰੀਕ ਵਿਚਲੀਆਂ ਪ੍ਰਸਿੱਧ ਟ੍ਰੇਲਜ਼ ਸੰਬੰਧੀ ਸੂਬਾ ਵਾਸੀਆਂ ਨੂੰ ਐਲਬਰਟਾ ਸਰਕਾਰ ਨੇ ਫੀਡਬੈਕ ਦੇਣ ਨੂੰ ਕਿਹਾ ਹੈ। ਵੈਸਟ ਬ੍ਰੈਗ ਕ੍ਰੀਕ ਟ੍ਰੇਲਜ਼ ਐਸੋਸਿਏਸ਼ਨ ਦੇ ਮੁਖੀ ਕੌਨਰੈਡ ਸ਼ੀਬੈੱਲ ਦਾ ਕਹਿਣਾ ਹੈ ਕਿ ਇੱਥੇ ਨਵਾਂ ਮਾਸਟਰ ਪਲੈਨ ਬਣਾਇਆ ਜਾ ਰਿਹਾ ਹੈ। ਇੱਕ ਦਹਾਕਾ ਪਹਿਲਾਂ ਇਸ ਖੇਤਰ ਦੀ ਯੋਜਨਾਬੰਦੀ ਹੋਈ ਸੀ। ਇਥੇ ਪ੍ਰਸਿੱਧ ਕ੍ਰੌਸ-ਕੰਟਰੀ ਸਕੀਇੰਗ, ਹੌਰਸਬੈਕ ਰਾਇਡਿੰਗ, ਸਨੋਅ-ਸ਼ੂਇੰਗ, ਬਾਇਕਿੰਗ ਅਤੇ ਟ੍ਰੇਲ ਰਨਿੰਗ ਲਈ ਪਲੈਨ ਬਣਾਇਆ ਗਿਆ ਸੀ ਜਿਸ ਨੂੰ ਹੁਣ ਨਵੇਂ ਸਿਰਿਓਂ ਤਿਆਰ ਕੀਤਾ ਜਾਣ ਲੱਗਿਆ ਹੈ। ਇਸ ਇਲਾਕੇ ਵਿੱਚ ਹਰ ਸਾਲ 3 ਲੱਖ ਤੋਂ ਜ਼ਿਆਦਾ ਲੋਕ ਰੈਕ੍ਰਿਏਸ਼ਨਲ ਗਤੀਵਿਧੀਆਂ ਵਾਸਤੇ ਆਉਂਦੇ ਹਨ ਤੇ ਨਵੀਆਂ ਟ੍ਰੇਲਜ਼ ਬਣਾਏ ਜਾਣ ਦੀ ਵੀ ਯੋਜਨਾ ਹੈ। ਇਸ ਸੰਬੰਧੀ ਸੂਬਾ ਵਾਸੀ ਆਪਣੀ ਰਾਇ ਔਨ-ਲਾਇਨ ਦੇ ਸਕਦੇ ਹਨ ਤੇ ਰਾਇ ਦੇਣ ਦਾ ਇਹ ਕੰਮ 24 ਜਨਵਰੀ ਤੱਕ ਚੱਲੇਗਾ।

# ਅਮਰੀਕਾ ਨੇ ਆਪਣੇ ਨਾਗਰਿਕਾਂ ਨੂੰ ਕਨੇਡਾ ਦੀ ਯਾਤਰਾ ਨਾ ਕਰਨ ਦੀ ਸਲਾਹ ਜਾਰੀ ਕੀਤੀ ਹੈ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਅਮੈਰਿਕਾ ਦੇ ਸੈਂਟਰਜ਼ ਫੌਰ ਡਿਜ਼ੀਜ਼ ਕੰਟਰੋਲ ਐਂਡ ਪ੍ਰਿਵੈਂਸ਼ਨ - ਸੀ.ਡੀ.ਸੀ. ਨੇ ਆਪਣੇ ਨਾਗਰਿਕਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਔਮਿਕ੍ਰੌਨ ਵੇਰੀਐਂਟ ਅਤੇ ਕੋਰੋਨਾ ਵਾਇਰਸ ਦੇ ਫੈਲਾਅ ਦੇ ਮੱਦੇਨਜ਼ਰ ਕੈਨੇਡਾ ਦੀ ਯਾਤਰਾ ਨਾ ਕਰਨ। ਆਪਣੇ ਨਾਗਰਿਕਾਂ ਨੂੰ ਸਲਾਹ ਦਿੰਦਿਆਂ ਸੀ.ਡੀ.ਸੀ. ਨੇ ਕਿਹਾ ਹੈ ਕਿ ਕੈਨੇਡਾ ਵਿੱਚ ਇਸ ਵਾਇਰਸ ਦੇ ਫੈਲਾਅ ਦਾ ਬਹੁਤ ਜ਼ਿਆਦਾ ਖ਼ਤਰਾ ਹੈ। ਕੁੱਲ 80 ਦੇਸ਼ਾਂ ਦੀ ਸੂਚੀ ਬਣਾਈ ਗਈ ਹੈ ਜਿਸ ਵਿੱਚ ਕੈਨੇਡਾ ਦੇ ਨਾਲ-ਨਾਲ ਇੰਗਲੈਂਡ, ਇਟਲੀ ਅਤੇ ਫ਼ਰਾਂਸ ਵੀ ਸ਼ਾਮਿਲ ਹਨ। ਕੈਨੇਡਾ ਵੱਲੋਂ ਅਮੈਰਿਕਨ ਟਰੱਕ ਡ੍ਰਾਇਵਰਾਂ ‘ਤੇ 15 ਜਨਵਰੀ ਤੋਂ ਪੂਰੀ ਤਰ੍ਹਾਂ ਵੈਕਸਿਨੇਟ ਹੋ ਕੇ ਹੀ ਆਉਣ ਦਾ ਆਦੇਸ਼ ਜਾਰੀ ਕਰਨ ਮਗਰੋਂ ਅਮੈਰਿਕਾ ਨੇ 22 ਜਨਵਰੀ ਤੋਂ ਠੀਕ ਉਸੇ ਤਰ੍ਹਾਂ ਦੇ ਹੁਕਮ ਕੈਨੇਡੀਅਨ ਟਰੱਕ ਡ੍ਰਾਇਵਰਾਂ ਲਈ ਜਾਰੀ ਕਰ ਦਿੱਤੇ ਹਨ।

## ਵੈਕਸੀਨ ਟੈਕਸ ਦੇ ਫੈਸਲੇ ਉੱਪਰ ਟਰੂਡੋ ਵੱਲੋਂ ਮੋਹਰ ਲਾਉਣ ਤੋਂ ਨਾਂਹ ਹੋ ਗਈ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਪ੍ਰਾਇਮ ਮਨਿਸਟਰ ਜਸਟਿਨ ਟਰੂਡੋ ਨੇ ਕਿਊਬੈਕ ਸਰਕਾਰ ਵੱਲੋਂ ਨੌਨ-ਕੌਂਪਲਾਇੰਸ ਵੈਕਸਿਨ ਟੈਕਸ ਲਗਾਏ ਜਾਣ ਦੇ ਫੈਸਲੇ ‘ਤੇ ਆਪਣੇ ਵੱਲੋਂ ਮੁਹਰ ਲਗਾਉਣ ਤੋਂ ਨਾਂਹ ਕਰ ਦਿੱਤੀ ਹੈ। ਪ੍ਰਾਇਮ ਮਨਿਸਟਰ ਦਾ ਕਹਿਣਾ ਹੈ ਕਿ ਇਹ ਨਵੀਂ ਧਾਰਨਾ ਹੈ ਤੇ ਇਸ ਵਾਰੇ ਹੋਰ ਜ਼ਿਆਦਾ ਅਧਿਐਨ ਕਰਨ ਦੀ ਲੋੜ ਹੈ। ਨਾਲ ਹੀ ਉਹਨਾਂ ਕਿਹਾ ਕਿ ਕੋਈ ਵੀ ਟੈਕਸ, ਕੈਨੇਡਾ ਹੈਲਥ ਐਕਟ ਨਾਲ ਮੇਲ ਖਾਂਦਾ ਹੋਣਾ ਚਾਹੀਦਾ ਹੈ।

# ਹੁਣ ਹਰ ਸਾਲ 26 ਦਸੰਬਰ ਵਾਲੇ ਦਿਨ ਸਾਹਿਬਜਾਦਿਆਂ ਦੀ ਯਾਦ ਵਿੱਚ “ਵੀਰ ਬਾਲ ਦਿਵਸ” ਮਨਾਇਆ ਜਾਵੇਗਾ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ ਐਲਾਨ ਕਰਦਿਆਂ ਕਿਹਾ ਹੈ ਕਿ ਇਸੇ ਸਾਲ ਤੋਂ 26 ਦਸੰਬਰ ਨੂੰ ਦੇਸ਼ ਭਰ ਵਿੱਚ ਸਾਹਿਬਜ਼ਾਦਿਆਂ ਦੀ ਕੁਰਬਾਨੀ ਦੀ ਯਾਦ ਵਿੱਚ ‘ਵੀਰ ਬਾਲ ਦਿਵਸ’ ਮਨਾਇਆ ਜਾਵੇਗਾ। ਇਹ ਸਾਹਿਬਜ਼ਾਦਿਆਂ ਦੀ ਹਿੰਮਤ ਅਤੇ ਉਨ੍ਹਾਂ ਦੀ ਨਿਆਂ ਦੀ ਭਾਲ ਲਈ ਢੁੱਕਵੀਂ ਸ਼ਰਧਾਂਜਲੀ ਹੋਵੇਗੀ। ਇਸ ਗੱਲ ਦੀ ਮੰਗ ਭਾਵੇਂ ਕਾਫੀ ਚਿਰ ਤੋਂ ਹੋ ਰਹੀ ਸੀ ਪਰ ਐਸ.ਜੀ.ਪੀ.ਸੀ. ਨੇ ‘ਵੀਰ ਬਾਲ ਦਿਵਸ’ ਸ਼ਬਦਾਂ ਦੀ ਚੋਣ ‘ਤੇ ਇਤਰਾਜ਼ ਕਰਦਿਆਂ ਕਿਹਾ ਹੈ ਕਿ ਸ਼ਾਹਿਬਜ਼ਾਦਿਆਂ ਲਈ ‘ਬਾਬਾ’ ਸ਼ਬਦ ਦੀ ਵਰਤੋਂ ਹੋਣੀ ਚਾਹੀਦੀ ਸੀ।

## ਭਾਰਤ ਤੋਂ ਗਲਤ ਢੰਗ ਨਾਲ ਵਿਦਿਆਰਥੀਆਂ ਬੁਲਾਉਣ ਵਾਲੇ 10 ਕਾਲਿਜ ਸਸਪੈਂਡ ਹੋ ਗਏ ਹਨ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਕੋਰੋਨਾ ਵਾਇਰਸ ਕਾਰਨ ਪੈਦਾ ਹੋਈ ਸਥਿਤੀ ਦੇ ਚੱਲਦਿਆਂ ਕਿਊਬੈਕ ਦੇ 3 ਕਾਲਜਾਂ ਨੇ ਅਦਾਲਤ ਤੋਂ ਕ੍ਰੈਡਿਟਰਜ਼ ਪ੍ਰੋਟੈਕਸ਼ਨ ਦੀ ਮੰਗ ਕੀਤੀ ਹੈ ਕਿਉਂਕਿ ਸੈਂਕੜੇ ਇੰਟਰਨੈਸ਼ਨਲ ਸਟੂਡੈਂਟਾਂ ਨੇ ਇਹਨਾਂ ਕਾਲਿਜਾਂ ਤੋਂ ਆਪਣੀਆਂ ਫੀਸਾਂ ਦੀ ਵਾਪਸੀ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ ਹੈ। ਮੌਂਟਰੀਆਲ ਦੀ ਇੱਕ ਰਿਕ੍ਰੂਟਿੰਗ ਫ਼ਰਮ ਰਾਇਜ਼ਿੰਗ ਫੀਨਿਕਸ ਇੰਟਰਨੈਸ਼ਨਲ ਨੇ ਵੀ ਇਸੇ ਤਰ੍ਹਾਂ ਦਾ ਲਾਭ ਲੈਣ ਲਈ ਅਦਾਲਤ ਦਾ ਬੂਹਾ ਖੜਕਾਇਆ ਹੈ। ਸਾਲ 2020 ਵਿੱਚ ਇਹਨਾਂ 3 ਕਾਲਿਜਾਂ ਸਮੇਤ 10 ਪ੍ਰਾਇਵੇਟ ਕਾਲਿਜਾਂ ਨੂੰ ਸਸਪੈਂਡ ਕਰ ਦਿੱਤਾ ਗਿਆ ਸੀ ਕਿਉਂਕਿ ਇਹਨਾਂ ਨੇ ਕਥਿੱਤ ਗ਼ਲਤ ਢੰਗ ਨਾਲ ਭਾਰਤ ਤੋਂ ਵਿਦਿਆਰਥੀ ਦਾਖ਼ਲ ਕੀਤੇ ਸਨ।

ਪਿਛਲੇ ਸਾਲ ਦੇ ਸ਼ੁਰੂ ਵਿੱਚ ਇਹਨਾਂ ਦੀ ਸਸਪੈਂਸ਼ਨ ਖ਼ਤਮ ਹੋ ਗਈ ਸੀ ਤੇ ਵਿਦਿਆਰਥੀਆਂ ਨੇ ਫੀਸਾਂ ਵਾਪਸ ਮੰਗ ਲਈਆਂ ਸਨ। ਇਹਨਾਂ ਕਾਲਿਜਾਂ ਦਾ ਕਹਿਣਾ ਹੈ ਕਿ ਰੀਫੰਡ ਕਰਨਾ ਮੁਸ਼ਕਿਲ ਹੈ ਜਿਸ ਕਰਕੇ ਉਹਨਾਂ ਨੂੰ ਕ੍ਰੈਡਿਟਰਜ਼ ਪ੍ਰੋਟੈਕਸ਼ਨ ਦਿੱਤੀ ਜਾਵੇ।

## ਯੂ ਪੀ ਦੇ ਸਿਆਸੀ ਯੋਗੀ ਦੀ ਪਟਾਰੀ ਵਿੱਚੋਂ 10 ਐਮ ਐਲ ਏ ਭੱਜ ਗਏ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਭਾਰਤੀ ਸੂਬੇ ਉੱਤਰ ਪ੍ਰਦੇਸ਼ ਵਿੱਚ ਵਿਧਾਨਸਭਾ ਚੋਣਾਂ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ ਛੱਡ ਕੇ ਸਮਾਜਵਾਦੀ ਪਾਰਟੀ ਵਿੱਚ ਜਾਣ ਦਾ ਵਿਧਾਇਕਾਂ ਦਾ ਸਿਲਸਿਲਾ ਰੁਕ ਨਹੀਂ ਰਿਹਾ ਹੈ ਤੇ ਹੁਣ ਤਕ 10 ਐਮਐਲਏ’ਜ਼ ਪਾਰਟੀ ਛੱਡ ਗਏ ਹਨ। ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਸੁਧਾ ਪਾਇ ਮੁਤਾਬਕ ਯੂਪੀ ਵਿੱਚ ਸਰਕਾਰ ਯੋਗੀ ਆਦਿੱਤਿਆਨਾਥ ਚਲਾ ਰਹੇ ਹਨ ਜੋ ਕਿ ਪਾਰਟੀ ਦੇ ਸਭ ਤੋਂ ਜ਼ਿਆਦਾ ਧਰੁਵੀਕਰਨ ਕਰਨ ਵਾਲੇ ਆਗੂ ਹਨ। ਮੱਠ ਦੇ ਸਾਧੂ ਤੋਂ ਸਿਆਸੀ ਆਗੂ ਬਣੇ ਯੋਗੀ ਦੇ ਮੁਸਲਮਾਨਾਂ ਖ਼ਿਲਾਫ਼ ਬਿਆਨ ਕੱਟੜ ਹਿੰਦੂ ਵੋਟ ਨੂੰ ਆਪਣੇ ਵੱਲ ਕਰਨ ਦਾ ਜ਼ਰੀਆ ਹਨ ਤੇ ਬਹੁਤ ਲੋਕ ਇਸੇ ਧਰੁਵੀਕਰਨ ਤੋਂ ਤੰਗ ਮੰਨੇ ਜਾ ਰਹੇ ਹਨ।

Sidhu Accounting & Financial Services
Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact: DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੈਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

ਪੁਰਾਣੀ ਕਾਰ ਘਰੋਂ ਚੁੱਕਵਾਓ-ਵਧੀਆ ਡਾਲਰ ਜੇਬ ਵਿੱਚ ਪਾਓ
ਡਾਲੇ ਵਾਲੇ ਗਿੱਲ ਭਰਾਵਾਂ ਦੀਆਂ ਸੇਵਾਵਾਂ ਤੁਹਾਡੀ ਸੇਵਾ ਵਿੱਚ
BLACK DIAMOND
Auto Parts & Recycling
We sell quality used Auto Parts for Cars, Trucks and Vans
We Buy Scrap Cars
#2, 168 Street W
Black Diamond, AB
www.RetireMyCar.com
Ph: 403-561-0126
Ph: 403-999-0127
ਇੰਜਣ, ਟਰਾਂਸਮਿਸ਼ਨ, ਟਾਇਰ ਗੱਲ ਕੀ ਹਰ ਕਿਸਮ ਦੀਆਂ ਗੱਡੀਆ ਦੇ ਹਰ ਕਿਸਮ ਦੇ ਸਪੇਅਰ ਪਾਰਟਸ ਅਤੇ ਨਵੀਂ ਨਕੋਰ ਲੁੱਕ ਵਾਲੀਆ ਪੁਰਾਣੀਆਂ ਕਾਰਾਂ ਤੁਹਾਡੇ ਬੱਜਟ ਅਨੁਸਾਰ ਲਵੋ।
ਰਾਜ ਗਿੱਲ ਨੂੰ ਫੋਨ ਘੁੰਮਾਓ - ਝੱਟ ਕਾਰ ਦੇ ਮਾਲਕ ਬਣ ਜਾਓ

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

INDIA PALACE
Restaurant & Sweets
ਤੁਹਾਡੇ ਏਰੀਏ ਵਿੱਚ ਈਸਟ ਇੰਡੀਅਨ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗੱਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
We do Catering for all Occasions Call us for Advance Booking!
Lunch Special : 7 Days A Week
10% OFF for Catering only
Now We Open 7 Days a week
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

Punjabi Chulha ਪੰਜਾਬੀ ਚੁੱਲ੍ਹਾ
Restaurant & Sweet Shop
We Do Take-Out & Catering For All Events
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੇ ਨਾ ਡਰੋ!
“ਪੰਜਾਬੀ ਚੁੱਲੇ” ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ!
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ!
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ!
ਪੰਜਾਬੀ ਚੁੱਲ੍ਹਾ ਰੈਸਟੋਰੈਂਟ
ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।
83 Martindale Blvd NE Calgary, AB T3J 3M7
P: 403-453-9000 / C:403-477-5142

## ਸੰਪਾਦਕੀ



**ਸਬਰ ਬਹੁਤ ਵੱਡੀ ਚੀਜ਼ ਹੈ**
**ਜੋ ਕਰ ਗਿਆ, ਉਹ ਤਰ ਗਿਆ**

# ਭਗਵੰਤ ਮਾਨ ਮੁੱਖ ਮੰਤਰੀ ਦਾ ਚਿਹਰਾ

ਲੰਬੀ ਉਡੀਕ ਤੋਂ ਬਾਅਦ ਆਖਿਰਕਾਰ ਆਮ ਆਦਮੀ ਪਾਰਟੀ ਨੇ ਭਗਵੰਤ ਮਾਨ ਨੂੰ ਮੁੱਖ ਮੰਤਰੀ ਦਾ ਚਿਹਰਾ ਐਲਾਨ ਦਿੱਤਾ ਹੈ। ਇਸ ਨਾਲ ਹੁਣ ਆਪ ਵਿੱਚ ਜਿਹੜੀ ਭੰਬਲਭੂਸੇ ਦੀ ਸਥਿਤੀ ਬਣੀ ਹੋਈ ਸੀ ਉਹ ਸਪਸ਼ਟ ਹੋ ਗਈ ਹੈ। ਪੰਜਾਬ ਅੰਦਰ ਮੁੱਦਿਆਂ ਨਾਲੋਂ ਚਿਹਰਿਆਂ ਦੀ ਸਿਆਸਤ ਹਮੇਸ਼ਾ ਭਾਰੂ ਰਹੀ ਹੈ। ਇਸੇ ਕਰਕੇ ਹਰ ਪਾਰਟੀ ਤੋਂ ਇਹ ਸਵਾਲ ਪੁੱਛਿਆ ਜਾਂਦਾ ਹੈ ਕਿ ਤੁਹਾਡਾ ਮੁੱਖ ਮੰਤਰੀ ਦਾ ਉਮੀਦਵਾਰ ਕੌਣ ਹੋਵੇਗਾ। ਪਾਰਟੀਆਂ ਆਪਣੀ ਸਹੂਲਤ ਮੁਤਾਬਿਕ ਉਮੀਦਵਾਰ ਐਲਾਨਦੀਆਂ ਰਹੀਆਂ ਹਨ ਅਤੇ ਕਈ ਵਾਰ ਚੋਣਾਂ ਤੋਂ ਪਹਿਲਾਂ ਉਮੀਦਵਾਰ ਬਾਰੇ ਐਲਾਨ ਕਰਨ ਤੋਂ ਗੁਰੇਜ਼ ਕੀਤਾ ਜਾਂਦਾ ਰਿਹਾ ਹੈ। ਕੈਪਟਨ ਅਮਰਿੰਦਰ ਸਿੰਘ ਨੇ 2017 ਵਿਚ ਕਾਂਗਰਸ ਹਾਈਕਮਾਨ ’ਤੇ ਦਬਾਅ ਪਾ ਕੇ ਆਪਣੇ ਆਪ ਨੂੰ ਮੁੱਖ ਮੰਤਰੀ ਦਾ ਚਿਹਰਾ ਐਲਾਨਣ ਲਈ ਮਜਬੂਰ ਕੀਤਾ ਸੀ। ਇਸ ਵਾਰ ਕਾਂਗਰਸ ਚਿਹਰਾ ਐਲਾਨਣ ਤੋਂ ਝਿਜਕ ਰਹੀ ਹੈ ਪਰ ਨਵਜੋਤ ਸਿੱਧੂ ਲਗਾਤਾਰ ਚਿਹਰਾ ਐਲਾਨਣ ਉੱਤੇ ਜ਼ੋਰ ਦੇ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ੁਰੂ ਤੋਂ ਹੀ ਬਾਦਲ ਪਰਿਵਾਰ ਦੇ ਦਬਦਬੇ ਕਾਰਨ ਮੁੱਖ ਮੰਤਰੀ ਦਾ ਚਿਹਰੇ ਬਾਰੇ ਕੋਈ ਵਾਦ-ਵਿਵਾਦ ਨਹੀਂ ਹੁੰਦਾ; ਇਸ ਵਾਰ ਪ੍ਰਕਾਸ਼ ਸਿੰਘ ਬਾਦਲ ਫਿਰ ਚੋਣਾਂ ਲੜ ਰਹੇ ਹਨ। ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਇਹ ਕਹਿੰਦੇ ਰਹੇ ਹਨ ਕਿ 'ਆਪ' ਪੰਜਾਬ ਦੇ ਮੁੱਖ ਮੰਤਰੀ ਲਈ ਅਜਿਹੇ ਨਾਮ ਦਾ ਐਲਾਨ ਕਰੇਗੀ ਜਿਸ ਉੱਤੇ ਸਾਰੇ ਪੰਜਾਬੀ ਮਾਣ ਕਰਨਗੇ। ਭਗਵੰਤ ਮਾਨ ਨੇ ਚਿਹਰਾ ਨਾ ਐਲਾਨਣ ਕਰਕੇ ਲਗਭੱਗ ਡੇਢ ਮਹੀਨੇ ਤੱਕ ਪਾਰਟੀ ਸਰਗਰਮੀਆਂ ਤੋਂ ਦੂਰੀ ਬਣਾਈ ਰੱਖੀ ਸੀ। ਅਰਵਿੰਦ ਕੇਜਰੀਵਾਲ ਨੇ ਇੱਕ ਟੈਲੀਫ਼ੋਨ ਨੰਬਰ ਦੇ ਕੇ ਸਮੁੱਚੇ ਪੰਜਾਬ ਦੇ ਲੋਕਾਂ ਤੋਂ ਪੁੱਛਿਆ ਹੈ ਕਿ 'ਆਪ' ਵੱਲੋਂ ਮੁੱਖ ਮੰਤਰੀ ਦਾ ਚਿਹਰਾ ਕੌਣ ਹੋਵੇ। ਉਨ੍ਹਾਂ ਇਸ ਨੂੰ ਭਾਰਤ ਅੰਦਰ ਪਹਿਲੀ ਵਾਰ ਲੋਕਾਂ ਨੂੰ ਇੰਨਾ ਵੱਡਾ ਹੱਕ ਦੇਣ ਵਾਲਾ ਫ਼ੈਸਲਾ ਕਰਾਰ ਦਿੱਤਾ ਹੈ। ਸ਼ੁਰੂਆਤੀ ਦੌਰ ਵਿੱਚ 'ਆਪ' ਨੇ ਦਿੱਲੀ ਵਿੱਚ ਵਲੰਟੀਅਰਾਂ ਦੀ ਰਾਇ ਨਾਲ ਟਿਕਟਾਂ ਦੇਣ ਅਤੇ ਹਾਈਕਮਾਨ ਸੱਭਿਆਚਾਰ ਖ਼ਤਮ ਕਰਨ ਦਾ ਵਾਅਦਾ ਕੀਤਾ ਸੀ; ਬਾਅਦ ਵਿੱਚ ਟਿਕਟਾਂ ਦੀ ਵੰਡ ਦੇ ਤਰੀਕਿਆਂ ਵਿੱਚ ਹੋਇਆ ਬਦਲਾਅ ਜੱਗ ਜ਼ਾਹਿਰ ਹੈ। ਸਾਰੀਆਂ ਪਾਰਟੀਆਂ ਵਿੱਚ ਅੰਦਰੂਨੀ ਜਮਹੂਰੀਅਤ ਦੀ ਗਿਰਾਵਟ ਦੀਆਂ ਗੱਲਾਂ ਲਗਾਤਾਰ ਹੁੰਦੀਆਂ ਰਹਿੰਦੀਆਂ ਹਨ ਪਰ 'ਆਪ' ਵੀ ਵੱਖਰੀ ਪਾਰਟੀ ਵੱਜੋਂ ਆਪਣਾ ਅਕਸ ਕਾਇਮ ਨਹੀਂ ਰੱਖ ਸਕੀ। ਜਮਹੂਰੀਅਤ ਅੰਦਰ ਚੁਣੇ ਹੋਏ ਵਿਧਾਇਕਾਂ ਦੀ ਬਹੁਗਿਣਤੀ ਮੁੱਖ ਮੰਤਰੀ ਦੀ ਚੋਣ ਕਰਦੀ ਹੈ। ਸਾਡੇ ਤੰਤਰ ਵਿੱਚ ਪਹਿਲਾਂ ਹੀ ਮੁੱਖ ਮੰਤਰੀ ਦਾ ਚਿਹਰਾ ਐਲਾਨਣ ਦਾ ਹੱਕ ਵਿਧਾਇਕਾਂ ਤੋਂ ਲੈ ਕੇ ਹਾਈਕਮਾਨ ਨੂੰ ਦੇ ਦਿੱਤਾ ਗਿਆ ਹੈ। ਜਮਹੂਰੀਅਤ ਦੀ ਮੰਗ ਇਹ ਵੀ ਹੈ ਕਿ ਹਰ ਹਲਕੇ ਦੇ ਉਮੀਦਵਾਰ ਦੀ ਚੋਣ ਸਬੰਧਿਤ ਹਲਕੇ ਦੇ ਪਾਰਟੀ ਦੇ ਕਾਰਕੁਨਾਂ ਦੀ ਰਾਇ ਨਾਲ ਹੋਣੀ ਚਾਹੀਦੀ ਹੈ। ਜੇ ਮੁੱਖ ਮੰਤਰੀ ਦੀ ਚੋਣ ਪਹਿਲਾਂ ਵੀ ਕਰਨੀ ਹੈ ਤਾਂ ਚੋਣ ਲੜਨ ਵਾਲੇ 117 ਉਮੀਦਵਾਰਾਂ ਦੀ ਰਾਇ ਨਾਲ ਮੁੱਖ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਬਣਾਇਆ ਜਾ ਸਕਦਾ ਹੈ। ਇਸ ਤੋਂ ਪਹਿਲਾਂ ਮੁੱਖ ਮੰਤਰੀ ਅਹੁਦੇ ਲਈ ਪਾਰਟੀ ਤੋਂ ਬਾਹਰਲੇ ਆਗੂਆਂ ਦੇ ਨਾਵਾਂ ਦੀ ਚਰਚਾ ਹੁੰਦੀ ਰਹੀ ਹੈ ਅਤੇ ਉਹ ਇੱਕ ਇੱਕ ਕਰ ਕੇ ਖਾਰਿਜ ਹੁੰਦੇ ਰਹੇ ਹਨ। 'ਆਪ' ਦੁਆਰਾ ਮੁੱਖ ਮੰਤਰੀ ਦੇ ਅਹੁਦੇ ਲਈ ਅਪਣਾਇਆ ਗਿਆ ਇਹ ਨਵਾਂ ਤਰੀਕਾ ਕਈ ਤਰ੍ਹਾਂ ਦੇ ਵਿਵਾਦਾਂ ਨੂੰ ਤਾਂ ਜਨਮ ਦੇ ਗਿਆ ਪਰ ਹੁਣ ਆਪ ਦੇ ਵਲੰਟੀਅਰਾਂ ਵਿੱਚ ਨਵਾਂ ਉਤਸ਼ਾਹ ਹੋਵੇਗਾ ਕਿ ਹੁਣ ਉਹ ਬਿਨਾਂ ਲਾੜੇ ਦੀ ਬਰਾਤ ਨਾਲ ਨਹੀਂ ਚੱਲਣਗੇ।

**ਸੁਖਜਿੰਦਰ ਸਮਰਾ**
**ਮੋ. 95835-92000**


**403 640 2000**
**punjabiakhbaar@gmail.com**

This disclaimer informs the readers of ‘the Punjabi Akhbaar’ that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not ‘the Punjabi Akhbaar’. The Editor reserves the right to edit or not the articles, reports and/or news published herein.

-Editor

ਨੋਟ: “ਪੰਜਾਬੀ ਅਖ਼ਬਾਰ” ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦ੍ਰੈਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। “ਪੰਜਾਬੀ ਅਖ਼ਬਾਰ” ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। ‘ਪੰਜਾਬੀ ਅਖ਼ਬਾਰ’ ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ। – **ਸੰਪਾਦਕ**

# ਅੱਤਵਾਦ ਨਾਲੋਂ ਵੀ ਖਤਰਨਾਕ ਹਨ ਪਾਕਿਸਤਾਨ ਦੁਆਰਾ ਭਾਰਤ ਦੇ ਖਿਲਾਫ ਕੀਤੇ ਜਾ ਰਹੇ ਸਾਈਬਰ ਹਮਲੇ




**ਬਲਰਾਜ ਸਿੰਘ ਸਿੱਧੂ ਕਮਾਂਡੈਂਟ**
**ਮੋ. 9501100062**

ਅੱਤਵਾਦ ਨਾਲੋਂ ਵੀ ਖਤਰਨਾਕ ਹਨ ਪਾਕਿਸਤਾਨ ਦੁਆਰਾ ਭਾਰਤ ਦੇ ਖਿਲਾਫ ਕੀਤੇ ਜਾ ਰਹੇ ਸਾਈਬਰ ਹਮਲੇ। ਪਾਕਿਸਤਾਨ ਆਪਣੀ ਸਥਾਪਨਾ ਦੇ ਦਿਨ ਤੋਂ ਹੀ ਭਾਰਤ ਲਈ ਕੋਈ ਨਾ ਕੋਈ ਮੁਸੀਬਤ ਖੜੀ ਰੱਖਦਾ ਹੈ। ਉਹ ਕਾਰਗਿਲ ਸਮੇਤ ਭਾਰਤ ਨਾਲ ਚਾਰ ਲੜਾਈਆਂ ਲੜ ਚੁੱਕਾ ਹੈ ਪਰ ਹਰ ਵਾਰ ਮੂੰਹ ਦੀ ਖਾਧੀ ਹੈ। ਉਸ ਨੂੰ ਇਹ ਸਮਝ ਆ ਗਈ ਹੈ ਕਿ ਭਾਰਤ ਦੇ ਖਿਲਾਫ ਸਿੱਧੀ ਜੰਗ ਵਿੱਚ ਉਹ ਕਦੇ ਵੀ ਕਾਮਯਾਬ ਨਹੀਂ ਹੋ ਸਕਦਾ। ਇਸ ਕਾਰਨ ਉਹ ਪਾਕਿ ਅਧਾਰਿਤ ਅੱਤਵਾਦੀ ਜਥੇਬੰਦੀਆਂ ਹਿਜ਼ਬੁਲ ਮੁਜ਼ਾਹਦੀਨ, ਜੈਸ਼ੇ ਮੁਹੰਮਦ, ਲਸ਼ਕਰੇ ਤੋਇਬਾ ਅਤੇ ਹਰਕਤ ਅਲ ਅਨਸਾਰ ਆਦਿ ਰਾਹੀਂ ਕਈ ਸਾਲਾਂ ਤੋਂ ਭਾਰਤ ਵਿੱਚ ਕਤਲੋਗਾਰਤ ਅਤੇ ਭੰਨਤੋੜ ਦੀਆਂ ਘਟੀਆ ਗਤੀਵਿਧੀਆਂ ਚਲਾ ਰਿਹਾ ਹੈ। ਇਨ੍ਹਾਂ ਤੋਂ ਇਲਾਵਾ ਹੁਣ ਉਸ ਨੇ ਭਾਰਤ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਲਈ ਸਾਈਬਰ ਹਮਲੇ ਕਰਨੇ ਵੀ ਸ਼ੁਰੂ ਕਰ ਦਿੱਤੇ ਹਨ। ਸਾਈਬਰ ਹਮਲੇ ਇੱਕ ਅਜਿਹਾ ਆਧੁਨਿਕ, ਸੁਰੱਖਿਅਤ ਅਤੇ ਖਤਰਨਾਕ ਹਥਿਆਰ ਹੈ ਜਿਸ ਰਾਹੀਂ ਬਗੈਰ ਖ਼ੂਨ ਖਰਾਬੇ ਤੋਂ ਦੂਸਰੇ ਦੇਸ਼ ਦੀ ਸੁਰੱਖਿਆ ਵਿੱਚ ਸੰਨ੍ਹ ਲਗਾਈ ਜਾ ਸਕਦੀ ਹੈ। ਮਿਸਾਲ ਦੇ ਤੌਰ ‘ਤੇ ਉਸ ਦੇ ਏਅਰਪੋਰਟ ਜਾਮ ਕੀਤੇ ਜਾ ਸਕਦੇ ਹਨ, ਬਿਜਲੀ ਗਰਿੱਡ ਬੰਦ ਕਰ ਕੇ ਬਲੈਕਆਊਟ ਕੀਤਾ ਜਾ ਸਕਦਾ ਹੈ ਤੇ ਸ਼ੇਅਰ ਮਾਰਕੀਟ ਨੂੰ ਮੂਧੇ ਮੂੰਹ ਸੁੱਟਿਆ ਜਾ ਸਕਦਾ ਹੈ।

ਵੈਸੇ ਤਾਂ ਪਾਕਿਸਤਾਨ ਇਸ ਵੇਲੇ ਆਰਥਿਕ ਤੌਰ ‘ਤੇ ਦੀਵਾਲੀਆ ਦੇਸ਼ ਹੈ, ਪਰ ਇਹ ਸੱਚਾਈ ਹੈ ਕਿ ਚੀਨ ਤੋਂ ਬਾਅਦ ਪਾਕਿਸਤਾਨ ਦੇ ਹੈਕਰ ਸੰਸਾਰ ਵਿੱਚ ਸਭ ਤੋਂ ਵੱਧ ਬਦਨਾਮ ਅਤੇ ਖਤਰਨਾਕ ਹਨ। ਹੁਣ ਤੱਕ ਪਾਕਿਸਤਾਨ ਦੇ ਹੈਕਰ ਗਰੁੱਪ ਭਾਰਤ ਦੇ ਅਨੇਕਾਂ ਸੰਵੇਦਨਸ਼ੀਲ ਵਿਭਾਗਾਂ ਅਤੇ ਸਰਕਾਰੀ ਤੇ ਪ੍ਰਾਈਵੇਟ ਸਰਵਰਾਂ ਵਿੱਚ ਸੇਂਧਮਾਰੀ ਦੀ ਕੋਸ਼ਿਸ਼ ਕਰ ਚੁੱਕੇ ਹਨ। ਪਹਿਲਾਂ ਇਹ ਹਮਲੇ ਸਿਰਫ ਤੰਗ ਪਰੇਸ਼ਾਨ ਕਰਨ ਅਤੇ ਭਾਰਤੀ ਵੈੱਬਸਾਈਟਾਂ ਨੂੰ ਬਰਬਾਦ ਕਰਨ ਤੱਕ ਹੀ ਸੀਮਤ ਸਨ, ਪਰ ਪਿਛਲੇ ਕੁਝ ਸਾਲਾਂ ਤੋਂ ਪਾਕਿਸਤਾਨੀ ਹੈਕਰਾਂ ਦੀ ਸਮਰੱਥਾ ਬਹੁਤ ਜਿਆਦਾ ਵਧ ਗਈ ਹੈ ਤੇ ਉਹ ਅੰਤਰਰਾਸ਼ਟਰੀ ਪੱਧਰ ‘ਤੇ ਭਾਰਤ ਨੂੰ ਕਸ਼ਮੀਰ ਮਾਮਲੇ ‘ਤੇ ਬਦਨਾਮ ਕਰਨ ਅਤੇ ਅਫਵਾਹਾਂ ਫੈਲਾ ਕੇ ਭਾਰਤ ਦੀ ਪੱਛਮੀ ਅਤੇ ਇਸਲਾਮੀ ਦੇਸ਼ਾਂ ਵਿੱਚ ਦਿੱਖ ਖਰਾਬ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਅਗਸਤ 2021 ਵਿੱਚ ਅਮਰੀਕਾ ਦੀ ਸਾਈਬਰ ਸਕਿਉਰਟੀ ਫਰਮ, ਬਲੈਕ ਲੋਟਸ ਲੈਬਸ ਨੇ ਇੱਕ ਰਿਪੋਰਟ ਰਾਹੀਂ ਦੱਸਿਆ ਸੀ ਕਿ ਪਾਕਿਸਤਾਨ ਦੇ ਇੱਕ ਹੈਕਰ ਗਰੁੱਪ ਰਿਵਰਸਰੈਟ 2.0 ਨੇ ਭਾਰਤ ਦੇ ਕੁਝ ਉੱਚ ਅਫਸਰਾਂ ਦੇ ਕੰਪਿਊਟਰਾਂ ਨੂੰ ਯੂ.ਐਨ.ਉ. ਵੱਲੋਂ ਆਯੋਜਿਤ ਸੰਗਠਿਤ ਅਪਰਾਧ ਸਬੰਧੀ ਇੱਕ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਈ ਮੇਲ ਰਾਹੀਂ ਜਾਅਲੀ ਸੱਦਾ ਪੱਤਰ ਭੇਜ ਕੇ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਸੀ। ਰਿਵਰਸਰੈਟ 2.0 ਆਪਣੇ ਵੱਲੋਂ ਭੇਜੇ ਗਏ ਈਮੇਲ ਲਿੰਕ ਨੂੰ ਖੋਲ੍ਹਣ ਵਾਲੇ ਸ਼ਿਕਾਰ ਦੇ ਕੰਪਿਊਟਰ ਜਾਂ ਮੋਬਾਇਲ ਫੋਨ ਵਿੱਚ ਵਾਇਰਸ ਭੇਜ ਕੇ ਉਸ ਦੇ ਵੈੱਬਕੈਮ ਰਾਹੀਂ ਤਸਵੀਰਾਂ ਖਿੱਚ ਸਕਦਾ ਹੈ ਤੇ ਹਾਰਡ ਡਰਾਇਵ ਤੋਂ ਡਾਟਾ ਚੋਰੀ ਕਰ ਸਕਦਾ ਹੈ। ਬਲੈਕ ਲੋਟਸ ਦੇ ਮੁਤਾਬਕ ਰਿਵਰਸਰੈਟ 2.0, ਰਿਵਰਸਰੈਟ 1.0 ਗਰੁੱਪ ਦਾ ਹੀ ਨਵਾਂ ਖਤਰਨਾਕ ਰੂਪ ਹੈ ਜਿਸ ਨੇ ਮਾਰਚ 2020 ਵਿੱਚ ਭਾਰਤ ਦੇ ਬਿਜਲੀ ਸੈਕਟਰ ਅਤੇ ਕੁਝ ਹੋਰ ਸਰਕਾਰੀ ਦਫਤਰਾਂ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਸੀ।

ਭਾਰਤ ਕਈ ਸਾਲਾਂ ਤੋਂ ਪਾਕਿਸਤਾਨੀ ਹੈਕਰਾਂ ਦੇ ਅੱਵਲ ਨਿਸ਼ਾਨੇ ‘ਤੇ ਹੈ। ਅਗਸਤ 2020 ਵਿੱਚ ਅਇਰਲੈਂਡ ਦੀ ਐਂਟੀ ਹੈਕਿੰਗ ਸੰਸਥਾ ਮਾਲਵੇਅਰ ਲੈਬ ਨੇ ਪਾਕਿਸਤਾਨ ਦੇ ਸਰਕਾਰ ਪ੍ਰਯੋਜਿਤ ਹੈਕਰ ਗਰੁੱਪ ਏ.ਪੀ.ਟੀ. 36 ਵੱਲੋਂ ਭਾਰਤ ਸਰਕਾਰ ਦੇ ਅਹਿਮ ਕੂਟਨੀਤਕ ਅਤੇ ਸੁਰੱਖਿਆ ਦਫਤਰਾਂ ਵਿੱਚ ਘੁਸਪੈਠ ਦੀ ਕੋਸ਼ਿਸ਼ ਦੀ ਸੂਚਨਾ ਨਸ਼ਰ ਕੀਤੀ ਸੀ। ਇਹ ਉਹ ਹੀ ਬਦਨਾਮ ਗਰੁੱਪ ਹੈ ਜੋ ਭਾਰਤ ਦੇ ਸੁਰੱਖਿਆ ਅਤੇ ਕੂਟਨੀਤਕ ਵਿਭਾਗ ਦੇ ਅਫਸਰਾਂ ਨੂੰ ਖੂਬਸੂਰਤ ਔਰਤਾਂ ਦੇ ਜਾਲ (ਹਨੀ ਟਰੈਪ) ਵਿੱਚ ਫਸਾ ਕੇ ਪਾਕਿਸਤਾਨੀ ਫੌਜ ਲਈ ਜਰੂਰੀ ਸੂਚਨਾਵਾਂ ਇਕੱਤਰ ਕਰਦਾ ਹੈ। ਪਾਕਿਸਤਾਨੀ ਹਨੀ ਟਰੈਪਿੰਗ ਐਨੀ



ਕਾਮਯਾਬ ਹੈ ਕਿ ਇਸ ਵਿੱਚ ਸਾਲ ਛੇ ਮਹੀਨੇ ਬਾਅਦ ਕੋਈ ਨਾ ਕੋਈ ਭਾਰਤੀ ਸੁਰੱਖਿਆ ਮੁਲਾਜ਼ਮ ਫਸ ਹੀ ਜਾਂਦਾ ਹੈ। ਮਰਦਾਂ ਦੀ ਗੱਲ ਇੱਕ ਪਾਸੇ, 2010 ਵਿੱਚ ਭਾਰਤ ਦੇ ਪਹਿਲੇ ਕੇਸ ਵਿੱਚ ਇਸਲਾਮਾਬਾਦ ਹਾਈ ਕਮਿਸ਼ਨ ਵਿੱਚ ਕੰਮ ਕਰਨ ਵਾਲੀ ਮਾਧੁਰੀ ਗੁਪਤਾ ਨਾਮਕ ਔਰਤ ਨੂੰ ਵੀ ਪਾਕਿਸਤਾਨ ਦੀ ਬਦਨਾਮ ਖੁਫੀਆ ਏਜੰਸੀ ਆਈ.ਐਸ.ਆਈ ਨੇ ਹਨੀ ਟਰੈਪ ਵਿੱਚ ਫਸਾ ਕੇ ਅਹਿਮ ਗੁਪਤ ਸੂਚਨਾਵਾਂ ਹਾਸਲ ਕੀਤੀਆਂ ਸਨ। ਮਾਧੁਰੀ ਗੁਪਤਾ ਨੂੰ 2019 ਵਿੱਚ ਦਿੱਲੀ ਦੀ ਇੱਕ ਅਦਾਲਤ ਨੇ ਤਿੰਨ ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਏ.ਪੀ.ਟੀ. 36 ਦਾ ਇੱਕ ਹੋਰ ਤਰੀਕਾ ਸ਼ਿਕਾਰ ਨੂੰ ਭਾਰਤ ਸਰਕਾਰ ਦੀਆਂ ਜਾਅਲੀ ਈਮੇਲ ਆਈਡੀਆਂ ਤੋਂ ਮੇਲਾਂ ਭੇਜ ਕੇ ਫਸਾਉਣ ਦਾ ਹੈ। ਇਹ ਗਰੁੱਪ 2016 ਤੋਂ ਆਪਣੀਆਂ ਕਾਰਵਾਈਆਂ ਚਲਾ ਰਿਹਾ ਹੈ। ਪਾਕਿਸਤਾਨ ਨੇ ਸੰਸਾਰ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਤੇ ਕਥਿੱਤ ਤੌਰ ‘ਤੇ ਹੈਕਿੰਗ ਰੋਕਣ ਲਈ ਇੱਕ ਕਾਨੂੰਨ, ਸਾਈਬਰ ਸਕਿਉਰਟੀ ਐਕਟ 2020 ਬਣਾਇਆ ਹੋਇਆ ਹੈ। ਇਸ ਕਾਨੂੰਨ ਅਧੀਨ ਪਾਕਿਸਤਾਨੀ ਹਿੱਤਾਂ ਦੇ ਖਿਲਾਫ ਜਾਂ ਪਾਕਿਸਤਾਨੀ ਜ਼ਮੀਨ ਤੋਂ ਕਿਸੇ ਵੀ ਦੇਸ਼ ਦੇ ਖਿਲਾਫ ਸਾਈਬਰ ਗਤੀਵਿਧੀ ਚਲਾਉਣ ਵਾਲੇ ਵਿਅਕਤੀ ਨੂੰ ਸਖਤ ਸਜ਼ਾ ਦਾ ਪ੍ਰਾਵਧਾਨ ਹੈ। ਪਰ ਅਜੇ ਤੱਕ ਭਾਰਤ ਜਾਂ ਕਿਸੇ ਹੋਰ ਦੇਸ਼ ਦੇ ਖਿਲਾਫ ਸਾਈਬਰ ਹਮਲਾ ਕਰਨ ਵਾਲੇ ਕਿਸੇ ਵੀ ਹੈਕਰ ਦੇ ਖਿਲਾਫ ਇਸ ਐਕਟ ਅਧੀਨ ਕੋਈ ਕਾਰਵਾਈ ਨਹੀਂ ਕੀਤੀ ਗਈ ਭਾਵੇਂ ਕਿ ਭਾਰਤ ਅਤੇ ਅਮਰੀਕਾ ਸਮੇਤ ਕਈ ਦੇਸ਼ਾਂ ਨੇ ਪਾਕਿਸਤਾਨ ਨੂੰ ਉਸ ਦੇ ਹੈਕਰਾਂ ਖਿਲਾਫ ਕਾਰਵਾਈ ਕਰਨ ਲਈ ਸਬੂਤਾਂ ਸਮੇਤ ਸ਼ਿਕਾਇਤਾਂ ਭੇਜੀਆਂ ਹਨ।

ਵੈਸੇ ਪਾਕਿਸਤਾਨੀ ਹੈਕਰਾਂ ਦੀ ਸਮਰੱਥਾ ਚੀਨੀ ਹੈਕਰਾਂ ਦੇ ਬਰਾਬਰ ਨਹੀਂ ਹੈ, ਪਰ ਉਹ ਆਈ.ਐਸ.ਆਈ. ਦੀ ਕਮਾਂਡ ਅਧੀਨ ਕੰਮ ਕਰਦੇ ਹੋਣ ਕਾਰਨ ਕਿਸੇ ਕਾਨੂੰਨੀ ਕਾਰਵਾਈ ਤੋਂ ਸੁਰੱਖਿਅਤ ਹਨ। ਆਈ.ਐਸ.ਆਈ. ਨੇ ਭਾਰਤ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਅਤੇ ਗੁਪਤ ਸੂਚਨਾਵਾਂ ਚੋਰੀ ਕਰਨ ਲਈ ਸੈਂਕੜੇ ਹੈਕਰ ਮੋਟੀ ਤਨਖਾਹ ‘ਤੇ ਭਰਤੀ ਕੀਤੇ ਹੋਏ ਹਨ। ਭਾਰਤ ਵੱਲੋਂ ਅਗਸਤ 2019 ਵਿੱਚ ਆਰਟੀਕਲ 370 ਖਤਮ ਕਰਨ ਅਤੇ ਜੰਮੂ ਕਸ਼ਮੀਰ ਦੀ ਵੰਡ ਤੋਂ ਬਾਅਦ ਪਾਕਿਸਤਾਨੀ ਸਰਕਾਰੀ ਹੈਕਰ ਬੇਹੱਦ ਸਰਗਰਮ ਹੋ ਗਏ ਸਨ। ਉਨ੍ਹਾਂ ਨੇ ਪੱਛਮੀ ਦੇਸ਼ਾਂ ਦੇ ਚੋਟੀ ਦੇ ਪੱਤਰਕਾਰਾਂ ਦੀਆਂ ਜਾਅਲੀ ਪ੍ਰੋਫਾਈਲਾਂ ਬਣਾ ਕੇ ਭਾਰਤੀ ਫੌਜ ਵੱਲੋਂ ਕਸ਼ਮੀਰੀ ਜਨਤਾ ‘ਤੇ ਕਥਿੱਤ ਤੌਰ ‘ਤੇ ਕੀਤੇ ਜਾ ਰਹੇ ਅਣਮਨੁੱਖੀ ਜ਼ੁਲਮਾਂ ਅਤੇ ਮਨੁੱਖੀ ਅਧਿਕਾਰਾਂ ਦੇ ਘਾਣ ਸਬੰਧੀ ਜਾਅਲੀ ਖਬਰਾਂ, ਵੀਡੀਉ, ਟਵਿੱਟਰ ਹੈਸ਼ਟੈਗ ਅਤੇ ਬਲਾਗ ਬਣਾ ਕੇ ਸੰਸਾਰ ਭਰ ਵਿੱਚ ਫੈਲਾ ਦਿੱਤੇ ਸਨ। ਪੱਛਮੀ ਦੇਸ਼ਾਂ ਨੂੰ ਇਸ ਮਾਮਲੇ ਵਿੱਚ ਦਖਲਅੰਦਾਜ਼ੀ ਕਰਨ ‘ਤੇ ਮਜ਼ਬੂਰ ਕਰਨ ਲਈ ਅਫਵਾਹਾਂ ਉਡਾਈਆਂ ਗਈਆਂ ਸਨ ਕਿ ਕਸ਼ਮੀਰ ਮਸਲੇ ‘ਤੇ ਭਾਰਤ ਅਤੇ ਪਾਕਿਸਤਾਨ ਵਿੱਚ ਪ੍ਰਮਾਣੂ ਜੰਗ ਹੋਣ ਵਾਲੀ ਹੈ। ਪਰ ਭਾਰਤ ਦੀ ਕਿਸਮਤ ਚੰਗੀ ਹੈ ਕਿ ਪਾਕਿਸਤਾਨ ਦੇ ਕਸ਼ਮੀਰ ਸਬੰਧੀ ਪ੍ਰਾਪੇਗੰਡੇ ‘ਤੇ ਕੋਈ ਦੇਸ਼ ਬਹੁਤਾ ਧਿਆਨ ਨਹੀਂ ਦਿੰਦਾ। ਇਸ ਕਾਰਨ ਆਈ.ਐਸ.ਆਈ. ਭਾਰਤ ਦੀ ਅੰਤਰਰਾਸ਼ਟਰੀ ਸਾਖ ਨੂੰ ਕੋਈ ਨੁਕਸਾਨ ਪਹੁੰਚਾਉਣ ਵਿੱਚ ਸਫਲ ਨਹੀਂ ਹੋਈ।

ਪਾਕਿਸਤਾਨ ਚੀਨ ਦਾ ਗੁਲਾਮ ਦੇਸ਼ ਹੈ ਤੇ ਉਸ ਦੀ ਆਰਥਿਕਤਾ ਚੀਨ ਦੇ ਆਸਰੇ ‘ਤੇ ਹੀ ਚੱਲ ਰਹੀ ਹੈ। ਭਾਰਤ - ਚੀਨ ਸਰਹੱਦੀ ਵਿਵਾਦ ਵੇਲੇ ਪਾਕਿਸਤਾਨੀ ਮੀਡੀਆ ਅਤੇ ਹੈਕਰਾਂ ਨੇ ਚੀਨ ਦੀ ਖੁਸ਼ਨੂਦੀ ਹਾਸਲ ਕਰਨ ਲਈ ਰੱਜ ਕੇ ਭਾਰਤ ਦੇ ਖਿਲਾਫ ਜ਼ਹਿਰੀਲਾ ਪ੍ਰਚਾਰ ਕੀਤਾ ਸੀ। ਪਾਕਿਸਤਾਨੀ ਮੀਡੀਆ ਨੇ ਤਾਂ ਪਾਕਿਸਤਾਨੀ ਜਨਤਾ ਨੂੰ ਇਹ ਜਤਾ ਦਿੱਤਾ ਸੀ ਕਿ ਕੁਝ ਹੀ ਦਿਨਾਂ ਵਿੱਚ ਚੀਨ ਤੇ ਭਾਰਤ ਦਰਮਿਆਨ ਜੰਗ ਹੋਣ ਵਾਲੀ ਹੈ ਜਿਸ ਦੇ ਫਲਸਵਰੂਪ ਕਸ਼ਮੀਰ ਪਾਕਿਸਤਾਨ ਨੂੰ ਮਿਲ ਜਾਵੇਗਾ। ਚੀਨ ਦੇ ਆਰਥਿਕ ਹਿੱਤ ਪਾਕਿਸਤਾਨ ਨਾਲ ਜੁੜੇ ਹੋਏ ਹਨ, ਕਿਉਂਕਿ ਉਸ ਨੂੰ ਗਵਾਦਰ ਬੰਦਰਗਾਹ ਅਤੇ ਆਰਥਿਕ ਗਲਿਆਰੇ ਦੀ ਸਫਲਤਾ ਲਈ ਪਾਕਿਸਤਾਨ ਦੀ ਸਖਤ ਜਰੂਰਤ ਹੈ। ਭਾਵੇਂ ਅਜੇ ਤੱਕ ਭਾਰਤ ਦੇ ਖਿਲਾਫ ਚੀਨੀ ਅਤੇ ਪਾਕਿਸਤਾਨੀ ਹੈਕਰਾਂ ਦੀ ਕੋਈ ਸਾਂਝੀ ਕਾਰਵਾਈ ਸਾਹਮਣੇ ਨਹੀਂ ਆਈ, ਪਰ ਇਹ ਸੱਚ ਹੈ ਕਿ ਚੀਨ ਪਾਕਿਸਤਾਨੀ ਹੈਕਰਾਂ ਨੂੰ ਟਰੇਨਿੰਗ ਦਿੰਦਾ ਹੈ ਤੇ ਭਾਰਤ ਖਿਲਾਫ ਸਾਈਬਰ ਹਮਲੇ ਕਰਨ ਲਈ ਤਕਨੀਕੀ ਮਦਦ ਵੀ ਪ੍ਰਦਾਨ ਕਰਦਾ ਹੈ।


ਪਾਕਿਸਤਾਨ ਦੇ ਸਾਈਬਰ ਹਮਲਿਆਂ ਨੇ ਭਾਰਤ ਦੀ ਚਿੰਤਾ ਵਧਾ ਦਿੱਤੀ ਹੀ। ਚਾਹੇ ਭਾਰਤ ਪਾਕਿਸਤਾਨ ਤੋਂ ਤਕਨੀਕ ਪੱਖੋਂ ਕਿਤੇ ਬੇਹਤਰ ਹੈ ਤੇ ਪਾਕਿ ਸਾਈਬਰ ਹਮਲਿਆਂ ਦਾ ਭਲੀ ਭਾਂਤ ਸਾਹਮਣਾ ਕਰ ਸਕਦਾ ਹੈ, ਪਰ ਫਿਰ ਵੀ ਪਾਕਿਸਤਾਨੀ ਖਤਰੇ ਤੋਂ ਅੱਖਾਂ ਨਹੀਂ ਮੀਟੀਆਂ ਜਾ ਸਕਦੀਆਂ। ਲਗਾਤਾਰ ਵਧਦੇ ਜਾ ਰਹੇ ਸਾਈਬਰ ਖਤਰੇ ਤੋਂ ਬਚਾਓ ਖਾਤਰ ਪਿਛਲੇ ਸਾਲਾਂ ਵਿੱਚ ਭਾਰਤ ਨੇ ਵੀ ਆਪਣੀ ਸਾਈਬਰ ਸਕਿਉਰਟੀ ਬਹੁਤ ਜਿਆਦਾ ਮਜ਼ਬੂਤ ਕਰ ਲਈ ਹੈ। ਭਾਰਤ ਕੋਲ ਸਾਈਬਰ ਹਮਲਿਆਂ ਤੋਂ ਬਚਾਉ ਲਈ ਪ੍ਰਤਿਭਸ਼ਾਲੀ ਵਿਗਿਆਨੀਆਂ ਅਤੇ ਤਕਨੀਸ਼ੀਅਨਾਂ ਦੀ ਕੋਈ ਕਮੀ ਨਹੀਂ ਹੈ। ਪਿਛਲੇ ਸਮੇਂ ਵਿੱਚ ਉਸ ਨੇ ਇਸ ਖਤਰੇ ਦਾ ਸਾਹਮਣਾ ਕਰਨ ਲਈ ਡਿਫੈਂਸ ਸਕਿਉਰਟੀ ਏਜੰਸੀ ਵਰਗੀਆਂ ਕਈ ਸੰਸਥਾਵਾਂ ਦੀ ਸਥਾਪਨਾ ਕੀਤੀ ਹੈ। ਇਹ ਏਜੰਸੀ ਦੇਸੀ ਅਤੇ ਵਿਦੇਸ਼ੀ ਸਾਈਬਰ ਹਮਲਿਆਂ ‘ਤੇ ਕਰੜੀ ਨਜ਼ਰ ਰੱਖਦੀ ਹੈ ਤੇ ਉਨ੍ਹਾਂ ਨੂੰ ਨਸ਼ਟ ਕਰਦੀ ਹੈ। ਨੈਸ਼ਨਲ ਫੋਰੈਂਸਿਕ ਸਾਇੰਸ ਯੁਨੀਵਰਸਟੀ ਗੁਜਰਾਤ ਵਰਗੇ ਕਈ ਅਦਾਰੇ ਅਨੇਕ ਪ੍ਰਕਾਰ ਦੇ ਸਾਈਬਰ ਫੋਰੈਂਸਿਕ ਕੋਰਸ ਚਲਾ ਰਹੇ ਹਨ। ਇਥੇ ਦੇਸ਼ ਦੇ ਬੇਹਤਰੀਨ ਸਾਫਟਵੇਅਰ ਵਿਗਿਆਨੀ ਤਿਆਰ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ ਨੈਸ਼ਨਲ ਕਰਿਟੀਕਲ ਇੰਨਫਰਮੇਸ਼ਨ ਇੰਨਫਰਾਸਟਰੱਕਚਰ ਪ੍ਰੋਟੈਕਸ਼ਨ ਸੈਂਟਰ, ਸਰਕਾਰੀ ਅਤੇ ਨਿੱਜੀ ਸੈਕਟਰਾਂ ਨਾਲ ਮਿਲ ਕੇ ਸਾਈਬਰ ਹਮਲਿਆਂ ਤੋਂ ਸੁਰੱਖਿਆ ਦੇ ਖੇਤਰ ਵਿੱਚ ਨਿਰੰਤਰ ਕੰਮ ਕਰ ਰਿਹਾ ਹੈ। ਭਾਰਤ ਨੂੰ ਪਾਕਿਸਤਾਨ ਅਤੇ ਚੀਨੀ ਹੈਕਰਾਂ ਤੋਂ ਬਚਣ ਲਈ ਦਿਨ ਰਾਤ ਚੌਕੰਨੇ ਰਹਿਣਾ ਪੈਣਾ ਹੈ।

## ਚੋਣ ਪਿੜ

# ਦਰਜਨਾਂ ਹਲਕਿਆਂ ਚ ਉਤਰੇ ਪੈਰਾਸ਼ੂਟ



ਚਰਨਜੀਤ ਭੁੱਲਰ




**ਆਮ ਆਦਮੀ ਪਾਰਟੀ ਤਰਫ਼ੋਂ 111 ਉਮੀਦਵਾਰ ਐਲਾਨੇ ਗਏ ਹਨ ਜਿਨ੍ਹਾਂ ਚੋਂ 16 ਉਮੀਦਵਾਰ ਹਲਕਿਆਂ ਤੋਂ ਬਾਹਰਲੇ ਹਨ ਜੋ ਕਿ ਕਰੀਬ 14 ਫ਼ੀਸਦੀ ਬਣਦੇ ਹਨ। ਸਿਆਸੀ ਧਿਰਾਂ ਵੱਲੋਂ ਜਿੱਤਣ ਦੀ ਸਮਰੱਥਾ ਦੇਖੀ ਗਈ ਜਾਂ ਫਿਰ ਆਪਣੇ ਚਹੇਤਿਆਂ ਨੂੰ ਨਿਵਾਜਣ ਲਈ ਦੂਸਰੇ ਹਲਕਿਆਂ 'ਚ ਉਤਾਰ ਦਿੱਤਾ ਗਿਆ।**

ਸਿਆਸੀ ਧਿਰਾਂ ਵੱਲੋਂ ਐਤਕੀਂ ਪੰਜਾਬ ਚੋਣਾਂ ਲਈ ਦਰਜਨਾਂ ਹਲਕਿਆਂ ਚ ਪੈਰਾਸ਼ੂਟ ਉਮੀਦਵਾਰ ਉਤਾਰੇ ਹਨ। ਕਈ ਹਲਕਿਆਂ ਦੇ ਜਾਏ ਰਾਜਸੀ ਧਿਰਾਂ ਨੇ ਪਰਾਏ ਬਣਾ ਕੇ ਰੱਖ ਦਿੱਤੇ ਹਨ। ਸ਼੍ਰੋਮਣੀ ਅਕਾਲੀ ਦਲ ਨੇ ਪੈਰਾਸ਼ੂਟ ਉਮੀਦਵਾਰ ਉਤਾਰੇ ਜਾਣ ਚ ਬਾਜ਼ੀ ਮਾਰੀ ਹੈ ਜਦੋਂ ਕਿ ਕਾਂਗਰਸ ਇਸ ਮਾਮਲੇ ਚ ਦੂਜੇ ਨੰਬਰ ਤੇ ਹੈ। ਆਮ ਆਦਮੀ ਪਾਰਟੀ ਨੇ ਪੈਰਾਸ਼ੂਟ ਉਮੀਦਵਾਰਾਂ ਤੋਂ ਥੋੜ੍ਹਾ ਗੁਰੇਜ਼ ਕੀਤਾ ਹੈ। ਪੰਜਾਬ ਦੇ ਚੋਣ ਪਿੜ ਵਿੱਚ ਪ੍ਰਮੁੱਖ ਤਿੰਨ ਪਾਰਟੀਆਂ ਦੇ 67 ਉਮੀਦਵਾਰ ਅਜਿਹੇ ਹਨ ਜਿਨ੍ਹਾਂ ਦਾ ਰਿਹਾਇਸ਼ ਹਲਕੇ ਵਿੱਚ ਨਹੀਂ ਪੈਂਦੀ ਹੈ ਜਿੱਥੋਂ ਉਹ ਚੋਣ ਲੜ ਰਹੇ ਹਨ।ਪੰਜਾਬੀ ਟ੍ਰਿਬਿਊਨ ਵੱਲੋਂ ਇਕੱਠੇ ਕੀਤੇ ਵੇਰਵਿਆਂ ਅਨੁਸਾਰ ਕਾਂਗਰਸ ਪਾਰਟੀ ਤਰਫ਼ੋਂ ਹੁਣ ਤੱਕ 86 ਉਮੀਦਵਾਰਾਂ ਦਾ ਐਲਾਨ ਕੀਤਾ ਗਿਆ ਹੈ ਜਿਨ੍ਹਾਂ ਚੋਂ ਕਰੀਬ ਡੇਢ ਦਰਜਨ ਉਮੀਦਵਾਰ ਹਲਕੇ ਤੋਂ ਬਾਹਰਲੇ ਹਨ ਜਿੱਥੋਂ ਉਨ੍ਹਾਂ ਨੂੰ ਟਿਕਟ ਦਿੱਤੀ ਗਈ ਹੈ। ਕਾਂਗਰਸ ਨੇ 20 ਫ਼ੀਸਦੀ ਉਮੀਦਵਾਰਾਂ ਨੂੰ ਟਿਕਟ ਦੇਣ ਸਮੇਂ ਹਲਕੇ ਦੇ ਲੀਡਰਾਂ ਨੂੰ ਨਜ਼ਰਅੰਦਾਜ਼ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ ਨੇ 94 ਉਮੀਦਵਾਰ ਐਲਾਨੇ ਹਨ ਜਿਨ੍ਹਾਂ ਚੋਂ 34 ਉਮੀਦਵਾਰ ਹਲਕਿਆਂ ਤੋਂ ਬਾਹਰਲੇ ਹਨ ਜੋ ਕਿ ਕਰੀਬ 36 ਫ਼ੀਸਦੀ ਬਣਦੇ ਹਨ।

ਆਮ ਆਦਮੀ ਪਾਰਟੀ ਤਰਫ਼ੋਂ 111 ਉਮੀਦਵਾਰ ਐਲਾਨੇ ਗਏ ਹਨ ਜਿਨ੍ਹਾਂ ਚੋਂ 16 ਉਮੀਦਵਾਰ ਹਲਕਿਆਂ ਤੋਂ ਬਾਹਰਲੇ ਹਨ ਜੋ ਕਿ ਕਰੀਬ 14 ਫ਼ੀਸਦੀ ਬਣਦੇ ਹਨ। ਸਿਆਸੀ ਧਿਰਾਂ ਵੱਲੋਂ ਜਿੱਤਣ ਦੀ ਸਮਰੱਥਾ ਦੇਖੀ ਗਈ ਜਾਂ ਫਿਰ ਆਪਣੇ ਚਹੇਤਿਆਂ ਨੂੰ ਨਿਵਾਜਣ ਲਈ ਦੂਸਰੇ ਹਲਕਿਆਂ 'ਚ ਉਤਾਰ ਦਿੱਤਾ ਗਿਆ। ਕਾਂਗਰਸ ਪਾਰਟੀ ਨੇ ਬਠਿੰਡਾ ਜ਼ਿਲ੍ਹੇ ਦੇ ਛੇ ਹਲਕਿਆਂ ਚੋਂ ਪੰਜ ਹਲਕਿਆਂ 'ਚ 'ਆਊਟ ਸਾਈਡਰ' ਚੋਣ ਮੈਦਾਨ ਵਿਚ ਉਤਾਰੇ ਹਨ। ਤਲਵੰਡੀ ਸਾਬੋ ਤੋਂ ਖੁਸ਼ਬਾਜ ਜਟਾਣਾ, ਭੁੱਚੋ ਮੰਡੀ ਤੋਂ ਪ੍ਰੀਤਮ ਕੋਟਭਾਈ, ਮੌੜ ਤੋਂ ਡਾ.ਮੰਜੂ ਬਾਲਾ ਬਾਂਸਲ ਹਲਕੇ ਤੋਂ ਬਾਹਰਲੇ ਹਨ।

ਮਲੋਟ ਤੋਂ ਕਾਂਗਰਸੀ ਉਮੀਦਵਾਰ ਰੁਪਿੰਦਰ ਰੂਬੀ ਵੀ ਆਊਟਸਾਈਡਰ ਹੈ ਜਦੋਂ ਕਿ ਦਾਖਾ ਹਲਕੇ ਤੋਂ ਉਮੀਦਵਾਰ ਐਲਾਨੇ ਕੈਪਟਨ ਸੰਦੀਪ ਸੰਧੂ ਵੀ ਫ਼ਰੀਦਕੋਟ ਦੇ ਰਹਿਣ ਵਾਲੇ ਹਨ। ਇਸੇ ਤਰ੍ਹਾਂ ਫਿਲੌਰ,ਅਮਲੋਹ,ਖੰਨਾ,ਨਿਹਾਲ ਸਿੰਘ ਵਾਲਾ, ਬਾਘਾ ਪੁਰਾਣਾ,ਸਮਾਨਾ, ਸੰਗਰੂਰ ਆਦਿ ਹਲਕਿਆਂ ਦੇ ਉਮੀਦਵਾਰ ਵੀ ਹਲਕੇ ਤੋਂ ਬਾਹਰਲੇ ਹਨ। ਸ਼੍ਰੋਮਣੀ ਅਕਾਲੀ ਦਲ ਨੇ ਲਹਿਰਾਗਾਗਾ, ਸੰਗਰੂਰ, ਧੂਰੀ,ਸੁਨਾਮ ਤੇ ਦਿੜ੍ਹਬਾ ਹਲਕੇ ਵਿੱਚ ਉਹ ਉਮੀਦਵਾਰ ਉਤਾਰੇ ਹਨ ਜੋ ਹਲਕੇ ਦੇ ਬਾਸ਼ਿੰਦੇ ਨਹੀਂ। ਬਠਿੰਡਾ ਦਿਹਾਤੀ 'ਚ ਅਬੋਹਰ ਦੇ ਪ੍ਰਕਾਸ਼ ਸਿੰਘ ਭੱਟੀ, ਹਲਕਾ ਮੌੜ ਵਿੱਚ ਮੁਕਤਸਰ ਦੇ ਜਗਮੀਤ ਸਿੰਘ ਬਰਾੜ ਨੂੰ ਉਤਾਰਿਆ ਗਿਆ ਹੈ।

ਫ਼ਿਰੋਜ਼ਪੁਰ ਸ਼ਹਿਰੀ ਵਿੱਚ ਗੁਰੂਹਰਸਹਾਏ ਦੇ ਵੋਹਰਾ ਨੂੰ ਅਤੇ ਡੇਰਾ ਬਾਬਾ ਨਾਨਕ ਹਲਕੇ ਵਿੱਚ ਫ਼ਤਿਹਗੜ੍ਹ ਚੂੜੀਆਂ ਹਲਕੇ ਦੇ ਬਾਸ਼ਿੰਦੇ ਨੂੰ ਟਿਕਟ ਦਿੱਤੀ ਗਈ ਹੈ। ਸ਼੍ਰੋਮਣੀ ਅਕਾਲੀ ਦਲ ਨੇ ਬਟਾਲਾ, ਬੰਗਾ, ਧਰਮਕੋਟ, ਜ਼ੀਰਾ, ਜਲਾਲਾਬਾਦ, ਫ਼ਾਜ਼ਿਲਕਾ, ਭੁੱਚੋ ਮੰਡੀ, ਆਤਮ ਨਗਰ, ਸਤਰਾਣਾ, ਰਾਜਪੁਰਾ, ਘਨੌਰ, ਸਨੌਰ ਆਦਿ ਵਿੱਚ ਹਲਕੇ ਤੋਂ ਬਾਹਰਲੇ ਉਮੀਦਵਾਰ ਨੂੰ ਉਤਾਰਿਆ ਹੈ। ਕਈ ਹਲਕੇ ਅਜਿਹੇ ਹਨ ਜਿੱਥੇ ਵੋਟਰ ਸਥਾਨਿਕ ਹਨ ਜਦੋਂ ਕਿ ਉਮੀਦਵਾਰ ਬਾਹਰਲੇ ਹਨ। ਪੈਰਾਸ਼ੂਟ ਉਮੀਦਵਾਰਾਂ ਅੱਗੇ ਹਲਕੇ ਦੇ ਲੋਕ ਠੱਗੇ ਮਹਿਸੂਸ ਕਰਦੇ ਹਨ। ਬਹੁਤੇ ਲੋਕਾਂ ਦਾ ਕਹਿਣਾ ਹੈ ਕਿ ਜਦੋਂ ਆਊਟਸਾਈਡਰ ਜਿੱਤ ਜਾਂਦੇ ਹਨ ਤਾਂ ਉਨ੍ਹਾਂ ਦੇ ਪਿੱਛੇ ਕੰਮ ਲਈ ਲੰਮਾ ਪੈਂਡਾ ਤੈਅ ਕਰਨਾ ਪੈਂਦਾ ਹੈ।

'ਆਪ' ਵੱਲੋਂ ਹਲਕਾ ਮਲੋਟ ਤੋਂ ਡਾ.ਬਲਜੀਤ ਕੌਰ ਨੂੰ ਉਤਾਰਿਆ ਗਿਆ ਹੈ ਜੋ ਕਿ ਮੁਕਤਸਰ ਦੇ ਬਾਸ਼ਿੰਦੇ ਹਨ। ਰਾਮਪੁਰਾ ਫੂਲ ਤੋਂ ਗਾਇਕ ਬਲਕਾਰ ਸਿੱਧੂ 'ਆਪ' ਉਮੀਦਵਾਰ ਹਨ ਜੋ ਭੁੱਚੋ ਹਲਕੇ ਦੇ ਰਹਿਣ ਵਾਲੇ ਹਨ। ਅਜਨਾਲਾ ਤੋਂ 'ਆਪ' ਉਮੀਦਵਾਰ ਕੁਲਦੀਪ ਸਿੰਘ ਧਾਲੀਵਾਲ ਵੀ ਹਲਕਾ ਰਾਜਾਸਾਂਸੀ ਦੇ ਰਹਿਣ ਵਾਲੇ ਹਨ। ਕਾਦੀਆਂ ਤੋਂ ਜਗਰੂਪ ਸੇਖਵਾਂ, ਅੰਮ੍ਰਿਤਸਰ ਕੇਂਦਰੀ ਤੋਂ ਅਜੇ ਗੁਪਤਾ, ਅੰਮ੍ਰਿਤਸਰ ਈਸਟ ਤੋਂ ਜੀਵਨਜੋਤ ਕੌਰ, ਅੰਮ੍ਰਿਤਸਰ ਉੱਤਰੀ ਤੋਂ ਕੁੰਵਰ ਵਿਜੇ ਪ੍ਰਤਾਪ ਅਤੇ ਖਰੜ ਤੋਂ 'ਆਪ' ਉਮੀਦਵਾਰ ਅਨਮੋਲ ਗਗਨ ਮਾਨ ਵੀ ਆਊਟ ਸਾਈਡਰ ਹਨ।

**ਏਹ ਲੋਕ ਭਾਵਨਾਵਾਂ ਦੀ ਤਰਜਮਾਨੀ ਨਹੀਂ : ਸੇਖੋਂ**

ਗੁਰੂ ਨਾਨਕ ਦੇਵ ਵਰਸਿਟੀ ਦੇ ਰਾਜਨੀਤੀ ਸ਼ਾਸਤਰ ਵਿਭਾਗ ਦੇ ਰਿਟਾ. ਅਧਿਆਪਕ ਜਗਰੂਪ ਸਿੰਘ ਸੇਖੋਂ ਆਖਦੇ ਹਨ ਕਿ ਪੈਰਾਸ਼ੂਟ ਉਮੀਦਵਾਰ ਅਸਲ ਵਿਚ ਹਲਕੇ ਦੀਆਂ ਲੋਕ ਭਾਵਨਾਵਾਂ ਦੀ ਤਰਜਮਾਨੀ ਨਹੀਂ ਕਰਦੇ ਬਲਕਿ ਸਿਆਸੀ ਧਿਰਾਂ ਵੱਲੋਂ ਸੱਤਾ ਹਾਸਲ ਕਰਨ ਲਈ ਆਪਣੇ ਮਨਪਸੰਦਾਂ ਨੂੰ ਹਲਕੇ 'ਤੇ ਥੋਪ ਦਿੱਤਾ ਜਾਂਦਾ ਹੈ ਜੋ ਸਿਆਸਤ 'ਚ ਨੈਤਿਕ ਗਿਰਾਵਟ ਦੀ ਨਿਸ਼ਾਨੀ ਹੈ। ਅਜਿਹੇ ਆਊਟ ਸਾਈਡਰ ਉਮੀਦਵਾਰਾਂ ਦੀ ਹਲਕੇ ਪ੍ਰਤੀ ਕੋਈ ਪ੍ਰਤੀਬੱਧਤਾ ਨਹੀਂ ਹੁੰਦੀ ਹੈ।

**ਲੋਕ ਰਾਜੀ ਪ੍ਰਕਿਰਿਆ ਨੂੰ ਹਾਈਜੈਕ ਕੀਤਾ : ਜੋਧਕਾ**

ਜਵਾਹਰ ਲਾਲ ਨਹਿਰੂ 'ਵਰਸਿਟੀ ਦਿੱਲੀ ਦੇ ਸਮਾਜ ਵਿਗਿਆਨ ਵਿਭਾਗ ਦੇ ਪ੍ਰੋ. ਸੁਰਿੰਦਰ ਜੋਧਕਾ ਆਖਦੇ ਹਨ ਕਿ ਚੋਣਾਂ ਮੌਕੇ ਹਲਕੇ 'ਚ ਲੋਕਾਂ ਦੀ ਪ੍ਰਤੀਨਿਧਤਾ ਕੌਣ ਕਰੇਗਾ, ਇਹ ਫ਼ੈਸਲਾ ਹਲਕੇ ਦੇ ਲੋਕ ਨਹੀਂ ਬਲਕਿ ਸਿਆਸੀ ਧਿਰਾਂ ਦੇ ਨੇਤਾ ਲੈਂਦੇ ਹਨ ਜਿਸ ਨਾਲ ਸਥਾਨਿਕ ਲੋਕਰਾਜ ਨੂੰ ਵੱਡੀ ਢਾਹ ਲੱਗਦੀ ਹੈ। ਉਨ੍ਹਾਂ ਕਿਹਾ ਕਿ ਲੋਕਰਾਜੀ ਪ੍ਰਕਿਰਿਆ ਨੂੰ ਹੁਣ ਹਾਈਜੈਕ ਕੀਤਾ ਜਾਣ ਲੱਗਾ ਹੈ ਤੇ ਲੋਕਾਂ ਦੀ ਇੱਛਾ ਜਾਂ ਭਾਵਨਾਵਾਂ ਦਾ ਕੋਈ ਮੁੱਲ ਨਹੀਂ ਰਹਿ ਗਿਆ ਹੈ। (ਪੰਜਾਬੀ ਟ੍ਰਿਬਿਊਨ ਵਿੱਚੋਂ ਧੰਨਵਾਦ ਸਹਿਤ)


**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।**



**Edmonton**
Sukhdev Singh Dhanoa
780 700 5022, 780 599 2000
Email: sukhdevdhanoa@gmail.com



**Regina**
Gurbinder Singh Gagowal
306 520 4313, 639 999 1000
Email: gur.gago@gmail.com



**Saskatoon**
Rishi Joshi
639 742 1200
639 999 1000
Rishijoshi1990 @hotmail.com




**Winnipeg**
Lakha Sehajpal Daudhar
204 891 0031
431 733 3000
lakhadaudhar007@gmail.com



**Winnipeg**
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# 'ਓਟ' ਨਾਵਲ : ਇੱਕ ਗ਼ੈਰ-ਰਸਮੀ ਵਿਸ਼ਲੇਸ਼ਣ



ਸਤਵੰਤ ਦੀਪਕ

'ਓਟ' ਨਾਵਲ (ਜੂਨ 2021) ਕੈਨੇਡਾ ਦੇ ਪ੍ਰਸਿੱਧ ਪੰਜਾਬੀ ਗਲਪਕਾਰ ਅਮਰਜੀਤ ਚਾਹਲ ਦਾ ਪਲੇਠਾ ਨਾਵਲ ਹੈ। ਉਂਞ ਉਹ ਇਕ ਸਮਰੱਥ ਕਹਾਣੀਕਾਰ ਦੇ ਤੌਰ 'ਤੇ ਪੰਜਾਬੀ ਸਾਹਿਤ ਜਗਤ ਵਿੱਚ 1980 ਵਿੱਚ ਛਪੇ ਆਪਣੇ ਪਲੇਠੇ ਕਹਾਣੀ-ਸੰਗ੍ਰਿਹ 'ਬਾਹਰੋਂ ਆਇਆ ਆਦਮੀ' ਨਾਲ਼ ਸਥਾਪਤ ਹੋ ਚੁੱਕਾ ਹੈ। ਇਹ ਮਾਣ ਵੀ ਅਮਰਜੀਤ ਚਾਹਲ ਨੂੰ ਜਾਂਦਾ ਹੈ ਕਿ ਇਹ ਕੈਨੇਡਾ ਵਿੱਚਲੇ ਕਿਸੇ ਪੰਜਾਬੀ ਸਾਹਿਤਕਾਰ ਦਾ ਕੈਨੇਡਾ ਵਿਚ ਇਮੀਗਰੈਂਟ ਲੋਕਾਂ ਦੀ ਤਰਜ਼ੇ-ਜ਼ਿੰਦਗੀ ਦੀਆਂ ਪ੍ਰਸਥਿਤੀਆਂ ਬਾਰੇ ਛਪਿਆ ਪਲੇਠਾ ਕਹਾਣੀ ਸੰਗ੍ਰਿਹ ਵੀ ਹੈ।


'ਓਟ' ਨਾਵਲ ਮਹਾਨ ਫ਼ਰਾਂਸੀਸੀ ਲੇਖਕ ਵਿਕਟਰ ਹਿਊਗੋ ਦੇ ਜਗਤ ਪ੍ਰਸਿੱਧ ਨਾਵਲ 'ਦਾ ਲਾਫ਼ਿੰਗ ਮੈਨ' (ਪੰਜਾਬੀ ਵਿੱਚ 'ਪੱਤਝੜ ਦੇ ਪੰਛੀ', ਅਨੁਵਾਦਕ ਨਾਨਕ ਸਿੰਘ) ਦੇ ਮੁੱਖ ਪਾਤਰ 'ਟਾਮ' ਅਤੇ 'ਡੀਆ' ਦੀ ਕਹਾਣੀ ਵਾਂਗ ਸਮਾਜ ਅਤੇ ਹਾਲਾਤ ਦੀਆਂ ਝੰਬੀਆਂ, ਦੋ ਮਲੂਕ ਜਿੰਦਾਂ ਦੀ ਤ੍ਰਾਸਦਿਕ ਦਾਸਤਾਨ ਹੈ। 'ਪੱਤਝੜ ਦੇ ਪੰਛੀ' ਵਿੱਚ ਟਾਮ ਤੇ ਡੀਆ ਸੱਚ ਮੁੱਚ ਪੱਤਝੜ ਦੇ ਪੰਛੀਆਂ ਦਾ ਜੋੜਾ ਹੈ। ਟਾਮ ਬਦਸ਼ਕਲ ਹੈ, ਤੇ ਡੀਆ ਅੰਨ੍ਹੀਂ। ਟਾਮ ਦੀ ਜੀਵਨ-ਬਹਾਰ 'ਤੇ ਮਨੁੱਖ ਦਾ ਅਤੇ ਡੀਆ 'ਤੇ ਕੁਦਰਤ ਦਾ ਕਹਿਰ ਢਹਿ ਪਿਆ। ਦੋਹਾਂ ਦਾ ਜੀਵਨ ਅਜਿਹੀ ਪੱਤਝੜ ਹੈ, ਜਿਸ 'ਤੇ ਕਦੇ ਵੀ ਬਹਾਰ ਨਹੀਂ ਆਉਂਦੀ। ਲੇਖਕ ਨੇ ਇਨ੍ਹਾਂ ਦੋਹਾਂ ਬਦਨਸੀਬਾਂ ਦਾ ਅਚਿੰਤੇ ਮੇਲ ਕਰਵਾ ਕੇ ਅੰਤ ਦੁਖਦਾਈ ਕਰ ਦਿਤਾ ਸੀ। ਪਰ 'ਓਟ' ਵਿੱਚਲੇ ਮੁੱਖ ਪਾਤਰਾਂ ਦੀ ਆਪੋ ਆਪਣੀ ਤ੍ਰਾਸਦਿਕ ਦਾਸਤਾਨ ਦੇ ਬਿਰਤਾਂਤ ਨਾਲ਼ ਸ਼ੁਰੂ ਕਰਕੇ, ਲੇਖਕ ਨੇ ਸਹਿਜੇ ਸਹਿਜੇ ਹਮਦਰਦੀ, ਪਿਆਰ, ਵਿਸ਼ਵਾਸ, ਦਿਲਟੁੰਬਵੀਆਂ ਸੂਖ਼ਮ ਮਨੋਵਿਗਿਆਨਕ ਛੋਹਾਂ ਦੇ ਕੇ ਅੰਤ 'ਤੇ ਸੁਖਾਂਤਿਕ ਰੁੱਖ ਦੇ ਦਿਤਾ ਹੈ। ਨਾਵਲ ਦੀ ਖ਼ੂਬੀ ਇਸ ਵਿੱਚ ਹੈ ਕਿ ਲੇਖਕ ਨੇ ਸੱਚੇ ਪਿਆਰ ਨੂੰ ਮਾਨਵੀ ਜ਼ਿੰਦਗੀ ਦਾ ਧੁਰਾ ਬਣਾ ਆਪਣੀ ਕਲਾ-ਕੌਸ਼ਲਤਾ ਅਤੇ ਪ੍ਰਭਾਵਸ਼ਾਲੀ ਅੰਦਾਜ਼ ਨਾਲ਼ ਅਖ਼ੀਰਲੇ ਕਾਂਡ ਦੇ ਅਖ਼ੀਰਲੇ ਸਫ਼ੇ ਦੇ ਅਖ਼ੀਰਲੇ ਪੈਰਿਆਂ ਵਿੱਚ ਦੋਹਾਂ ਨੂੰ ਇਕ ਦੂਜੇ ਦੇ ਗਲ਼ੇ ਮਿਲ਼ਦਿਆ ਸਿਰਜਿਆ ਹੈ, ਇਕ ਉਤਸੁਕਤਾ ਤੇ ਜਗਿਆਸਾ ਪਾਠਕ ਦੇ ਮਨ ਵਿੱਚ ਲਗਾਤਾਰ ਜਾਰੀ ਰਹਿੰਦੀ ਹੈ, ਇਹੀ ਪਿਆਰ ਦੀ ਜਿੱਤ ਤੇ ਮਨੁੱਖਤਾ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹੈ, ਅਤੇ ਨਾਵਲ ਦੇ ਨਾਂ 'ਓਟ' ਨਾਲ਼ ਪੂਰਾ ਇਨਸਾਫ਼ ਹੈ!

ਪੰਜਾਬੀ ਵਿੱਚ ਟਰੱਕ ਡਰਾਈਵਰਾਂ ਬਾਰੇ ਬਹੁਤ ਘੱਟ ਲਿਖਿਆ ਜਾਂ ਫ਼ਿਲਮਾਇਆ ਗਿਆ ਹੈ। ਜੋ ਕੁੱਝ ਗੀਤਾਂ ਵਿੱਚ ਪ੍ਰਚੱਲਤ ਹੈ, ਜੋ ਕੁੱਝ ਲਿਖਿਆ, ਜਾਂ ਫ਼ਿਲਮਾਇਆ ਗਿਆ ਹੈ ਉਸ ਵਿੱਚ ਆਮ ਤੌਰ 'ਤੇ ਟਰੱਕ ਡਰਾਈਵਰਾਂ ਦਾ ਬਿੰਬ ਨੇਕ ਇਨਸਾਨ ਵਾਲ਼ਾ ਨਾ ਪੇਸ਼ ਕਰਕੇ ਇਕ ਨੰਬਰ ਦੇ ਲੁੱਚਿਆਂ ਦੇ ਪੀਰ, ਉਜੱਡ, ਸ਼ਰਾਬੀ-ਕਬਾਬੀ ਤੇ ਜਰਦੇ-ਅਫ਼ੀਮ-ਡੋਡਿਆਂ ਦੇ ਨਸ਼ੇੜੀ, ਟਰੱਕਾਂ ਵਿੱਚ ਉੱਚੀ ਸੁਰ 'ਚ ਗੰਦੇ ਗੀਤ ਵਜਾਉਣ ਵਾਲ਼ੇ, ਚਰਿਤਰਹੀਣ, ਰੰਡੀਬਾਜ਼, ਬਿਗਾਨੀਆਂ ਔਰਤਾਂ ਦਾ ਪਾੜ ਖਾਣੀਆਂ ਨਜ਼ਰਾਂ ਨਾਲ਼ ਚੀਰ-ਹਰਨ ਕਰਨ ਵਾਲ਼ੇ ਵਜੋਂ ਸਿਰਜਿਆ ਜਾਂਦਾ ਰਿਹਾ ਹੈ। ਕੁੱਝ ਸੁਹਿਰਦ ਲੇਖਕਾਂ ਨੇ ਆਖ਼ਰ ਟਰੱਕ ਡਰਾਈਵਰਾਂ ਦੀ ਬਾਂਹ ਫੜੀ। ਇਸ ਸਿਲਸਿਲੇ ਵਿੱਚ ਬਲਦੇਵ ਸਿੰਘ 'ਸੜਕਨਾਮਾ' ਜ਼ਿਹਨ 'ਚ ਆਉਂਦਾ ਹੈ, ਜਿਸਨੇ 'ਸੜਕਨਾਮਾ' ਤੋਂ ਇਲਾਵਾ ਸੜਕਾਂ ਅਤੇ ਟਰੱਕ ਡਰਾਈਵਰਾਂ ਨੂੰ ਲੈ ਕੇ 'ਸੂਲੀ ਟੰਗੇ ਪਹਿਰ' ਅਤੇ 'ਜੀ. ਟੀ. ਰੋਡ' ਦੋ ਲਘੂ ਅਕਾਰ ਦੇ ਨਾਵਲ ਵੀ ਲਿਖੇ ਹਨ ਜਿਹੜੇ ਉਸਦੇ ਡਰਾਈਵਰੀ ਨਾਲ਼ ਸਬੰਧਿਤ ਕਿੱਤੇ ਨਾਲ ਜੁੜੇ ਹੋਏ ਹਨ। 'ਸੂਲੀ ਟੰਗੇ ਪਹਿਰ' ਨਾਵਲ ਟੈਕਸੀ ਡਰਾਈਵਰ ਸੁਰਜਣ ਸਿੰਘ ਦੀ ਕਲਕੱਤੇ ਸ਼ਹਿਰ ਵਿੱਚ ਟੈਕਸੀ ਚਲਾਉਂਦੇ ਦੀ ਪੂਰੇ ਦਿਨ ਦੀ ਕਹਾਣੀ ਹੈ। 'ਜੀ. ਟੀ. ਰੋਡ' ਵਿੱਚ ਟਰੱਕ ਡਰਾਈਵਰ 'ਬਾਸ਼ਾ' ਰੋਜ਼-ਮੱਰ੍ਹਾ ਜ਼ਿੰਦਗੀ ਦੀਆਂ ਪ੍ਰਸਥਿਤੀਆਂ ਨਾਲ਼ ਦੋ-ਚਾਰ ਹੁੰਦਾ ਨਜ਼ਰ ਆਉਂਦਾ ਹੈ। ਇਸੇ ਤਰ੍ਹਾਂ ਕੁੱਝ ਸਾਲ ਪਹਿਲਾਂ ਕੈਨੇਡਾ ਦੇ ਪ੍ਰਸਿੱਧ ਕਹਾਣੀਕਾਰ ਹਰਪ੍ਰੀਤ ਸੇਖਾ ਨੇ ਵੀ 'ਟੈਕਸੀਨਾਮਾ' ਲਿਖਿਆ ਸੀ, ਜਿਸ ਵਿੱਚ ਟੈਕਸੀ ਕਿੱਤੇ ਨਾਲ਼ ਸਬੰਧਤ ਸਮੱਸਿਆਵਾਂ, ਅਤੇ ਟੈਕਸੀ ਕਾਰੋਬਾਰ ਨਾਲ਼ ਸਬੰਧਿਤ ਅੰਕੜਿਆਂ ਦਾ ਵਰਨਣ ਸੀ। ਹੁਣੇ (ਨਵੰਬਰ 2021) ਹੀ ਟਰੱਕ-ਮਾਲਕਾਂ, ਬੈਂਕੁਇਟ ਹਾਲ-ਮਾਲਕਾਂ, ਇਮੀਗਰੈਂਟ ਕੰਨਸਲਟੈਂਟਾਂ ਅਤੇ ਮਿਡਲ-ਮੈਨਾਂ (ਦਲਾਲਾਂ) ਦੀ ਮਿਲ਼ੀ ਭੁਗਤ ਨਾਲ਼ ਐੱਲ. ਐਮ. ਆਈ. ਏ. (ਅਬੋਰੰ ਅਰਕਏਟ ਇਮਪਅਚਟ ਓਸ-ਸਏਸਸਮਏਨਟ) ਜਰ੍ਹੀਏ ਕੈਨੇਡਾ ਵਿੱਚ ਪੱਕੇ (ਪੀ.ਆਰ.) ਕਰਵਾਉਣ ਦੇ ਨਾਂ ਥੱਲੇ ਭਾਰਤ ਤੋਂ ਆ ਰਹੇ ਨਵੇਂ ਟਰੱਕ-ਚਾਲਕਾਂ ਦੇ ਕੀਤੇ ਜਾ ਰਹੇ ਆਰਥਿਕ ਅਤੇ ਮਾਨਸਿਕ ਸ਼ੋਸ਼ਣ ਬਾਰੇ ਉਸਦਾ ਪਲੇਠਾ ਨਾਵਲ 'ਹਨੇਰੇ ਰਾਹ' ਪ੍ਰਕਾਸ਼ਿਤ ਹੋਇਆ ਹੈ। ਇਹਨਾਂ ਲਿਖਤਾਂ ਵਿੱਚ ਸੜਕਾਂ ਉੱਤੇ ਦਿਨ ਰਾਤ ਢੋਆ-ਢੁਆਈ ਕਰਦੇ ਟਰੱਕ-ਚਾਲਕਾਂ ਨੂੰ ਦਰਪੇਸ਼ ਚੁਣੌਤੀਆਂ ਅਤੇ ਪ੍ਰਸਥਿਤੀਆਂ ਨਾਲ ਦੋ-ਚਾਰ ਹੋ ਰਹੇ, ਸੜਕਾਂ 'ਤੇ ਵਾਪਰਦੇ ਖ਼ਤਰਨਾਕ ਹਾਦਸੇ ਅਤੇ ਟਰੱਕ-ਚਾਲਕਾਂ ਨਾਲ਼ ਜੁੜੀਆਂ ਦੰਦ-ਕਥਾਵਾਂ ਦਾ ਜ਼ਿਕਰ ਹੈ। ਪਰ 'ਓਟ' ਵਿੱਚ ਇਨ੍ਹਾਂ ਨਾਲ਼ੋਂ ਵੱਡਾ ਵਾਧਾ ਇਹ ਹੈ ਕਿ ਮੁੱਖ ਪਾਤਰ ਮੁਖ਼ਤਾਰ ਆਪਣੀ ਹੱਡਬੀਤੀ ਦੱਸਦਿਆਂ ਨਾਲ਼ੋ-ਨਾਲ਼ ਨੈਸ਼ਨਲ ਹਾਈਵੇ ਅਤੇ ਟਰੱਕ-ਚਾਲਕ ਦੀ ਜ਼ਿੰਦਗੀ ਦਾ ਬਿਰਤਾਂਤ ਦੱਸਦੇ ਸਮੇਂ ਟਰੱਕਾਂ ਦੀਆਂ ਸਮੱਸਿਆਵਾਂ, ਰਸਤੇ 'ਚ ਪੈਂਦੇ ਸ਼ਹਿਰਾਂ, ਕਸਬਿਆਂ ਦੀ ਭੂਗੋਲਿਕ ਜਾਣਕਾਰੀ, ਇਤਿਹਾਸਕ ਵੇਰਵੇ ਤੇ ਨਾਲ਼ ਜੁੜੀਆਂ ਦੰਦ-ਕਥਾਵਾਂ, ਦਰਿਆਵਾਂ, ਝੀਲਾਂ, ਪਰਬਤਾਂ, ਝਰਨਿਆਂ, ਵਾਦੀਆਂ ਅਤੇ ਪ੍ਰਕਿਰਤੀ ਦੀ ਅਸੀਮ ਖ਼ੂਬਸੂਰਤੀ ਦਾ ਬਿਰਤਾਂਤ ਵੀ ਸਿਰਜਦਾ ਜਾਂਦਾ ਹੈ। ਜਿਸ ਗਹਿਰਾਈ ਅਤੇ ਬਾਰੀਕੀ ਨਾਲ਼ ਲੇਖਕ ਨੇ ਇਹ ਨੇੜਿਉਂ ਤੱਕਿਆ, ਮਹਿਸੂਸ ਕੀਤਾ ਤੇ ਬਿਆਨਿਆ ਹੈ, ਉਹ ਮਾਣ ਅਜੇ ਤੱਕ ਕੈਨੇਡਾ ਦੇ ਕਿਸੇ ਪੰਜਾਬੀ ਲੇਖਕ ਦੇ ਹਿੱਸੇ ਨਹੀਂ ਆਇਆ।

'ਓਟ' ਨਾਵਲ ਪੜ੍ਹਦਿਆਂ ਸਵ: ਸਾਧੂ ਸਿੰਘ ਧਾਮੀ ਦੇ 'ਮਲੂਕਾ' ਨਾਵਲ ਦਾ ਖ਼ਿਆਲ ਆਉਣਾ ਵੀ ਕੁਦਰਤੀ ਹੈ। ਇਹ ਜ਼ਰੂਰ ਲੇਖਕ ਦੇ ਅਵਚੇਤਨ ਵਿੱਚ ਰਿਹਾ ਹੋਵੇਗਾ। 'ਮਲੂਕਾ' ਵਿੱਚ ਮੁੱਖ ਪਾਤਰ 'ਮਲੂਕਾ' ਦੇ ਲੱਕੜ-ਮਿੱਲ ਵਿੱਚ ਕੰਮ ਕਰਦਿਆਂ, ਮਿੱਲ ਕਾਮਿਆਂ ਦੀ ਕੁੱਕ-ਹਾਊਸਾਂ ਵਿੱਚਲੀ ਰੋਜ਼-ਮੱਰ੍ਹਾ ਜ਼ਿੰਦਗੀ, ਭਾਰਤੀ ਕਾਮਿਆਂ ਨਾਲ਼ ਹੁੰਦੇ ਨਸਲਵਾਦ, ਭਾਰਤ ਵਿਚ ਬ੍ਰਤਾਨਵੀ ਰਾਜ ਦੇ ਜ਼ੁਲਮ ਦਾ ਇਤਿਹਾਸ, ਅਤੇ ਗ਼ਦਰ ਪਾਰਟੀ ਦੇ ਯੋਧਿਆਂ ਦੀ ਬੀਰਗਾਥਾ ਦਾ ਭਰਪੂਰ ਵਰਣਨ ਮਿਲਦਾ ਹੈ। ਇਸੇ ਤਰ੍ਹਾਂ 'ਓਟ' ਵਿੱਚ ਮੁੱਖ ਪਾਤਰ ਮੁਖ਼ਤਾਰ ਆਪਣੀ ਤ੍ਰਾਸਦੀ ਦੱਸਦਾ ਹੋਇਆ, ਨਾਲ਼ੋ ਨਾਲ਼ ਟਰੱਕ ਚਾਲਕਾਂ ਦੀਆਂ ਸਮੱਸਿਆਵਾਂ, ਟਰੱਕ ਮਾਲਕਾਂ ਦੀਆਂ ਵਧੀਕੀਆਂ, ਟਰੈਫ਼ਿਕ-ਪੁਲਸ ਵੱਲੋਂ ਨਸਲੀ ਵਿਤਕਰਾ ਅਤੇ ਖੱਜਲ਼-ਖ਼ੁਆਰੀ, ਖੇਤ ਕਾਮਿਆਂ ਦੀ ਦੁਰਦਸ਼ਾ, ਖ਼ਾਲਿਸਤਾਨੀਆਂ ਦੀ ਤੱਪੜਾਂ/ਕੁਰਸੀਆਂ ਦੇ ਨਾਂ ਥੱਲੇ ਗੁਰਦਵਾਰਿਆਂ 'ਤੇ ਕਬਜ਼ੇ ਕਰਨ ਦੀ ਰਾਜਨੀਤੀ ਆਦਿ ਦਾ ਬਾਰੀਕੀ ਨਾਲ਼ ਜ਼ਿਕਰ ਕਰਦਾ ਜਾਂਦਾ ਹੈ।

'ਓਟ' ਨਾਵਲ ਦੀ ਕਹਾਣੀ ਦਾ ਬਿਰਤਾਂਤਕਾਰ 'ਮੁਖ਼ਤਾਰ' 'ਮੈਂ' ਦੇ ਰੂਪ ਵਿੱਚ ਪੰਜਾਬ ਵਿੱਚ ਥੁੜ-ਜ਼ਮੀਨੇ, ਆਰਥਿਕ ਤੰਗੀਆਂ ਦੇ ਝੰਬੇ ਪਰਵਾਰ ਦਾ ਨੌਜਵਾਨ, ਕੈਨੇਡਾ ਵਿੱਚ 'ਅਰੇਂਜਡ ਮੈਰਿਜ' ਦੇ ਬੇਸ 'ਤੇ ਆਏ, ਸੁਹਾਗ ਰਾਤ ਨੂੰ ਹੀ ਵਿਆਂਦੜ ਕੁੜੀ ਦੇ ਹੋਟਲ 'ਚੋਂ ਭੱਜ ਜਾਣ, ਪਰ ਕੈਨੇਡਾ ਵਿੱਚ ਲੈਂਡਿਡ ਇਮੀਗਰੈਂਟ ਬਣਨ ਖ਼ਾਤਰ ਜ਼ੁਬਾਨ ਬੰਦ ਰੱਖਣ ਅਤੇ ਜਜ਼ਬਾਤ ਦਿਲ ਅੰਦਰੇ ਛੁਪਾ ਲੈਣ ਲਈ ਕੌੜਾ ਘੁੱਟ ਭਰਨ, ਆਪਣੇ ਪਿੱਛੇ ਰਹਿ ਗਏ ਭੈਣ ਭਰਾਵਾਂ ਦੇ ਰੌਸ਼ਨ ਭਵਿੱਖ ਲਈ ਸਹੁਰਿਆਂ ਦੇ ਘਰ ਦਾ ਗੋਲਾ-ਧੰਦਾ ਕਰਨ ਅਤੇ ਸਹੁਰੇ/ਸਾਲ਼ਿਆਂ ਦੇ ਜ਼ੁਲਮ ਦਾ ਸ਼ਿਕਾਰ, ਫ਼ਾਰਮਾਂ ਵਿੱਚ ਕੰਮ ਅਤੇ ਸਕਿਉਰਟੀ ਗਾਰਡ ਬਣਨ ਵਰਗੇ ਕਈ ਪਾਪੜ ਵੇਲ ਕੇ ਆਖ਼ਰ ਆਪਣੇ ਟਰੱਕ-ਚਾਲਕ ਮਿੱਤਰ ਬਲਜੋਤ ਨਿੱਕੂ ਦੀ ਹੱਲਾ-ਸ਼ੇਰੀ ਨਾਲ਼ ਸਰ੍ਹੀ ਤੋਂ ਕੈਲਗਰੀ ਵਾਲ਼ੇ ਰੂਟ 'ਤੇ ਟਰੱਕ-ਚਾਲਕ ਬਣ ਜਾਂਦਾ ਹੈ।

ਇਸਤਰੀ ਪਾਤਰ ਮੰਦਾਕਿਨੀ ਜ਼ਿਹਨੀ ਅਤੇ ਜਿਸਮਾਨੀ ਸ਼ੋਸ਼ਣ ਦਾ ਸ਼ਿਕਾਰ ਹੋਈ ਔਰਤ ਹੈ, ਜਿਸਨੂੰ ਗਿੰਦਰ ਵਰਗੇ ਗਲੀਜ਼ ਬੰਦੇ ਨੇ ਇੰਡੀਆ ਤੋਂ ਕੈਨੇਡਾ ਵਿੱਚ ਸੁਨਹਿਰੀ ਜ਼ਿੰਦਗੀ ਦੇ ਸਬਜ਼ਬਾਗ਼ ਦਿਖਾ ਕੇ ਪੰਜਾਬ ਦੇ ਇਕ ਕਸਬੇ ਦੀ ਛੋਟੇ ਬੱਚਿਆਂ ਨੂੰ ਪੜ੍ਹਾਉਣ ਵਾਲ਼ੀ ਮਾਸੂਮ ਅਧਿਆਪਕਾ ਨੂੰ ਵਰਗਲ਼ਾ ਕੇ ਨੈਨੀ ਦੇ ਤੌਰ 'ਤੇ ਕੈਨੇਡਾ ਪਹੁੰਚਦੀ ਕਰ ਦਿਤਾ, ਪਰ ਇਥੇ ਆਕੇ ਧੋਖੇ ਨਾਲ਼ ਉਸਦਾ ਪਾਸਪੋਰਟ ਜਬਤ ਕਰਕੇ, ਉਸ ਦੀ ਕੁੱਟਮਾਰ, ਜਬਰੀ ਸ਼ਰਾਬ ਪਿਲਾ ਕੇ, ਸਮੂਹਕ ਜਿਸਮਾਨੀ ਸ਼ੋਸ਼ਣ ਕਰਕੇ ਉਸਨੂੰ ਇਕ ਇੱਜ਼ਤਦਾਰ, ਸ਼ਰੀਫ਼, ਸਾਊ ਸੁਆਣੀ ਤੋਂ 'ਵੇਸਵਾ' ਬਣਾ ਦਿਤਾ। ਗਿੰਦਰ ਦੀ ਇਸ ਚੁੰਗਲ਼ 'ਚੋਂ ਉਸਦਾ ਹੀ ਇਕ ਦੋਸਤ ਇਸ ਔਰਤ ਨਾਲ਼ ਕੀਤੇ ਆਪਣੇ ਗੁਨਾਹਾਂ ਦੇ ਪਸ਼ਚਾਤਾਪ ਵਜੋਂ ਉਸਨੂੰ ਮਾਮੂਲੀ ਵਾਕਫ਼ੀਅਤ ਵਾਲ਼ੇ ਅਣੋਬੜ ਟਰੱਕ ਡਰਾਈਵਰ ਦੇ ਰਹਿਮੋ-ਕਰਮ 'ਤੇ ਛੱਡ ਦਿੰਦਾ ਹੈ ਕਿ ਉਹ ਉਸਨੂੰ ਸਰ੍ਹੀ ਤੋਂ ਕੈਲਗਰੀ ਅੱਪੜਦੀ ਕਰ ਦੇਵੇ। ਇਹ ਨਾਵਲ ਦੋ ਪੀੜਤ ਜ਼ਿੰਦਾਂ ਦੇ ਸਰ੍ਹੀ ਤੋਂ ਕੈਲਗਰੀ ਦੇ ਸਾਂਝੇ ਸਫ਼ਰ ਦਾ ਕਥਾਨਕ ਹੈ।



ਨਾਵਲ ਵਿੱਚ ਕਲਾਤਮਿਕ ਉਤਸੁਕਤਾ ਅਤੇ ਜਗਿਆਸਾ ਪੈਦਾ ਕਰਨ ਲਈ ਸਹਾਇਕ ਪਾਤਰ ਤਰਨਜੀਤ ਉਰਫ਼ ਟੈਰੀ ਉਰਫ਼ ਤਾਰੋ ਵਾਲੀ ਕਹਾਣੀ ਕਹਿਣ ਖ਼ਾਤਰ ਲੇਖਕ ਨੇ ਨਾਵਲ ਦਾ ਆਰੰਭ ਬੀ. ਸੀ. ਦੇ 'ਗੋਲਡਨ' ਸ਼ਹਿਰ ਤੋਂ ਕੀਤਾ ਹੈ ਜੋ ਬੜਾ ਦਿਲਚਸਪ ਹੈ, ਅਤੇ ਨਾਵਲ ਦੀ ਤੰਦ ਅੱਗੇ ਤੋਰਦਾ ਹੈ। ਤਰਨਜੀਤ ਗੋਲਡਨ ਦੇ ਇਕ ਟਰੱਕ ਸਟਾਪ ਦੇ ਰੈਸਟੋਰੈਂਟ ਦੇ ਕਿਚਨ ਵਿੱਚ ਕੰਮ ਕਰਦੀ ਪੰਜਾਬੀ ਔਰਤ ਹੈ ਜਿਸ ਦਾ ਸਹੁਰਾ ਅੱਤ ਦਾ ਸ਼ਾਤਰ, ਲਾਲਚੀ, ਕੰਜੂਸ ਤੇ ਕਮੀਨਾ ਹੈ, ਉਹ ਪਰਵਾਰ ਦੀ ਏਕਤਾ ਤੇ ਅਖੰਡਤਾ ਦੀ ਆੜ ਹੇਠ ਤਰਨਜੀਤ ਦੀ ਕਮਾਈ ਵੀ ਆਪਣੀ ਤਲੀ 'ਤੇ ਟਿਕਵਾਉਂਦਾ ਹੈ, ਮਸਕੀਨ ਜਿਹਾ ਬਣ ਕੇ ਤਰਨਜੀਤ ਦੇ ਮਾਂ-ਪਿਉ ਨੂੰ ਭਾਰਤ ਤੋਂ ਕਦੇ ਵੀ ਇਥੇ ਨਾ ਬੁਲਾਉਣ ਦਾ ਤਰਨਜੀਤ ਤੋਂ ਪ੍ਰਣ ਕਰਵਾਉਂਦਾ ਹੈ। ਤਰਨਜੀਤ ਦੀ ਆਪਣੇ ਅਪਾਹਜ ਪਤੀ ਨਾਲ਼ ਨਹੀਂ ਨਿਭਦੀ ਤੇ ਉਹ ਅਲੱਗ ਰਹਿੰਦੀ ਹੈ। ਟਰੱਕ-ਚਾਲਕ ਮੁਖ਼ਤਾਰ ਦਾ ਅਕਸਰ ਉਸ ਟਰੱਕ ਸਟਾਪ 'ਤੇ ਠਹਿਰਾਓ ਹੁੰਦਾ ਹੈ ਜਿਥੇ ਦੋਹਾਂ ਦੀ ਮੁਲਾਕਾਤ ਹੁੰਦੀ ਹੈ ਅਤੇ ਗੱਲ ਆਹਿਸਤਾ ਆਹਿਸਤਾ 'ਚੰਗੇ ਲੱਗਣ' ਤੋਂ ਸਹਿਜ ਪਿਆਰ ਵੱਲ ਵਧਦੀ ਹੈ। ਇਸੇ ਦੌਰਾਨ ਅਚਾਨਕ ਮੰਦਾਕਿਨੀ ਵਾਲ਼ਾ ਦੋ-ਰੋਜ਼ਾ ਤੇ ਵਿੱਚਕਾਰਲੀ ਰਾਤ ਦਾ ਸਫ਼ਰ ਸ਼ੁਰੂ ਹੋ ਜਾਂਦਾ ਹੈ। ਅੰਤ ਵਿੱਚ ਤਰਨਜੀਤ ਦਾ ਕੀ ਬਣਿਆ? ਇਹ ਉਤਸੁਕਤਾ ਲੇਖਕ ਨੇ ਸੁਚੇਤ ਤੌਰ 'ਤੇ ਪਾਠਕ ਦੇ ਮਨ ਵਿੱਚ ਬਣੀ ਰਹਿਣ ਦਿੱਤੀ ਹੈ ਜੋ ਸ਼ਾਇਦ ਅਗਲੇ ਨਾਵਲ ਦੇ ਸਕੋਪ ਲਈ ਰਾਹ ਖੋਲ੍ਹਦੀ ਹੈ।

ਨਾਵਲ ਵਿੱਚ ਕੈਨੇਡਾ ਦੇ ਇਕੋ ਇਕ ਨੈਸ਼ਨਲ ਹਾਈਵੇ (ਹਾਈਵੇ # 1) ਅਤੇ ਇਸ ਉੱਪਰ ਦਿਨ-ਰਾਤ ਚੱਲਦੇ ਟਰੱਕਾਂ, ਘਰੋਂ ਚੰਗੇ ਭਵਿੱਖ ਦੀ ਤਲਾਸ਼ ਵਿੱਚ ਤੁਰੇ, ਘਰ ਪਰਵਾਰ ਦੀਆਂ ਲੋੜਾਂ ਦੀ ਪੂਰਤੀ ਲਈ ਦਿਨ-ਰਾਤ ਇਕ ਕਰਦੇ, ਟੱਬਰ ਦੇ ਜੀਆਂ ਅਤੇ ਘਰ ਦੀਆਂ ਸੁਖ-ਸਹੂਲਤਾਂ ਤੋਂ ਦੂਰ, ਅੱਖਾਂ 'ਚ ਰਾਤਾਂ ਦਾ ਉਨੀਂਦਰਾ ਝੱਲਦੇ, ਟਰੱਕ-ਮਾਲਕਾਂ ਦੀਆਂ ਵਧੀਕੀਆਂ ਸਹਿੰਦੇ, ਪਿੰਡਾ-ਲੂੰਹਦੀ ਗਰਮੀ ਅਤੇ ਬਰਫ਼ੀਲੇ ਮੌਸਮ ਵਿੱਚ ਮੌਤ ਦੀ ਘਾਟੀ ਵਰਗੇ ਖ਼ਤਰਨਾਕ ਰਾਹਾਂ 'ਤੇ ਰੋਟੀ-ਰੋਜ਼ੀ ਲਈ ਮਜਬੂਰ ਟਰੱਕ-ਚਾਲਕਾਂ ਦੀ ਜ਼ਿੰਦਗੀ ਨੂੰ ਅੰਦਰੋਂ ਦੇਖਣ ਦਾ ਮੌਕਾ ਮਿਲਦਾ ਹੈ। ਕੁੱਝ ਲੋਕ ਇਸ ਦੇ ਵਿਰੋਧ ਵਿੱਚ ਕਹਿੰਦੇ ਹਨ ਕਿ ਟਰੱਕ ਚਲਾਉਣਾ ਹੁਣ ਉਨਾ ਜੋਖ਼ਮ ਵਾਲ਼ਾ ਕਿੱਤਾ ਨਹੀਂ ਰਿਹਾ। ਅਜਿਹੇ ਲੋਕ ਇਹ ਪੱਖ ਰੱਖਦੇ ਹਨ ਕਿ ਟਰੱਕ ਅੰਦਰ ਚੰਗੇ ਹੋਟਲ ਵਰਗੀਆਂ ਸਭ ਸੁਵਿਧਾਵਾਂ ਹਨ। ਪਹਿਲਾਂ ਵਾਲ਼ੀਆਂ ਗੱਲਾਂ ਨਹੀਂ ਰਹੀਆਂ। ਆਧੁਨਿਕ ਟਰੱਕ ਅੰਦਰੋਂ ਪੂਰੇ ਆਲੀਸ਼ਾਨ ਹੁੰਦੇ ਹਨ, ਮੈਨੂਅਲ ਗੀਅਰਾਂ ਦੀ ਥਾਂ ਆਟੋਮੈਟਿਕ ਗੀਅਰ ਹੁੰਦੇ ਹਨ, ਗੇਜਾਂ ਨਾਲ਼ ਭਰੀ ਡੈਸ਼ਬੋਰਡ ਦੀ ਕੰਪਿਊਟਰ ਵਰਗੀ ਸਕਰੀਨ ਹਵਾਈ ਜਹਾਜ਼ ਦੇ ਕਾਕ-ਪਿੱਟ ਦਾ ਭੁਲੇਖਾ ਪਾਉਂਦੀ ਹੈ। ਗਹਿਣਿਆਂ ਨਾਲ਼ ਲੱਦੀਆਂ ਟਰੱਕਾਂ ਵਾਲ਼ਿਆਂ ਦੀਆਂ ਸ਼ੌਕੀਨ ਪਤਨੀਆਂ 'ਹੱਮਰਾਂ' 'ਤੇ ਚੜ੍ਹ ਕੇ ਸਟੋਰਾਂ ਦੀ ਗੇੜੀ ਲਾਉਂਦੀਆਂ ਦਿਸਦੀਆਂ ਹਨ। ਬਹੁਤ ਟਰੱਕਾਂ ਵਾਲ਼ਿਆਂ ਦੇ ਫ਼ਾਰਮ ਜਾਂ ਹੋਰ 'ਸਾਈਡ' ਬਿਜ਼ਨੈੱਸ ਹਨ। ਅੰਨ੍ਹੀ ਕਮਾਈ ਹੈ, ਬਾਬੇ ਦੀ 'ਫੁੱਲ ਕਿਰਪਾ' ਹੈ, ਤੇ ਕਾਟੋ ਫੁੱਲਾਂ 'ਤੇ ਖੇਡਦੀ ਹੈ! ਟਰੱਕਾਂ ਵਿੱਚ ਮੋਬਾਈਲ ਫ਼ੋਨ ਲਈ ਬਲੂ-ਟੂਥ, ਏਅਰ ਕੰਡੀਸ਼ਨ ਤੇ ਹੀਟ, ਫ਼ਰਿੱਜ, ਸੌਣ ਲਈ ਸਲੀਪਰ ਬੈੱਡ, ਤੇ ਕਈਆਂ ਵਿੱਚ ਤਾਂ ਨਹਾਉਣ ਲਈ ਸ਼ਾਵਰ ਦੀ ਵੀ ਸੁਵਿਧਾ ਹੁੰਦੀ ਹੈ। ਹੁਣ ਤਾਂ ਟਰੱਕਾਂ ਵਾਲ਼ਿਆਂ ਦੇ ਆਪਣੇ ਟੀ. ਵੀ. ਚੈਨਲਾਂ ਉੱਪਰ ਟਰੱਕਿੰਗ ਇੰਡਸਟਰੀ ਬਾਰੇ ਸ਼ੋਅ ਚੱਲਦੇ ਹਨ। ਬਹੁਤ ਸਾਰੇ ਟਰੱਕਾਂ 'ਤੇ ਪਤੀ-ਪਤਨੀ, ਗਰਲ-ਫ਼ਰਿੰਡ/ ਬੁਆਏ-ਫ਼ਰਿੰਡ ਦੀਆਂ ਜੋੜੀਆਂ ਚੱਲਦੀਆਂ ਹਨ ਜੋ ਬਦਲ ਬਦਲ ਕੇ ਆਪਣੀ ਸ਼ਿਫ਼ਟ ਲਾਉਂਦੇ ਚਲੇ ਜਾਂਦੇ ਹਨ। ਇਸ ਤਰ੍ਹਾਂ ਆਪਣੇ ਪਾਰਟਨਰ ਤੋਂ ਵਿਛੋੜੇ ਦਾ ਉਨਾ ਸੱਲ ਨਹੀਂ ਸਹਿਣਾ ਪੈਂਦਾ। ਪਰ ਉਹ ਲੋਕ ਭੁੱਲ ਜਾਂਦੇ ਹਨ ਕਿ ਟਰੱਕ-ਮਾਲਕ ਤੇ ਟਰੱਕ-ਚਾਲਕ ਵਿੱਚ ਬਹੁਤ ਅੰਤਰ ਹੈ। ਕਿ ਘਰ, ਘਰ ਹੀ ਹੁੰਦਾ ਹੈ। ਜ਼ਰਾ ਕਿਆਸ ਕਰੋ ਘੁੱਪ ਹਨੇਰੀਆਂ ਬਰਫ਼ੀਲੀਆਂ ਰਾਤਾਂ, ਨਾਗ-ਵਲ਼ ਖਾਂਦੀਆਂ, ਬਾਰਸ਼, ਫਲੱਡ, ਸਨੋ, ਜੰਮੀ ਬਰਫ਼ ਨਾਲ਼ ਸ਼ੀਸ਼ੇ ਵਾਂਗ ਲਿਸ਼ਕਦੀਆਂ ਤੇ ਧੁੰਦ ਵਿੱਚ ਗਲੇਫ਼ੀਆਂ ਸੜਕਾਂ, ਵਿੰਡਸ਼ੀਲਡ ਉੱਤੇ ਬਾਰੂਦ ਦੇ ਛੱਰਿਆਂ ਵਾਂਗ ਵਰ੍ਹਦੇ ਸਨੋ ਦੇ ਤੋਦਿਆਂ ਵਿੱਚ ਕਿਸ ਮਾਈ ਦੇ ਲਾਲ ਦਾ ਜੀਅ ਰਜਾਈ 'ਚੋਂ ਬਾਹਰ ਨਿਕਲਣ ਨੂੰ ਕਰਦਾ ਹੈ? ਪਰ ਸਦਕੇ ਜਾਈਏ ਇਹਨਾਂ ਸਿਦਕੀ ਟਰੱਕ ਡਰਾਈਵਰਾਂ ਦੇ ਜੋ ਜਾਨ ਜੋਖਮ ਵਿੱਚ ਪਾ ਕੇ ਲੋਕਾਈ ਨੂੰ ਗਰੋਸਰੀ ਅਤੇ ਬਾਕੀ ਸਮੱਗਰੀ ਪਹੁੰਚਾਉਂਦੇ ਹਨ। ਵੱਡੀ ਗਿਣਤੀ ਵਿੱਚ ਪੰਜਾਬੀ ਡਰਾਈਵਰ ਇਸ ਟਰੱਕਿੰਗ ਦੇ ਕਿੱਤੇ ਵਿੱਚ ਹਨ ਜੋ ਹਾਈਵੇ 'ਤੇ ਲੌਂਗ-ਸ਼ਿਫ਼ਟ ਚੱਲਦੇ ਹਨ। ਟਰੱਕ ਦੇ ਕਲੱਚ ਨੱਪ ਕੇ ਗੀਅਰ ਬਦਲਦਿਆਂ ਗਿੱਟੇ-ਗੋਡੇ ਰਹਿ ਜਾਂਦੇ ਹਨ ਤੇ ਢਿੱਡ ਦੀਆਂ ਆਂਦਰਾਂ ਖਿੱਚੀਆਂ ਜਾਂਦੀਆਂ ਹਨ। ਟਰੱਕ-ਚਾਲਕਾਂ ਨੂੰ ਤਾਂ ਅੱਖਾਂ ਵੀ ਖੁੱਲ੍ਹੀਆਂ ਰੱਖ ਕੇ ਸੌਣਾ ਪੈਂਦਾ ਹੈ! ਉਨ੍ਹਾਂ ਨੂੰ ਆਪਣੇ ਪਰਵਾਰ ਅਤੇ ਬੱਚਿਆਂ ਨਾਲ਼ ਸਮਾਂ ਬਿਤਾਉਣ, ਉਨ੍ਹਾਂ ਦੀ ਪਰਵਰਸ਼, ਪੜ੍ਹਾਈ-ਲਿਖਾਈ ਅਤੇ ਸਪੋਰਟਸ ਵਿੱਚ ਸਹਾਇਤਾ, ਆਦਿ ਤੋਂ ਵਿਰਵੇ ਰਹਿਣਾ ਪੈਂਦਾ ਹੈ। ਕਸਰਤ ਦੀ ਘਾਟ, ਉਨੀਂਦਰੇ, ਲਗਾਤਾਰ ਲੰਬਾ ਸਮਾਂ ਇਕੋ ਪੋਜ਼ੀਸ਼ਨ ਵਿੱਚ ਬੈਠਿਆਂ ਰਹਿਣ ਕਰਕੇ ਸਰੀਰਕ ਬੀਮਾਰੀਆਂ- ਮੁਟਾਪਾ, ਡਾਇਬੀਟੀਜ਼, ਬਲੱਡ ਪਰੈਸ਼ਰ, ਕੋਲਿਸਟਰੋਲ, ਅਤੇ ਹੋਰ ਅਨੇਕ ਅਲਾਮਤਾਂ ਚੰਬੜ ਜਾਂਦੀਆਂ ਹਨ। ਕਈ ਡਰਾਈਵਰ ਹੌਲ਼ੀ ਹੌਲ਼ੀ ਸ਼ਰਾਬ, ਜਰਦੇ, ਭੁੱਕੀ ਅਤੇ ਹੋਰ ਨਸ਼ਿਆਂ ਦੇ ਘੋਰੀ ਹੋ ਜਾਂਦੇ ਹਨ। ਮੁੱਕਦੀ ਗੱਲ, ਟਰੱਕ ਬੰਦੇ ਦੇ ਹੱਡਾਂ 'ਚ ਬਹਿ ਜਾਂਦਾ ਹੈ! ਜਿਹੜਾ ਇਕ ਵਾਰ ਟੈਕਸੀ ਜਾਂ ਟਰੱਕਾਂ 'ਚ ਪੈ ਗਿਆ ਉਹ ਉਮਰ ਭਰ ਲਈ ਇਸਦਾ ਗ਼ੁਲਾਮ ਬਣ ਜਾਂਦਾ ਹੈ। ਨਾ ਬੰਦਾ ਟਰੱਕ ਨੂੰ ਛੱਡ ਸਕਦਾ ਹੈ ਤੇ ਨਾ ਹੀ ਟਰੱਕ ਬੰਦੇ ਨੂੰ ਛੱਡਣ ਦਿੰਦਾ ਹੈ। ਖ਼ੂਹ ਦੀ ਮਿੱਟੀ ਖ਼ੂਹ ਨੂੰ ਹੀ ਲੱਗ ਜਾਂਦੀ ਹੈ! ਮੇਰੇ ਕਰੀਬੀ ਦੋਸਤੀ ਦੇ ਘੇਰੇ ਵਿੱਚ ਅਨੇਕ ਮਿੱਤਰ ਦੋਸਤ ਤੇ ਰਿਸ਼ਤੇਦਾਰ ਜੋ ਇਸ ਕਿੱਤੇ ਵਿੱਚ ਹਨ ਇਸ ਦੇ ਜ਼ਾਹਰਾ-ਜ਼ਹੂਰ ਗਵਾਹ ਹਨ।

ਆਪਣੇ ਸਿਵਲ (ਟਰਾਂਸਪੋਰਟੇਸ਼ਨ) ਇੰਜਨੀਅਰਿੰਗ ਪ੍ਰੋਫ਼ੈਸ਼ਨਲ ਕਾਰਜ-ਕਾਲ਼ ਦੌਰਾਨ ਇਹਨਾਂ ਸਤਰਾਂ ਦੇ ਲੇਖਕ ਨੂੰ ਇਤਫ਼ਾਕ ਨਾਲ਼ ਇਸ ਹਾਈਵੇ ਵਿੱਚਲੇ ਸਭ ਤੋਂ ਖ਼ਤਰਨਾਕ ਹਿੱਸੇ – ਕੈਸ਼ ਕਰੀਕ ਟੂ ਰੌਕੀਜ਼ ਪ੍ਰੋਗਰਾਮ (ਛਅਚਹਏ ਛਰਏਕ ਟੋ੍ ਰਚਕਇਸ ਫਰੋਗਰਅਮ) ਤਹਿਤ ਕੋਲੰਬੀਆ ਰਿਵਰ ਬਰਿੱਜ ਤੋਂ ਲੈ ਕੇ ਗੋਲਡਨ, ਅਤੇ ਗੋਲਡਨ ਤੋਂ ਅਲਬਰਟਾ ਬਾਰਡਰ ਤੱਕ ਦੇ ਹਾਈਵੇ ਕਾਰੀਡੋਰ ਦੀ ਅਲਾਈਨਮੈਂਟ ਤੇ ਰਾਈਟ-ਆਫ਼-ਵੇ ਦੀ ਨਿਸ਼ਾਨਦੇਹੀ, ਅਤੇ ਮੁੱਢਲੇ (ਫਰਏਲਮਿਨਿਅਰੇ) ਡੀਜ਼ਾਈਨ ਕਰਨ ਦਾ ਅਵਸਰ ਵੀ ਪ੍ਰਾਪਤ ਹੋਇਆ, ਇਹ ਸਾਰਾ ਸੈਕਸ਼ਨ ਲੇਖਕ ਨੇ ਕਈ ਵਾਰੀ ਗਾਹਿਆ ਹੈ। ਖ਼ਾਸ ਤੌਰ 'ਤੇ ਗੋਲਡਨ ਤੋਂ ਫੀਲਡ ਤੱਕ ਦੇ 20-25 ਕਿਲੋਮੀਟਰ ਦੇ ਕਿੱਕਿੰਗ ਹਾਰਸ ਕੈਨੀਅਨ ਵਾਲ਼ੇ ਇਸ ਸੈਕਸ਼ਨ ਵਿੱਚ ਸੜਕ ਦੇ ਇਕ ਪਾਸੇ ਉੱਚੇ, ਵਿਸ਼ਾਲ 'ਰਾਕੀ ਮਾਊਂਟੇਨ' ਪਰਬਤ ਮਾਲ਼ਾ ਹੈ ਜਿਨ੍ਹਾਂ ਤੋਂ ਹਾਈਵੇ 'ਤੇ ਹਰ ਵਕਤ ਪੱਥਰਾਂ ਦੇ ਡਿੱਗਦੇ ਰਹਿਣ ਕਾਰਨ ਮੌਤ ਦਾ ਖ਼ੌਫ਼ ਸਿਰ 'ਤੇ ਮੰਡਲਾਉਂਦਾ ਰਹਿੰਦਾ ਹੈ, ਭਾਵੇਂ ਹਾਈਵੇ ਮਨਿਸਟਰੀ ਵੱਲੋਂ ਥਾਂ ਥਾਂ ਡਿੱਗਦੇ ਪੱਥਰਾਂ ਤੋਂ ਬਚਾ ਲਈ ਸਟੀਲ ਦੀਆਂ ਤਾਰਾਂ ਦੇ ਨੈੱਟ (੍ਰਚਕ ਚੁਰਟਅਨਿਸ) ਲਗਾਏ ਗਏ ਹਨ। ਸੜਕ ਦੇ ਦੂਜੇ ਪਾਸੇ ਡੂੰਘੀ ਘਾਟੀ ਵਿੱਚ ਸ਼ੂਕਦਾ ਬਰਫ਼ਾਨੀ ਕਿੱਕਿੰਗ ਹਾਰਸ ਦਰਿਆ ਹੈ। ਅਨੇਕਾਂ ਖ਼ਤਰਨਾਕ ਕੂਹਣੀ ਮੋੜ ਹਨ, ਥਾਂ ਥਾਂ ਸਪੀਡ ਵਾਰਨਿੰਗ ਅਤੇ ਐਡਵਾਈਜ਼ਰੀ ਸਾਈਨਾਂ ਦੇ ਬਾਵਜੂਦ ਜਿਥੇ ਸੁੱਕੇ ਅੰਬਰੀਂ ਅਤੇ ਟਹਿਕਦੀ ਧੁੱਪ ਵਿੱਚ ਵੀ ਵਾਹਨ ਚਲਾਉਂਦਿਆਂ ਤ੍ਰਾਹ ਨਿੱਕਲ ਜਾਂਦਾ ਹੈ। ਹਨੇਰੀਆਂ ਰਾਤਾਂ ਨੂੰ ਦ੍ਰਿਸ਼ਟਤਾ ਘੱਟ ਹੋਣ ਕਾਰਨ ਇਹ ਸੈਕਸ਼ਨ ਹੋਰ ਵੀ ਖ਼ਤਰਨਾਕ ਹੋ ਜਾਂਦਾ ਹੈ ਤੇ ਵਾਦੀਆਂ ਵਿੱਚ ਚੜ੍ਹਾਈ ਚੜ੍ਹਦੇ ਹੌਂਕਦੇ ਟਰੱਕਾਂ ਦੀ ਪ੍ਰਤੀਧੁਨੀ ਖ਼ੌਫ਼ਨਾਕ ਰੂਪ ਧਾਰ ਲੈਂਦੀ ਹੈ।

ਬਹੁਤ ਵੱਖਰਾ, ਦਿਲਚਸਪ ਤੇ ਜਾਣਕਾਰੀ ਭਰਪੂਰ ਨਾਵਲ ਹੈ। ਨਾਵਲ ਦੀ ਪੇਸ਼ਕਾਰੀ ਬਹੁਤ ਕਮਾਲ ਹੈ, ਬਿਰਤਾਂਤ ਵਿੱਚ ਰਵਾਨੀ ਸਹਿਜ ਹੈ, ਕਿਤੇ ਖੜੋਤ ਜਾਂ ਕਾਹਲ ਨਜ਼ਰ ਨਹੀਂ ਆਉਂਦੀ। ਪਰ ਛਪਾਈ ਵਿੱਚ ਵਿਆਕਰਣ ਦੀਆਂ ਚੋਖੀਆਂ ਗ਼ਲਤੀਆਂ ਰਹਿ ਗਈਆਂ ਹਨ। ਮੈਨੂੰ ਹਮੇਸ਼ਾ ਇਹ ਗੱਲ ਬਹੁਤ ਰੜਕਦੀ ਹੈ ਕਿ ਜੇ ਲੇਖਕ ਖ਼ੁਦ ਆਪਣੀਆਂ ਲਿਖਤਾਂ ਵਿੱਚ ਵਿਆਕਰਣ ਦੀਆਂ ਏਨੀਆਂ ਗ਼ਲਤੀਆਂ ਕਰਦੇ ਹਨ ਤਾਂ ਸਧਾਰਨ ਪਾਠਕਾਂ ਤੋਂ ਕੀ ਉਮੀਦ ਕੀਤੀ ਜਾ ਸਕਦੀ ਹੈ? ਮੇਰਾ ਮੰਨਣਾ ਹੈ ਕਿ ਜਦ ਇਕ ਵਾਰ ਕੋਈ ਰਚਨਾ ਲੇਖਕ ਤੋਂ ਪਾਠਕਾਂ ਤੱਕ ਚਲੀ ਜਾਂਦੀ ਹੈ ਤਾਂ ਉਹ ਲੇਖਕ ਦੇ ਵੱਸ ਤੋਂ ਬਾਹਰ ਹੋ ਜਾਂਦੀ ਹੈ, ਬਾਅਦ ਦਾ ਲੇਖਾ-ਜੋਖਾ ਪਾਠਕ ਖ਼ੁਦ ਕਰਦੇ ਹਨ। ਪਾਠਕ ਬਹੁਤ ਬੇਲਿਹਾਜ ਤੇ ਬੇਕਿਰਕ ਹੁੰਦੇ ਹਨ! ਉਹ ਇਹ ਨਹੀਂ ਦੇਖਦੇ ਕਿ ਲੇਖਕ ਤੋਂ ਫਲਾਣੀ ਗ਼ਲਤੀ ਕਿਸ ਵਜ੍ਹਾ ਕਰਕੇ ਹੋਈ, ਨਾ ਹੀ ਲੇਖਕ ਆਪਣੀ ਸਫ਼ਾਈ ਲਈ ਹਾਜ਼ਰ ਹੁੰਦਾ ਹੈ ਜਾਂ ਪਾਠਕਾਂ ਪਿੱਛੇ ਤੁਰਿਆ ਫਿਰਦਾ ਹੈ। ਨਾਵਲ ਦੇ ਆਰੰਭ ਵਿੱਚ ਲਿਖਿਆ ਗਿਆ ਹੈ ਕਿ ਇਸ 'ਤੇ ਸਾਹਿਤ ਦੇ ਵੱਡੇ ਦਿੱਗਜਾਂ ਦਾ ਹੱਥ ਫਿਰ ਚੁੱਕਾ ਹੈ, ਇਸ ਕਰਕੇ ਮੈਂ ਬਹੁਤਾ ਧਿਆਨ ਇਸ ਪਾਸੇ ਨਹੀਂ ਦਿੱਤਾ, ਪਰ ਪਤਾ ਨਹੀਂ ਛਪਣ ਸਮੇਂ ਏਨੀਆਂ ਗ਼ਲਤੀਆਂ ਕਿਵੇਂ ਰਹਿ ਗਈਆਂ? ਇਹ ਗ਼ਲਤੀਆਂ ਇਕ ਸੁਹਿਰਦ ਪਾਠਕ ਨੂੰ ਚੁਭਦੀਆਂ ਹਨ ਜਿਵੇਂ ਖ਼ਾਲਸ ਦੇਸੀ ਘਿਓ ਦਾ ਤੜਕਾ ਲਾਈ, ਧਨੀਏਂ ਦੀਆਂ ਮਹਿਕਾਂ ਛੱਡਦੀ ਮਾਂਹ-ਛੋਲਿਆਂ ਦੀ ਸੁਆਦੀ ਦਾਲ਼ ਵਿੱਚ ਕੋਕੜੂ ਆ ਜਾਵੇ! ਜਾਂ ਜਿਵੇਂ ਠੰਡੀ-ਮਿੱਠੀ ਬਦਾਮਾਂ ਵਾਲ਼ੀ ਖੀਰ ਵਿੱਚ ਸੁਆਹ ਕਿਰ ਗਈ ਹੋਵੇ। ਉਦਾਹਰਣ ਵਜੋਂ, ਗੱਲ ਮੁੱਖਬੰਧ ਤੋਂ ਹੀ ਸ਼ੁਰੂ ਕਰ ਲੈਂਦੇ ਹਾਂ ਜਿਸ ਵਿੱਚ ਘੱਟੋ ਘੱਟ ਪੰਜ ਗ਼ਲਤੀਆਂ ਹਨ। ਇਸ ਤੋਂ ਇਲਾਵਾ ਇਸ ਵਿਚਲੇ ਕਈ ਭਾਰੇ ਸ਼ਬਦ ਜਿਵੇਂ ਕਿ 'ਭੌਤਕ ਸਭਿਆਚਾਰਕ ਮਨੋਵਿਗਿਆਨ' ਦਾ ਪਤਾ ਨਹੀ ਲੱਗਦਾ ਕਿ ਕੀ ਬਲਾ ਹੈ? ਇਸੇ ਤਰ੍ਹਾਂ 'ਧੰਨਵਾਦੀ ਹਾਂ' ਚੈਪਟਰ ਵਿੱਚ ਪੰਜ-ਛੇ ਗ਼ਲਤੀਆਂ ਰੜਕਦੀਆਂ ਹਨ। ਬਾਕੀ ਨਾਵਲ ਦੇ ਮੂਲ ਪਾਠ ਵਿੱਚ ਸੈਂਕੜੇ ਗ਼ਲਤੀਆਂ ਹਨ, ਜੋ ਮੈਂ ਆਪਣੀ ਤੁੱਛ ਬੁੱਧੀ ਮੁਜਬ ਮਾਰਕ ਕਰ ਕੇ ਨਾਵਲਕਾਰ ਦੇ ਸਪੁਰਦ ਕਰ ਦਿੱਤੀਆਂ ਹਨ। ਇਸੇ ਤਰ੍ਹਾਂ ਕੁੱਝ ਸੁਝਾਅ ਹਨ: ਸਫ਼ਾ 28 'ਤੇ ਮੇਰਾ ਖ਼ਿਆਲ ਹੈ 'ਰੇਟ ਪਰ ਮਾਈਲ' ਨਹੀਂ ਸਗੋਂ ਰੈਵੋਲੂਸ਼ਨਜ਼ ਪਰ ਮਿੰਟ (੍ਰਇਵੋਲੁਟੋਨਿਸ ਪਏਰ ਮਨਿਟਏ) ਦਾ ਸੰਖੇਪ ਹੁੰਦਾ ਹੈ, ਅੱਗੇ ਤੁਸੀਂ ਆਪ ਸਿਆਣੇ ਹੋ। ਨਾਵਲ ਦੇ 'ਗੋਲਡਨ' ਅਤੇ 'ਮਨ ਦੇ ਜੁਗਨੂੰ' ਕਾਂਡਾਂ ਵਿਚ ਕੁੱਝ ਦੁਹਰਾ ਹੈ, ਜਿਸ ਤੋਂ ਬਚਣ ਦੀ ਜ਼ਰੂਰਤ ਹੈ। ਉਮੀਦ ਕਰਦਾ ਹਾਂ ਕਿ ਭਵਿੱਖ ਵਿੱਚ ਛਪਣ ਵਾਲ਼ੇ ਐਡੀਸ਼ਨਾਂ ਵਿੱਚ ਨਾਵਲਕਾਰ ਵੱਲੋਂ ਇਸ ਦਾ ਗੰਭੀਰ ਨੋਟਿਸ ਲਿਆ ਜਾਵੇਗਾ।

(ਵੈਨਕੂਵਰ, ਬੀ ਸੀ, ਕੈਨੇਡਾ)
(604) 910 9953

# ਲੋਹੜੀ ਮਨਾਈਏ ਨਾ ਪੁੱਤ ਦੀ ਨਾ ਧੀ ਦੀ, ਲੋਹੜੀ ਮਨਾਈਏ ਨਵੇਂ ਜੀਅ ਦੀ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਐਮੀਕਰੋਨ ਨਾਂ ਦੇ ਕਰੋਨਾ ਵਾਇਰਸ ਦੇ ਵਧਦੇ ਫੈਲਾਅ ਕਾਰਨ ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦੀ ਨਵੇਂ ਸਾਲ 2020 ਦੀ ਪਹਿਲੀ ਮੀਟਿੰਗ ਜ਼ੂਮ ਰਾਹੀਂ ਕੀਤੀ ਗਈ। ਹੁਣੇ ਹੁਣੇ ਇੰਡੀਆ ਤੋਂ ਆਏ ਸਭਾ ਦੇ ਪ੍ਰਧਾਨ ਬਲਵਿੰਦਰ ਬਰਾੜ ਨੇ ਸਭ ਨੂੰ ਜੀ ਆਇਆਂ ਆਖਿਆ ਅਤੇ ਨਵੇਂ ਸਾਲ, ਲੋਹੜੀ ਅਤੇ ਮਾਘੀ ਦੇ ਦਿਹਾੜੇ ਦੀਆਂ ਵਧਾਈ ਦੇਂਦੇ ਸਮੁੱਚੇ ਸੰਸਾਰ ਵਿੱਚ ਸੁੱਖ-ਸ਼ਾਂਤੀ ਅਤੇ ਖੁਸ਼ੀਆਂ ਖੇੜਿਆਂ ਦੀ ਅਰਦਾਸ ਕੀਤੀ। ਮੋਹਨ ਗਿੱਲ ਦੀਆਂ ਇਨ੍ਹਾਂ ਪੰਕਤੀਆਂ 'ਲੋਹੜੀ ਮਨਾਈਏ ਨਾ ਪੁੱਤ ਦੀ ਨਾ ਧੀ ਦੀ, ਲੋਹੜੀ ਮਨਾਈਏ ਨਵੇਂ ਜੀਅ ਦੀ' ਦੁਆਰਾ ਉਹਨਾਂ ਸਮਾਜ ਵਿਚੋਂ ਮੁੰਡੇ ਕੁੜੀ ਦੇ ਵਿਤਕਰੇ ਦੀ ਲਾਹਨਤ ਪੂਰੀ ਤਰ੍ਹਾਂ ਖਤਮ ਕਰਨ ਤੇ ਜ਼ੋਰ ਦਿੱਤਾ। ਆਪਣੀ ਪੰਜਾਬ ਫੇਰੀ ਦੀ ਗੱਲ ਕਰਦਿਆਂ ਉਹਨਾਂ ਕਿਹਾ ਕਿ ਜਹਾਜੋਂ ਉਤਰਦਿਆਂ ਹੀ ਉਹ ਸਿੱਧਾ ਟਿਕਰੀ ਬਾਰਡਰ ਤੇ ਡਾ: ਸਵੈਮਾਣ ਸਿੰਘ ਹੁਰਾਂ ਦੇ ਟੈਂਟਾਂ ਵਿੱਚ ਗਏ। ਇੰਜ ਲਗਦਾ ਸੀ ਜਿਂਵੇਂ ਉੱਥੇ ਇੱਕ ਟੁਕੜੀ ਮਨੁੱਖੀ ਹੱਕਾਂ ਨੂੰ ਵਾਜ਼ਾਂ ਮਾਰਦੀ ਰਾਖੀ ਕਰ ਰਹੀ ਹੋਵੇ। ਉਹਨਾਂ ਕਿਸਾਨ ਮੋਰਚੇ ਦੀ ਕਾਮਯਾਬ ਸਮਾਪਤੀ ਦੀਆਂ ਵਧਾਈਆਂ ਵੀ ਸਾਂਝੀਆਂ ਕੀਤੀਆਂ। ਗੁਰਦੀਸ਼ ਗਰੇਵਾਲ ਨੇ ਪ੍ਰੋਗਰਾਮ ਦਾ ਸੰਚਾਲਨ ਸੰਭਾਲਿਆ ਅਤੇ ਵਿਧੀਵਤ ਢੰਗ ਨਾਲ ਮੀਟਿੰਗ ਦੀ ਕਾਰਵਾਈ ਅੱਗੇ ਵਧਾਈ। ਰਾਜਵੰਤ ਮਾਨ ਨੇ ਲੰਘਦੇ ਚੰਗੇ ਮਾੜੇ ਸਮੇਂ ਨੂੰ ਆਪਣੀ ਰਚਨਾ, 'ਜੀਵਨ ਹੈ ਇੱਕ ਸਫ਼ਰ ਅਨੂਠਾ ਜੇ ਕੋਈ ਸੋਚੇ ਸਮਝੇ, ਨਹੀਂ ਤਾਂ ਇਹ ਕੰਡਿਆਲੀ ਡੰਡੀ ਮੁਕਣ ਵਿੱਚ ਨਾ ਆਵੇ' ਰਾਹੀਂ ਬਿਆਨਿਆ ਅਤੇ ਨਵੇਂ ਸਾਲ ਦੀਆਂ ਵਧਾਈਆਂ ਸਾਂਝੀਆਂ ਕੀਤੀਆਂ। ਕਿਰਨ ਕਲਸੀ ਨੇ 'ਬੇਟਾ ਵੰਸ਼ ਹੈ ਤਾਂ ਬੇਟੀ ਅੰਸ਼, ਬੇਟਾ ਮਾਨ ਹੈ ਤਾਂ ਬੇਟੀ ਗੁਮਾਨ' ਆਖ ਲੋਹੜੀ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ ਅਤੇ ਸਮੇਂ ਦੇ ਚਲਦੇ ਪਹੀਏ ਨਾਲ ਬਦਲਦੇ ਸਾਲਾਂ ਦੇ ਇਸ ਸਾਲ ਦੇ ਆਗਮਨ ਦੀ ਵਧਾਈ ਦਿੱਤੀ। ਸੁਖਜੀਤ ਸੈਣੀ ਹੁਰਾਂ ਕਿਹਾ ਕਿ ਨਵੇਂ ਸਾਲ ਨਾਲ ਸੰਨ ਬਦਲਦਾ ਹੈ ਸਮਾਜ ਨਹੀਂ ਬਦਲਦਾ। ਆਪਣੀ ਰਚਨਾ, 'ਨਵਾਂ ਸਾਲ ਮੁਬਾਰਕ ਚਲੋ ਕਲੰਡਰ ਬਦਲ ਦੇਈਏ, ਹਰ ਵਾਰੀ ਅਸੀਂ ਬਾਹਰੋਂ ਬਦਲੇ ਹਾਂ ਇਸ ਵਾਰ ਅੰਦਰ ਬਦਲ ਦੇਈਏ' ਰਾਹੀਂ ਸਮਾਜ ਨੂੰ ਬਦਲਣ ਦੀ ਬਾਤ ਪਾਈ। ਸਤਵਿੰਦਰ ਫਰਵਾਹ ਨੇ ਗੁਰਦੀਸ਼ ਗਰੇਵਾਲ ਦਾ ਲਿਖਿਆ ਨਵੇਂ ਸਾਲ ਦਾ ਗੀਤ, 'ਚੜ੍ਹਿਆ ਅੱਜ ਨਵਾਂ ਏ ਸਾਲ ਜੀ ਵਧਾਈ ਹੋਵੇ' ਗਾ ਕੇ ਸੁਣਾਇਆ। ਹਰਮਿੰਦਰ ਚੁੱਗ ਅਮਰੀਕਾ ਦੇ ਸ਼ਹਿਰ ਲਾਸ ਏਂਜਲਸ ਤੋਂ ਮੀਟਿੰਗ ਵਿੱਚ ਸ਼ਾਮਲ ਹੋਏ, ਜਿੱਥੇ ਉਹ ਆਪਣੀ ਪੋਤਰੀ ਦੀ ਲੋਹੜੀ ਮਨਾਉਣ ਗਏ ਹੋਏ ਸਨ। ਉਹਨਾਂ 'ਤਿੱਲ ਮੁੰਗਫਲੀ ਗੁੜ ਰਿਉੜੀਆਂ, ਰੱਬਾ ਅਰਦਾਸ ਸਾਡੀ ਧੀਆਂ ਪੁੱਤਾਂ ਦੀਆਂ ਮਨੋ ਲੋੜੀਆਂ' ਗੀਤ ਆਪਣੀ ਸੁਰੀਲੀ ਅਵਾਜ਼ ਵਿੱਚ ਗਾ ਕੇ ਨਵਜੰਮੇ ਬੱਚਿਆਂ ਦੇ ਜਨਮ ਦੀਆਂ ਇਕੋ ਜਿਹੀਆਂ ਖੁਸ਼ੀਆਂ ਮਨਾਉਣ ਦਾ ਸੁਨੇਹਾ ਦਿੱਤਾ। ਸਰਬਜੀਤ ਉੱਪਲ ਨੇ ਲੋਹੜੀ ਮੰਗਣ ਵੇਲੇ ਗਾਏ ਜਾਣ ਵਾਲੇ ਪ੍ਰੰਪਾਰਿਕ ਗੀਤ ਗਾਏ। ਸੁਰਿੰਦਰ ਸੰਧੂ ਨੇ ਨਵੇਂ ਸਾਲ ਦੇ ਸ਼ੁਭ ਆਗਮਨ ਦੀ ਕਵਿਤਾ ਅਤੇ ਸੁਰਜੀਤ ਬਿੰਦਰਖੀਏ ਦਾ ਗੀਤ, 'ਮੈਂ ਕੱਲ੍ਹ ਤੱਕ ਨਹੀਂ ਰਹਿਣਾ, ਵੇ ਮੈਂ ਤਿੜਕੇ ਘੜੇ ਦਾ ਪਾਣੀ' ਬੁਲੰਦ ਅਵਾਜ਼ ਵਿੱਚ ਗਾ ਕੇ ਵਾਹ ਵਾਹ ਖੱਟੀ। ਕੁਲਦੀਪ ਘਟੌੜਾ ਜੀ ਨੇ ਸਮਾਜ ਵਿੱਚ ਔਰਤ ਦੇ ਰੋਲ ਬਾਰੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ, 'ਲੋਕ ਕਹਿੰਦੇ ਹਨ ਕਿ ਸੰਸਾਰ ਪ੍ਰਮਾਤਮਾ ਦਾ ਨਾਂ ਲੈਣ ਵਾਲਿਆਂ ਕਰਕੇ ਖੜਾ ਹੈ। ਪਰ ਦੁਨੀਆਂ ਔਰਤਾਂ ਦੁਆਰਾ ਅੰਤਾਂ ਦੀਆਂ ਘਰੇਲੂ, ਸਮਾਜਿਕ ਤੇ ਹੋਰ ਸਭ ਤਰ੍ਹਾਂ ਦੀਆਂ ਜ਼ਿੰਮੇਵਾਰੀਆਂ ਬਿਨਾ ਹੀਲ ਹੁੱਜਤ ਦੇ ਨਿਭਾਉਣ ਕਾਰਨ ਹੀ ਅਡੋਲ ਖੜੀ ਹੈ।' ਅਮਰਜੀਤ ਸੱਗੂ ਅਤੇ ਮੁਖਤਿਆਰ ਭੈਣ ਜੀ ਨੇ ਲੋਕ ਗੀਤ ਸੁਣਾ ਕੇ ਹਾਜ਼ਰੀ ਲੁਆਈ।

ਜੁਗਿੰਦਰ ਪੁਰਬਾ, ਜਗਦੀਸ਼ ਬਰੀਆ, ਸੁਰਜੀਤ ਢਿਲੋਂ, ਗੁਰਮੇਲ ਕੌਰ ਅਤੇ ਸ਼ਿੰਦਰਪਾਲ ਦਿਓਲ ਨੇ ਨਵੇਂ ਸਾਲ ਅਤੇ ਲੋਹੜੀ ਦੀਆਂ ਵਧਾਈਆਂ ਦੀ ਸਾਂਝ ਪਾਈ। ਗੁਰਦੀਸ਼ ਗਰੇਵਾਲ ਨੇ ਲੋਹੜੀ ਸਬੰਧੀ ਆਪਣੀ ਰਚਨਾ, 'ਰੱਜ ਰੱਜ ਲੋਹੜੀਆਂ ਮਨਾਓ ਮੇਰੇ ਸਾਥੀਓ, ਬਦੀਆਂ ਨੂੰ ਚੁੱਲ੍ਹੇ ਵਿੱਚ ਪਾਓ ਮੇਰੇ ਸਾਥੀਓ' ਦੁਆਰਾ ਸਮਾਜ ਵਿਚਲੀਆਂ ਬੁਰਾਈਆਂ ਦੂਰ ਕਰਨ ਵੱਲ ਇਸ਼ਾਰਾ ਕੀਤਾ। ਅੰਤ ਵਿੱਚ ਗੁਰਚਰਨ ਥਿੰਦ ਨੇ ਹਾਜ਼ਰ ਭੈਣਾਂ ਨੂੰ ਸੰਬੋਧਨ ਕਰਦੇ ਕੈਲਗਰੀ ਦੀ ਮਸ਼ਹੂਰ ਕਵਿੱਤਰੀ ਸੁਰਿੰਦਰ ਗੀਤ ਦੀਆਂ ਕਾਵਿ-ਸਤਰਾਂ,

'ਉਂਜ ਉਹ ਬੇਦਾਵਾ ਸੀ
ਪਰ ਜਦ ਸਤਿਗੁਰਾਂ ਨੇ ਮਹਾਂ ਸਿੰਘ
ਦਾ ਮੱਥਾ ਚੁੰਮ
ਆਪਣੇ ਮੁਹਬਤੀ ਪੋਟਿਆਂ ਨਾਲ
ਟੁਕੜੇ ਟੁਕੜੇ ਕੀਤਾ
ਤਾਂ ਉਹ ਮੁਹੱਬਤ-ਨਾਮਾ ਬਣ ਗਿਆ

ਦੇ ਹਵਾਲੇ ਨਾਲ ਮਾਘੀ ਦੇ ਪਵਿੱਤਰ ਦਿਹਾੜੇ ਦੇ ਇਤਿਹਾਸਕ ਪਿਛੋਕੜ ਬਾਰੇ ਵਿਚਾਰ ਸਾਂਝੇ ਕੀਤੇ। ਮਾਘ ਮਹੀਨੇ ਦੀ ਸੰਗਰਾਂਦ ਤੋਂ ਪਹਿਲੀ ਰਾਤ ਮਨਾਏ ਜਾਂਦੇ ਲੋਹੜੀ ਦੇ ਤਿਉਹਾਰ ਨਾਲ ਜੁੜੀ ਮੁੰਡੇ ਤੇ ਕੁੜੀ ਦੀ ਲੋਹੜੀ ਦੇ ਵਿਤਕਰੇ ਵਾਲੀ ਪ੍ਰਥਾ ਦਾ ਜ਼ਿਕਰ ਕਰਦਿਆਂ ਭਾਰਤ ਵਿੱਚ ਉਹਨਾਂ ਵੇਲਿਆਂ ਨੂੰ ਯਾਦ ਕੀਤਾ ਜਦੋਂ ਸਤਰਵਿਆਂ ਅਤੇ ਅੱਸੀਵਿਆਂ ਦੇ ਦਹਾਕੇ ਵਿੱਚ ਸਰਕਾਰ ਵਲੋਂ ਪ੍ਰਵਾਰ ਨਿਯੋਜਨ ਦੇ 'ਦੋ ਜਾਂ ਤਿੰਨ ਬੱਚੇ ਹੁੰਦੇ ਨੇ ਘਰ ਵਿੱਚ ਅੱਛੇ' 'ਹਮ ਦੋ ਹਮਾਰੇ ਦੋ' ਦੇ ਨਾਹਰਿਆਂ ਦਾ ਤਕੜਾ ਬੋਲਬਾਲਾ ਸੀ। ਉਸ ਸਮੇਂ ਵਧਦੀ ਅਬਾਦੀ ਤੇ ਕੰਟਰੋਲ ਕਰਨ ਲਈ ਦੋ ਬੱਚਿਆਂ ਤੋਂ ਬਾਦ ਅਬਾਰਸ਼ਨ ਦੀ ਕਾਨੂੰਨੀ ਇਜਾਜ਼ਤ ਸੀ ਅਤੇ ਸਰਕਾਰੀ ਨੌਕਰੀ ਕਰਦੀਆਂ ਔਰਤਾਂ ਨੂੰ ਚਾਲੀ ਦਿਨ ਦੀ ਛੁੱਟੀ ਵੀ ਮਿਲਦੀ ਸੀ। ਪਰ ਜਦੋਂ ਮੁੰਡਿਆਂ ਕੁੜੀਆਂ ਦਾ ਅਨੁਪਾਤ ਘਟਣ ਲਗਾ ਤਾਂ ਇਹੋ ਅਬਾਰਸ਼ਨ ਭਰੂੱਣ-ਹੱਤਿਆ ਦੇ ਨਾਂ ਹੇਠ ਸਮਾਜਿਕ ਬੁਰਾਈ ਆਖੀ ਜਾਣ ਲਗੀ। ਪੁਰਾਣੇ ਸਮਿਆਂ ਤੋਂ ਔਰਤ ਦੀ ਅਸਮਤ ਨੂੰ ਹਾਕਮਾਂ ਤੇ ਉਹਨਾਂ ਦੇ ਅਹਿਲਕਾਰਾਂ ਨੇ ਲੁੱਟਿਆ। ਔਰਤਾਂ ਲਈ ਪਰਦਾ, ਜੰਮਦੀਆਂ ਕੁੜੀਆਂ ਨੂੰ ਮਾਰ ਦੇਣ ਅਤੇ ਛੋਟੀ ਉਮਰ ਵਿੱਚ ਵਿਆਹ ਕਰ ਦੇਣ ਦੀ ਪ੍ਰਥਾ ਉਸੇ ਹੀ ਜ਼ਬਰ ਜ਼ੁਲਮ ਦਾ ਨਤੀਜਾ ਬਣਿਆ। ਮੁਗਲ-ਰਾਜ ਦੇ ਸਮਰਾਟ ਅਕਬਰ ਦੇ ਸਮੇਂ ਦੁੱਲਾ ਭੱਟੀ ਨਾਂ ਦਾ ਬਹਾਦਰ ਬਾਗੀ ਪੈਦਾ ਹੋਇਆ ਜੋ ਧੀਆਂ ਭੈਣਾਂ ਦੀ ਇਜ਼ਤ ਦਾ ਰਖਵਾਲਾ ਬਣ ਹਾਕਮ ਸਾਹਮਣੇ ਡਟ ਖਲੋਤਾ ਅਤੇ ਅੱਜ ਵੀ ਲੋਹੜੀ ਦੇ ਗੀਤਾਂ ਵਿੱਚ ਗਾਇਆ ਜਾਂਦਾ ਹੈ। ਸੋ ਲੋੜ ਸਿਹਤਮੰਦ ਅਤੇ ਸੁਰੱਖਿਅਤ ਸਮਾਜ ਸਿਰਜਣ ਦੀ ਹੈ ਜਿੱਥੇ ਔਰਤ-ਮਰਦ, ਮੁੰਡੇ ਤੇ ਕੁੜੀਆਂ ਅਜ਼ਾਦੀ ਅਤੇ ਸੁਰੱਖਿਤਾ ਨਾਲ ਰਹਿ ਸਕਣ, ਫਿਰ ਲਿੰਗੀ ਵਿਤਕਰੇ ਆਪਣੇ ਆਪ ਖਤਮ ਹੋ ਜਾਣਗੇ। ਬਲਵਿੰਦਰ ਬਰਾੜ ਨੇ ਸਭ ਭੈਣਾਂ ਦਾ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਧੰਨਵਾਦ ਕਰ ਮੀਟਿੰਗ ਦੀ ਸਮਾਪਤੀ ਕੀਤੀ।










# ਮਾਬ ਲਿੰਚਿਗ ਜਨੂੰਨੀ ਸ਼ਾਵਨਵਾਦੀ ਭੀੜ ਨੂੰ ਨੱਥ ਪਾਈ ਜਾਵੇ !



ਰਾਜਿੰਦਰ ਕੌਰ ਚੋਹਕਾ

ਮੱਧ-ਯੁੱਗ ‘ਚ ਨਵੇਂ ਰੂਪ ਰਾਹੀਂ ਸਾਮੰਤਵਾਦ ਦੇ ਯੂਰਪ ਦੇ ਕਈ ਵਿਕਸਤ ਦੇਸ਼ਾਂ ਅੰਦਰ ਆਪਣੇ ਪ੍ਰਸਾਰ ਲਈ ਬਸਤੀਵਾਦ ਅਤੇ ਅਗੋਂ ਨਵ ਬਸਤੀਵਾਦ ਨੂੰ ਜਨਮ ਦਿੱਤਾ ਜਿਸ ਨੇ ਗੁਲਾਮਦਾਰੀ ਯੁੱਗ ਵੇਲੇ ਆਪਣੀ ਲੁੱਟ ਲਈ ਪ੍ਰਸਾਰਵਾਦ ਰਾਹੀਂ ਗੁਲਾਮ ਤੇ ਪੱਛੜੇ ਦੇਸ਼ਾਂ-ਅਫ਼ਰੀਕਾ, ਉੱਤਰੀ ਅਤੇ ਦੱਖਣੀ ਅਮਰੀਕਾ ਅਤੇ ਸ਼ੀਆ ਅੰਦਰ ਆਪਣੇ ਸਾਮਰਾਜ ਦੀ ਮਜ਼ਬੂਤੀ ਲਈ ਲੋਕਾਂ ‘ਤੇ ਆਪਣੀ ਪਕੜ ਮਜ਼ਬੂਤ ਕਰਨ ਲਈ ਬਹੁਤ ਸਾਰੇ ਅਮਾਨਵੀ ਜ਼ੁਲਮਾਂ ਭਰੇ ਅਤੇ ਬਰਬਰਤਾ ਵਾਲੇ ਢੰਗ-ਤਰੀਕੇ ਵਰਤੇ। ਇਹ ਵਰਤਾਰਾ ਅੱਗੋਂ ਵਿਕਾਸਸ਼ੀਲ ਤੇ ਅਜ਼ਾਦ ਹੋਏ ਦੇਸ਼ਾਂ ਅੰਦਰ ਪੂੰਜੀਵਾਦੀ ਸਰਕਾਰਾਂ ਨੇ, ਵੀ ਖ਼ੁਦ ਅਪਣਾ ਲਿਆ। ਹੱਕ ਮੰਗਦੇ ਲੋਕਾਂ ‘ਤੇ ਅੱਜ ਹਾਕਮਾਂ ਵਲੋਂ ਲੋਕ-ਰੋਹ ਨੂੰ ਦਬਾਉਣ ਲਈ ਹਰ ਤਰ੍ਹਾਂ ਦੇ ਤਸ਼ਦਦ ਕੀਤੇ ਜਾ ਰਹੇ ਹਨ। ਖਾਸ ਤੌਰ ਤੇ ਜਿਨ੍ਹਾਂ ਦੇਸ਼ਾਂ ਅੰਦਰ ਹਾਕਮਾਂ ਨੇ, ਪੂੰਜੀਵਾਦੀ-ਧਾਰਮਿਕ ਭਾਵਨਾ ਦਾ ਲਿਬਾਸ ਪਾਇਆ ਹੋਇਆ ਹੈ। ਉੱਥੇ ਧਰਮ ਦੇ ਨਾਂ ਹੇਠ ਨਿੱਤ ਆਏ ਦਿਨ ਨਵੇਂ-ਨਵੇਂ ਢੰਗਾਂ ਨਾਲ ਨਸਲ, ਰੰਗ-ਭੇਦ ਭਾਵ, ਜਾਤ-ਪਾਤ ‘ਤੇ ਘੱਟ ਗਿਣਤੀਆਂ ਉੱਪਰ ਹਮਲੇ ਹੋ ਰਹੇ ਹਨ। ਗੁਲਾਮੀ ਵੇਲੇ ਅਤੇ ਅੱਜ ਵੀ “ਭੀੜ-ਰਾਹੀਂ” ਲੋਕਾਂ ‘ਤੇ ਅਤੇ ਖਾਸ ਕਰਕੇ ਘੱਟ ਗਿਣਤੀ ਫਿਰਕੇ ਦੇ ਲੋਕਾਂ ‘ਤੇ ਹਮਲੇ ਹੋ ਰਹੇ ਹਨ। ਭਾਰਤ ਵਰਗੇ ਦੇਸ਼ ਅੰਦਰ ਹਿੰਦੂਤਵ ਬਹੁ-ਗਿਣਤੀ ਸੋਚ ਵਾਲੀ ਕਾਬਜ਼ ਰਾਜਨੀਤੀ ਵਲੋਂ ਸ਼ਰੇਆਮ ਅਜਿਹੇ ਹਮਲੇ ਹੋ ਰਹੇ ਹਨ ; ਜੋ ਭਾਰਤ ਵਰਗੇ ਲੋਕਤੰਤਰੀ ਦੇਸ਼ ਅੰਦਰ ਅਤਿ ਨਿੰਦਣ ਯੋਗ ਹੈ !

ਗੈਰ ਕਾਨੂੰਨੀ ਢੰਗ ਨਾਲ ਭੀੜ ਵਲੋਂ ਕਿਸੇ ਵਿਅਕਤੀ ਨੂੰ ਸਜ਼ਾ ਦੇਣੀ, ਕੁੱਟ-ਮਾਰ ਕਰਨੀ, ਜਾਨੋ ਮਾਰ ਦੇਣਾ (ਡਜਰ;ਕਅਵ ਸ਼ਚਅਜਤੀਠਕਅਵ) ਭੜਕਾਊ ਸਜ਼ਾ ਦਾ ਵਰਤਾਓ, ਇਹ ਸਾਰੇ ਦੇਸ਼ਾਂ ਵਿੱਚ ਹੀ ਚੱਲ ਰਿਹਾ ਹੈ। ਪਰ ! 19-ਵੀਂ ਸਦੀ ਦੇ ਸ਼ੁਰੂ ‘ਚ “ਉੱਤਰੀ ਅਤੇ ਦੱਖਣੀ ਅਮਰੀਕਾ” ਅੰਦਰ ਗੁਲਾਮਦਾਰੀ ਵੇਲੇ ਵਿਰੋਧੀ ਲੋਕ ਜਿਹੜੇ ਗੁਲਾਮ ਜਾਂ ਅਧੀਨ ਸਨ ਖਾਸ ਕਰਕੇ (ਅਫਰੀਕੀ-ਅਮਰੀਕੀ) ਗੁਲਾਮਾਂ ਨੂੰ ਸਜਾ ਵਜੋਂ ਮਾਰ ਦਿੱਤਾ ਜਾਂਦਾ ਸੀ। ਇਹ ਕਾਰਾ ਦੱਖਣੀ ਅਮਰੀਕਾ ‘ਚ ‘ਸਪੇਨੀ ਅਤੇ ਪੁਰਤਗਾਲੀ ਹਾਕਮ’ ਅਤੇ ਉੱਤਰੀ ਅਮਰੀਕਾ ਵਿੱਚ ਭੂਮੀ ਮਾਲਕ ਬਰਤਾਨਵੀ ਗੋਰੇ ਸਨ। ਗੁਲਾਮਾਂ ਨੂੰ ਸਜ਼ਾ ਦੇਣ ਵਜੋਂ ਫੜ ਕੇ ਮਾਰ ਦਿੰਦੇ ਸਨ। ਅਮਰੀਕਾ ਅੰਦਰ ਜਦੋਂ ਉੱਤਰ ਦੇ ਪੂੰਜੀਪਤੀ ਸਨਅਤਕਾਰਾਂ ਨੂੰ ਕਿਰਤੀ ਲੋਕਾਂ ਦੀ ਲੋੜ ਪਈ, ਜੋ ਉਨ੍ਹਾਂ ਨੂੰ ਦੱਖਣੀ ਭਾਗਾਂ ਦੇ ਭੂਮੀ ਮਾਲਕਾਂ ਪਾਸ ਕੰਮ ਕਰਦੇ ਕਿਰਤੀਆਂ ਤੋਂ ਪੂਰੀ ਹੋ ਸਕਦੀ ਸੀ। ਉਸ ਵੇਲੇ ਜਿਹੜੀ ਅਮਰੀਕਾ ‘ਚ ਸਿਵਲ ਵਾਰ ਚਲੀ ਇਹ ਕਿਰਤ-ਸ਼ਕਤੀ ਦੀ ਲੁੱਟ ਲਈ ਉਦਯੋਗਪਤੀਆਂ ਤੇ ਭੂਮੀ ਮਾਲਕਾਂ ਵਿਚਕਾਰ ਲੜਾਈ ਸੀ। ਉੱਤਰ ਦੇ ਉਦਯੋਗਪਤੀ ਜਿੱਤ ਗਏ ਸਨ ਅਤੇ ਉਨਾਂ ਨੇ 14-ਵੀਂ ਸੰਵਿਧਾਨਕ ਸੋਧ ਰਾਹੀਂ ਗੁਲਾਮਦਾਰੀ ਪ੍ਰਥਾ ਖਤਮ ਕਰ ਦਿੱਤੀ ਸੀ। ਉਸ ਵੇਲੇ ਗੋਰਿਆਂ ਵਲੋਂ ਫਿਰਕੂ-ਨਸਲਵਾਦੀ ਲਹਿਰ, “ਕੂ, ਕਲੱਕਸ, ਕਲਾਨ” ਸ਼ੁਰੂ ਕੀਤੀ ਸੀ, “ਕਿ ਅਸੀ ਉੱਚਤਮ ਹਾਂ ਤੇ ਸਿਆਹ-ਫਾਮ ਸਾਡੇ ਬਰਾਬਰ ਨਹੀਂ ਹੋ ਸਕਦੇ ਸਨ ?”1880 ਤੋਂ 1930 ਤੱਕ ‘ਮੋਬ ਲਿਚਿੰਗ’ ਮਨਸੂਬਿਆਂ ਅੰਦਰ 2400 ਸਿਆਹ-ਫਾਮ ਜਿਨ੍ਹਾਂ ਵਿੱਚ 300 ਹੋਰ ਲੋਕ ਸਨ ਮਾਰ ਦਿੱਤੇ ਗਏ ਸਨ। ਇਸੇ ਤਰ੍ਹਾਂ ਅੱਜ ਭਾਰਤ ਅੰਦਰ ਵੀ ਭਾਰੂ ਬਹੁ-ਗਿਣਤੀ ਹਿੰਦੂਤਵ -ਰਾਜਨੀਤੀ ਵਾਲੀ ਰਾਜਸਤਾ ‘ਤੇ ਕਾਬਜ ਜਮਾਤ ਬੀ.ਜੇ.ਪੀ., ਘੱਟ ਗਿਣਤੀ, ਦਲਿਤਾਂ ਅਤੇ ਇਸਤਰੀਆਂ ਤੇ ਅਜਿਹੇ ਘਿਨਾਉਣੇ ਹਮਲੇ ਕਰ ਰਹੀ ਹੈ; ਜੋ ਚਿੰਤਾ ਦਾ ਵਿਸ਼ਾ ਹੈ ?

ਕਿਸੇ ਵੀ ਵਿਕਸਤ ਜਾਂ ਵਿਕਾਸਸ਼ੀਲ ਦੇਸ਼ ਦੇ ਲੋਕਤੰਤਰੀ ਰਾਜ ਅੰਦਰ ‘ਵਿਰੋਧ ਅਤੇ ਅਸਿਹਮਤੀ’ ਕਰਨ ਦਾ ਕਿਸੇ ਵੀ ਨਾਗਰਿਕ ਦਾ ਅਧਿਕਾਰ ਹੁੰਦਾ ਹੈ। ਉਸ ਦੇ ਇਸ ਅਧਿਕਾਰ ਦੀ ਰੱਖਿਆ ਕਰਨੀ, ਉਸ ਦੇਸ਼, ਰਾਜ ਅਤੇ ਨਿਆਂ-ਕਾਨੂੰਨ ਨੇ ਹੀ ਵਿਵਸਥਾ ਕਰਨੀ ਹੁੰਦੀ ਹੈ, ਨਾ ਕਿ ਉਸ ਨਾਗਰਿਕ ਦੇ ਵਿਰੁੱਧ ਹਿੰਸਾ ਜਾਂ ਹਮਲਾਵਰੀ ਰੂਪ ਧਾਰਨ ਕਰਕੇ ਕੁੱਟਮਾਰ, ਗਾਲੀ-ਗਲੋਚ ਜਾਂ “ਧਮੀੜ” (ਮਾਬ ਲਿਚਿੰਗ) ਵਲੋਂ ਕੁੱਟ-ਕੁੱਟ, ਕੇ ਮੌਤ ਦੇ ਘਾਟ ਉਤਾਰ ਦੇਣਾ; ਇਹ ਇਕ ਤਰ੍ਹਾਂ ਦੇ ਨਾਲ ਮਨੁੱਖਤਾ ਦਾ ਘਾਣ ਕਰਨ ਦੇ ਬਰਾਬਰ ਹੈ। ਨੋਬਲ ਪੁਰਸਕਾਰ ਵਿਜੇਤਾ ਅਰਥ-ਸ਼ਾਸਤਰੀ “ਅਮ੍ਰੱਤਿਆ ਸੇਨ” ਨੇ ਇਸ ਤਰ੍ਹਾਂ ਦੀਆ ਦੇਸ਼ ਭਰ ਵਿੱਚ ਵਾਪਰ ਰਹੀਆਂ ਘਟਨਾਵਾਂ ਤੇ ਰੋਸ ਪ੍ਰਗਟ ਕਰਦਿਆਂ ਕਿਹਾ ਸੀ, “ਕਿ ਦੇਸ਼ ਅੰਦਰ “ਚਰਚਾ ਅਤੇ ਅਸਹਿਮਤੀ” ਦੀ ਭੂਮਿਕਾ ਘੱਟਦੀ ਜਾ ਰਹੀ ਹੈ ? ਸਾਨੂੰ ਇਹ ਵੀ ਫਿਕਰ ਹੋਣਾ ਚਾਹੀਦਾ ਹੈ, ਕਿ ਦੇਸ਼ ਵਿੱਚ ਇਹੋ ਜਿਹੀਆਂ ਮਾਬ ਲਿਚਿੰਗ ਨਾਲ ਮਾਰਨ ਜਿਹੀਆਂ ਘਟਨਾਵਾਂ ਤੇਜ਼ੀ ਨਾਲ ਵੱਧ ਰਹੀਆਂ ਹਨ। ਉਥੇ ਪੁਲੀਸ ਦੀ ਹਿਰਾਸਤ ਵਿੱਚ ਵੀ ਇਸ ਤਰ੍ਹਾਂ ਦੀਆਂ ਘਟਨਾਵਾਂ ਵਾਪਰਨ ਤੇ ਵੀ ਚਿੰਤਾ ਹੋਣੀ ਚਾਹੀਦੀ ਹੈ ? ਕਿਸੇ ਦੀ ਬਿਨ੍ਹਾਂ ਤਫ਼ਤੀਸ਼ ਕੀਤਿਆਂ ਸ਼ੱਕ ਦੀ ਬਿਨਾਂ ਤੇ ਹੀ ਕਿਸੇ ਨਾਗਰਿਕ ਨੂੰ ਭੀੜ ਰਾਹੀਂ ਕੁੱਟ-ਕੁੱਟ ਕੇ ਮਾਰ ਦੇਣ ਅਤੇ ਉਨ੍ਹਾਂ ਹੁੜਦੁੰਗਾਂ ਵਿਰੁੱਧ ਕੋਈ ਕਾਨੂੰਨੀ ਕਾਰਵਾਈ ਵੀ ਨਾ ਹੋਣੀ, ਭਾਰਤ ਦੇਸ਼ ਦੇ ਲੋਕਤੰਤਰੀ ਰਾਜ ਵਿੱਚ ਇਕ ਘਾਤਕ ਕਾਰਨਾਮਾ ਹੈ ?”

ਭਾਰਤ ਵਿੱਚ ਪਿਛਲੇ ਕੁਝ ਸਮੇਂ ਤੋਂ, ਜਦੋਂ ਦੀ ਕੇਂਦਰ ਵਿੱਚ ਮੋਦੀ ਦੀ ਭਾਜਪਾ ਸਰਕਾਰ ਆਈ ਹੈ; ਤਾਂ ! “ਮਾਬ ਲਿੰਚਿਗ” ਦੀਆਂ ਘਟਨਾਵਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਕਦੀ ਧਰਮ ਦੇ ਨਾਂ ਤੇ, ਚੋਰੀ ਦੇ ਨਾਂ ‘ਤੇ, ਅਣਖ ਦੇ ਨਾਂ ‘ਤੇ, ਗਊ ਮਾਸ ਦੇ ਨਾਂ ‘ਤੇ ਅਤੇ ਲਵ-ਜੇਹਾਦ ਦੇ ਨਾਂ ‘ਤੇ ਭੀੜ ਵਲੋਂ ਬਿਨ੍ਹਾਂ ਤਫ਼ਤੀਫ਼ ਕੀਤਿਆਂ ਭੀੜ ਵਲੋਂ ਕੁੱਟ-ਕੁੱਟ ਕੇ ਮਾਰ ਦੇਣ ਦੀਆਂ ਖਬਰਾਂ ਦੇਸ਼ ਭਰ ਵਿੱਚ ਤੇਜ਼ੀ ਨਾਲ ਫੈਲ ਰਹੀਆਂ ਹਨ। ਇਹ ਇਕ ਅਫਸੋਸਨਾਕ ਵਾਕਿਆਤ ਹਨ।

26-ਮਈ, 2017 ਨੂੰ ਭਾਰਤ ਸਰਕਾਰ ਨੇ ‘ਪ੍ਰੋਵੈਸ਼ਨਲ ਆਫ ਕਰੂਇਲਟੀ ਅਗੇਂਸਟ ਐਨੀਮਲ” ਕਾਨੂੰਨ ਦੇਸ਼ ਭਰ ਵਿੱਚ ਮਾਸ ਖਰੀਦਣ ਵਾਲੇ ਚਾਰ ਪੈਰਾਂ ਵਾਲੇ ਪਸ਼ੂਆਂ ਦੀ ਖਰੀਦੋ-ਫਰੋਖਤ ਤੇ ਰੋਕ ਲਾਉਣ ਵਾਲਾ ਕਾਨੂੰਨ ਬਣਾਇਆ ਸੀ। ਉਸ ਸਮੇਂ ਸਾਰੇ ਦੇਸ਼ ਵਿੱਚ ਗਊ-ਹੱਤਿਆ ਦੇ ਵਿਰੋਧ ਵਿਚ ਇਕ ਸਨਸਨੀ ਫੈਲਾਅ ਕੇ, ਜਿਹੜੇ ਗਊਆਂ ਮੁੱਲ ਲੈ ਕੇ ਵੀ ਜਾ ਰਹੇ ਸਨ, ਉਨ੍ਹਾਂ ਨੂੰ ਵੀ ਗਊ ਹੱਤਿਆ ਦੇ ਨਾਂ ਤੇ ਕੁੱਟ-ਕੁੱਟ ਕੇ ਮਾਰਨ ਦੀਆਂ ਹੱਤਿਆਵਾਂ ਦੀਆਂ ਵੀ ਸਨਸਨੀ-ਖੇਜ਼ ਖਬਰਾਂ ਅਖਬਾਰਾਂ ਵਿੱਚ ਛੱਪੀਆਂ ਸਨ। ਇਹੋ ਜਿਹੀਆਂ ਹਿੰਸਾ ਨਾਲ ਮਰਨ ਵਾਲੇ ਨਾਗਰਿਕਾਂ ਦੀਆਂ ਵਾਰਦਾਤਾਂ ਵੱਧਣ ਨਾਲ ਮਾਣਯੋਗ ਸੁਪਰੀਮ ਕੋਰਟ ਨੇ ਜੁਲਾਈ 2017 ‘ਚ ਇਸ ਕਾਨੂੰਨ ਤੇ ਲਗਾਈ ਰੋਕ ਨੂੰ ਹਟਾ ਦਿੱਤਾ ਸੀ।

“ਮਾਬ ਲਿੰਚਿਗ” ਕੀ ਹੈ, ਇਸ ਸ਼ਬਦਾਵਲੀ ਬਾਰੇ ਵੀ ਜਾਨਣਾ ਜ਼ਰੂਰੀ ਹੈ ? ਲਿੰਚਿਗ ਸ਼ਬਦ ਅਮਰੀਕਾ ਦੀ ਦੇਣ ਹੈ। ਇਹ ਸ਼ਬਦ ਹੁਣ ਸਾਰੀ ਦਨੀਆਂ ‘ਚ ਪ੍ਰਚਾਰਿਆ ਜਾਣ ਲਗ ਪਿਆ ਹੈ। ਜਿਸ ਵਿੱਚ ਹੁਣ ਕੋਈ ਹੈਰਾਨੀ ਵਾਲੀ ਗੱਲ ਵੀ ਨਹੀਂ ਹੈ। ਮਾਬ ਲਿੰਚਿਗ ਵੀ ਅਮਰੀਕਾ ਦੇਸ਼ ਤੋਂ ਹੀ ਸ਼ੁਰੂ ਹੋਈ, ਜਦੋਂ ਉਥੇ ਗੁਲਾਮ ਪ੍ਰਥਾ ਸੀ। ਪਰ ! ਜਦੋਂ ਅਮਰੀਕਾ ‘ਚ ਕ੍ਰਾਂਤੀ ਆਈ ਸੀ ਤਾਂ ! ਵਰਜੀਨੀਆ ਦੇ ‘ਵੇਡਫਰਡ ਕਾਂਉਟੀ ਚਾਰਲਸ ਲਿੰਚ’ ਨੇ ਇਕ ਵਿਲੱਖਣ, ਪਰ ! ਬਹੁਤ ਘੱਟੀਆ ਤੇ ਘਿਨਾਉਣਾ ਫੈਸਲਾ ਕੀਤਾ ਸੀ। ਉਸ ਨੇ ਅਪਰਾਧੀਆਂ ਨੂੰ ਸਜ਼ਾ ਦੇਣ ਲਈ ਸਾਰੇ ਕਾਇਦੇ-ਕਾਨੂੰਨ ਛਿੱਕੇ ਟੰਗ ਕੇ, ਆਪਣੀਆਂ ਨਿੱਜੀ ਅਦਾਲਤਾਂ ਦਾ ਗਠਨ ਕਰਕੇ ਅਪਰਾਧਿਕ ਵਿਰਤੀ ਵਾਲੇ ਲੋਕਾਂ ਅਤੇ ਅਪਰਾਧੀਆਂ ਨੂੰ, ਜਾਂ ਸ਼ੱਕੀ ਲੋਕਾਂ ਨੂੰ ਵੀ ਫੜ ਕੇ, ਬਿਨ੍ਹਾਂ ਪੁੱਛ-ਪੜਤਾਲ ਕੀਤਿਆਂ ਸਜ਼ਾਵਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਸਨ। ਅਪਰਾਧੀਆਂ ਨੂੰ ਸਜ਼ਾਵਾਂ ਦੇਣ ਸਮੇਂ ਲੋਕਾਂ ਦਾ ਇੱਕ ਇਕੱਠ (ਇਕ ਭੀੜ ਦੀ ਤਰ੍ਹਾਂ) ਕਰਕੇ ‘ਤੇ ਉਨ੍ਹਾਂ ਲੋਕਾਂ ਦੇ ਸਾਹਮਣੇ ਹੀ ਅਪਰਾਧੀਆਂ ਨੂੰ ਦਰੱਖਤਾਂ, ਪੁਲਾਂ ਜਾਂ ਕੋਈ ਹੋਰ ਇਹੋ ਜਿਹੀ ਥਾਂ ਤੇ ਵਿਵਸਥਾ (ਪ੍ਰਬੰਧ) ਕੀਤੀ ਜਾਂਦੀ ਸੀ; ਜਿਥੇ ਉਨ੍ਹਾਂ ਨੂੰ ਜਿਊਦਿਆਂ ਨੂੰ ਹੀ ਟੰਗ ਕੇ ਕੁੱਟਿਆ, ਮਾਰਿਆ ਤੇ ਪੁੱਠਿਆਂ ਕਰਕੇ ਲਟਕਾਇਆ ਜਾਦਾ ਸੀ ਤੇ ਫਿਰ ਜਿਊਦਿਆਂ ਦੇ ਹੀ ਅੰਗ ਵੱਢ ਕੇ ਤੇ ਜਿਊਦਿਆਂ ਨੂੰ ਹੀ ਸਾੜ ਦਿੱਤਾ ਜਾਂਦਾ ਸੀ।

ਅਮਰੀਕਾ ਦੀ ਇਕ ਸਿਆਹ-ਫਾਮ ਲੋਕਾਂ ਦੀ ਸੰਸਥਾਂ “ਨੈਸ਼ਨਲ ਐਸੋਸੀਏਸ਼ਨ ਦੀ ਐਡਵਾਂਸਮੈਂਟ ਆਫ ਕਲਰਡ ਪੀਪਲ” ਦੇ ਅੰਕੜਿਆਂ ਅਨੁਸਾਰ 1882 ਤੋਂ ਲੈ ਕੇ 1968 ਤੱਕ ਅਮਰੀਕਾ ਵਿੱਚ 4743 ਲੋਕਾਂ ਦੀ ਹੱਤਿਆ ਇਹੋ ਜਿਹੀ ਭੀੜ (ਜਿਸ ਨੂੰ ਚਾਰਲਸ ਲਿੰਚ ਦੇ ਸ਼ਬਦ ਨਾਲ ਜ਼ੋੜ ਕੇ ਲਿੰਚਿਗ ਕਰ ਦਿੱਤਾ ਗਿਆ) ਰਾਂਹੀ ਕੀਤੀ ਗਈ ਸੀ। ਲਿੰਚਿਗ ਦਾ ਸ਼ਿਕਾਰ ਲੋਕਾਂ ਦੀ ਗਿਣਤੀ ਵਿੱਚ 3446 ਸਿਆਹ-ਫਾਮ ਅਫਰੀਕੀ-ਅਮਰੀਕੀ ਸਨ ਅਤੇ 1297 ਗੈਰ ਸਿਆਹ-ਫਾਮ ਲੋਕ ਸ਼ਾਮਲ ਸਨ।

ਮੌਜੂਦਾ ਸੰਦਰਭ ਵਿੱਚ ਅੱਜ ਦੇ ਸਮਾਜਿਕ ਵਰਤਾਰੇ ਅੰਦਰ ਭੀੜ ਦੀ ਹਿੰਸਾਂ ਰਾਹੀਂ (ਮਾਬ ਲਿੰਚਿਗ) ਲੋਕਾਂ ਨੂੰ ਕੁੱਟ-ਕੁੱਟ ਕੇ ਮਾਰ ਦੇਣ ਜਾਣ ਦੀਆਂ ਘਟਨਾਵਾਂ ਦੇ ਕਈ ਰੂਪ ਹਨ। ਮਾਬ ਲਿੰਚਿਗ ਦੀਆਂ ਘਟਨਾਵਾਂ ਭਾਂਵੇ ! ਪਿਛਲੇ ਸਮਿਆਂ ਅੰਦਰ ਵੀ ਹੁੰਦੀਆਂ ਰਹੀਆਂ ਹਨ; ਪ੍ਰਤੂੰ ਅੱਜ ! ਜਦੋਂ ਸਮਾਜ ਨੇ ਕਾਫੀ ਤਰੱਕੀ ਕਰ ਲਈ ਹੈ; ਤਾਂ ਇਹੋ ਜਿਹੀਆਂ ਘਿਨਾਉਣੀਆਂ ਘਟਨਾਵਾਂ ਦਾ ਕਿਸੇ ਨਾ ਕਿਸੇ ਰੂਪ ਵਿੱਚ ਸਾਰੇ ਹੀ ਦੇਸ਼ਾਂ ਵਿੱਚ ਵਾਪਰਨਾ ਇਕ ਚਿੰਤਾ ਦਾ ਵਿਸ਼ਾ ਹੈ। ਭਾਰਤ ਜਿਹੇ ਲੋਕਤੰਤਰੀ ਕਹਾਉਣ ਵਾਲੇ ਬਹੁਲਤਾਵਾਦੀ ਦੇਸ਼ ਵਿੱਚ ਜਿਥੇ ਭਿੰਨ-ਭਿੰਨ ਜਾਤਾਂ, ਵਰਗਾ, ਧਰਮਾਂ ਤੇ ਬਹੁ-ਭਾਸ਼ਾਈ ਲੋਕਾਂ ਦੀ ਗਿਣਤੀ ਹੈ ਤਾਂ ! ਉਥੇ ਇਹੋ ਜਿਹੀਆਂ ਘਟਨਾਵਾਂ ਦਾ ਵਾਪਰਨਾ ਮੰਦਭਾਗਾ ਹੈ। ਝਾਰਖੰਡ ਵਿੱਚ ਸਭ ਤੋਂ ਪਹਿਲਾਂ ਭੀੜ ਨੇ “ਡਾਇਣ” ਕਹਿ ਕੇ ਇਸਤਰੀਆਂ ਨੂੰ ਆਪਣਾ ਨਿਸ਼ਾਨਾ ਬਣਾਇਆ ਸੀ, ‘ਤੇ ਇਸ ਤਰ੍ਹਾਂ ਕਈ ਇਸਤਰੀਆਂ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਸੀ। ਜਿਸ ਦਾ ਨਤੀਜਾ ਇਹ ਹੋਇਆ, ਕਿ ਇਨ੍ਹਾਂ ਘਟਨਾਵਾਂ ਨੂੰ ਸੁਰਖੀਆਂ ਰਾਂਹੀ ਅਖਬਾਰਾਂ ਵਿੱਚ ਦੇ ਕੇ ਫੈਲਾਇਆ ਗਿਆ ਅਤੇ ਕਈਆਂ ਘਟਨਾਵਾਂ ਨੂੰ “ਧਾਰਮਿਕ ਰੰਗ” ਵੀ ਦਿੱਤੇ ਗਏ, ਜੋ ਅੰਧ-ਵਿਸ਼ਵਾਸ਼ ਅਤੇ ਜਗੀਰੂ ਰਹਿੰਦ-ਖੂਹੰਦ ਦਾ ਨਤੀਜਾ ਸੀ।

“ਇੰਡੀਸਪੈਂਡ ਵੈਬਸਾਈਟ” ਦੇ ਅਨੁਸਾਰ 2010 ਤੋਂ 2017 ਵਿੱਚ 63 ਮਾਮਲਿਆਂ ਵਿਚੋਂ 97 ਫੀ-ਸੱਦ ਮਾਮਲੇ ਪਿਛਲੇ ਤਿੰਨਾਂ ਸਾਲਾਂ ‘ਚ ਦਰਜ ਹੋਏ। ਜੇਕਰ ਰਿਪੋਰਟ ਦਾ ਅੰਕੜਾ ਮਿੱਥਿਆ ਜਾਵੇ ਤਾਂ 2012 ਤੋਂ ਹੁਣ ਤੱਕ ਫਿਰਕਾਪ੍ਰਸਤੀ ਦੀਆਂ ਅਜਿਹੀਆਂ 168 ਘਟਨਾਵਾਂ ਹੋ ਚੁੱਕੀਆਂ ਹਨ। ਜਿਨ੍ਹਾਂ ਵਿਚੋਂ 47 ਲੋਕਾਂ ਦੀਆਂ ਮੌਤਾਂ ਹੋਈਆਂ ਤੇ 175 ਲੋਕ ਗੰਭੀਰ ਰੂਪ ‘ਚ ਜਖ਼ਮੀ ਹੋਏ। ਜਨਵਰੀ-2017 ਤੋਂ 2018 ਤੱਕ ਦਰਜ ਕੀਤੇ ਗਏ ਮਾਮਲਿਆਂ ਵਿਚੋਂ ਕੇਵਲ “ਬੱਚੇ-ਚੋਰੀ” ਕਰਨ ਦੀਆਂ ਅਫ਼ਵਾਹਾਂ ‘ਚ 33-ਲੋਕਾਂ ਦੀ ਮੌਤ ਭੀੜ-ਹਿੰਸਾ ਦੇ ਦੌਰਾਨ ਹੋਈ।

“ਰਾਸ਼ਟਰੀ ਅਪਰਾਧ ਬਿਊਰੋ” ਅਨੁਸਾਰ 2001 ਤੋਂ 2014 ਤੱਕ ਦੇਸ਼ ਵਿੱਚ 2290 ਇਸਤਰੀਆਂ ਦੀਆਂ ਹਤਿਆਵਾਂ ‘ਡਾਇਣ’ ਕਹਿ ਕੇ ਕੁੱਟ-ਕੁੱਟ ਕੇ ਭੀੜ ਵਲੋਂ ਕੀਤੀਆਂ ਗਈਆਂ। ਜਿਨ੍ਹਾਂ ਵਿਚੋਂ 464 ਮੌਤਾਂ ਕੇਵਲ ਝਾਰਖੰਡ ਵਿੱਚ ਹੀ ਹੋਈਆਂ। ਇਸੇ ਤਰ੍ਹਾਂ ਉੜੀਸਾ ‘ਚ 415, ਆਂਧਰਾਪ੍ਰਦੇਸ਼ ‘ਚ 383 ਅਤੇ ਹਰਿਆਣਾ ‘ਚ 209 ਮੌਤਾਂ ਭੀੜ ਵਲੋਂ ਕੁੱਟ-ਮਾਰ ਕਰਕੇ ਹੋਈਆਂ। ‘ਸਟੇਪਸ ਫਾਂਊਡੇਸ਼ਨ’ ਦੇ ਅਨੁਸਾਰ 28 ਸਤੰਬਰ 2018 ਤੋਂ 7 ਜੂਨ 2019 ਤੱਕ ਇਹੋ ਜਿਹੀਆਂ ਘਟਨਾਵਾਂ ਜੋ ਵਾਪਰੀਆਂ ਸਨ, ਵਿੱਚ 141 ਲੋਕਾਂ ਦੀ ਜਾਨ ਗਈ। ਇਨ੍ਹਾਂ ਵਿਚੋਂ ਮਰਨ ਵਾਲਿਆਂ ਵਿਚ 70 ਲੋਕ ਮੁਸਲਿਮ ਅਤੇ 71ਗੈਰ ਮੁਸਲਿਮ ਸਨ। ਜਿਥੋਂ ਇਹ ਸਿੱਧ ਹੁੰਦਾ ਹੈ, ਕਿ ਭੀੜ ਵਿੱਚ (ਮਾਬ ਲਿੰਚਿਗ) ਆਏ ਇਕ ਖਾਸ ਫਿਰਕੇ ਦੇ ਲੋਕਾਂ ਵਲੋਂ ਫੜਕੇ ਦੂਸਰੇ ਖਾਸ ਧਰਮ, ਜਾਤ ਦਾ ਕੋਈ ਵੀ ਬੰਦਾ ਹੋਵੇ ਫਿਰਕੂ ਨਾਹਰਿਆਂ ਰਾਹੀਂ ਕੁੱਟ-ਕੁੱਟ ਕੇ ਮਾਰ ਦਿਓ ? ਉਪਰੋਕਤ ਘਟਨਾਵਾਂ ਦੇ ਅੰਕੜਿਆਂ ਮੁਤਾਬਿਕ ਸਭ ਤੋਂ ਜ਼ਿਆਦਾ ਘਟਨਾਵਾਂ 2018 ‘ਚ ਹੋਈਆਂ ਹਨ ਜਦੋਂ “ਹਿੰਦੂਤਵ ਬੁਖਾਰ ਚੜ੍ਹਾਈ ਤੇ ਸੀ ?”

ਭਾਂਵ ! 2018 ‘ਚ ਮਾਨਯੋਗ ਸੁਪਰੀਮ ਕੋਰਟ ਨੇ ਮਾਬ ਲਿੰਚਿਗ ‘ਤੇ ਰੋਕ ਲਾਉਣ ਤੇ ਜਾਂਚ ਕਰਨ ਦੇ ਕਾਰਨਾਂ ਦਾ ਪਤਾ ਲਾਉਣ ਲਈ ਇਕ ਡੀ.ਐਸ.ਪੀ. ਦੇ ਪੱਧਰ ਤੇ ਕੰਮ ਕਰਦੀ ਪੁਲਿਸ ਅਧਿਕਾਰੀਆਂ ਦੀ ਜਿੰਮੇਵਾਰੀ ਹਰ ਜ਼ਿਲ੍ਹੇ ‘ਚ ਭੀੜ ਹਿੰਸਾਂ ਦੀ ਜਾਂਚ ਕਰਨ ਦੇ ਹੁਕਮ (ਆਦੇਸ਼) ਦਿੱਤੇ ਗਏ ਸਨ; ਜਾਂ ! ਇਕ ਵਿਸ਼ੇਸ਼ ਫੋਰਸ ਨੂੰ, ਜੋ ਇਹੋ ਜਿਹੀਆਂ ਵਾਰਦਾਤਾਂ ਦੇਣ ਨੂੰ ਅੰਜਾਮ ਦੇ ਰਹੇ ਹਨ ਜਾਂ ਅਫਵਾਹਾਂ ਫੈਲਾ ਰਹੇ ਹਨ ਵਿਰੁਧ ਗਠਨ ਕਰਨ ਲਈ ਕਿਹਾ ਸੀ। ਮਾਣ-ਯੋਗ ਸੁਪਰੀਮ ਕੋਰਟ ਨੇ ਉਸ ਸਮੇਂ ਟਿੱਪਣੀ ਕੀਤੀ ਸੀ, ‘ਕਿ ਦੇਸ਼ ਦਾ ਕੋਈ ਵੀ ਨਾਗਰਿਕ ਆਪਣੇ ਆਪ ਕੋਈ ਵੀ ਕਾਨੂੰਨ ਨਹੀਂ ਬਣਾ ਸਕਦਾ ਅਤੇ ਨਾ ਹੀ ਇਸ ਲੋਕਤੰਤਰ ਦੇਸ਼ ਵਿੱਚ ਇਹੋ ਜਿਹੀ ਭੀੜ ਨੂੰ ਇਜ਼ਾਜ਼ਤ ਹੀ ਦਿੱਤੀ ਜਾਵੇਗੀ ?’ ਪ੍ਰਤੂੰ ਅਫਸੋਸ ਹੈ ਕਿ 2018 ‘ਚ ਇਹੋ ਜਿਹੀਆਂ ਮਾਬ ਲਿੰਚਿਗ ਤੇ ਰੋਕ ਲਾਉਣ ਦੀ ਇਨਕੁਆਰੀ ਦਾ ਕੀ ਬਣਿਆ; ਅਜੇ ਤੱਕ ਕੋਈ ਪਤਾ ਨਹੀਂ ਹੈ ?

ਇਸ ਦੇ ਬਾਵਜੂਦ ਵੀ ਪਿਛਲੇ ਕਾਫੀ ਲੰਬੇ ਸਮੇਂ ਤੋਂ ਪੰਜਾਬ ਵਿਚ ਵੀ, ਜਿਥੇ ਇਹੋ ਜਿਹੀਆਂ ਘਟਨਾਵਾਂ ਕਦੇ ਵਾਪਰੀਆਂ ਹੀ ਨਹੀਂ ਸਨ, ਅੱਜ ! ਇਹੋ ਜਿਹੇ ਹੁੜਦੁੰਗਾਂ ਨੇ ਇਥੇ ਵੀ ਪੈਰ ਪਸਾਰ ਲਏ ਲਗਦੇ ਹਨ। “ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ” ਦੀਆਂ ਹੋ ਰਹੀਆਂ ਬੇ-ਅਦਬੀਆਂ ਦੇ ਕਾਰਨ ਅਤੇ ਦੋਸ਼ੀਆਂ ਨੂੰ ਫੜਨ ਜਾਂ ਸਜ਼ਾ ਨਾ ਦਿੱਤੇ ਜਾਣ ਕਾਰਨ ਇਹੋ ਜਿਹੀ ਭੀੜ ਵਲੋਂ ਹੁਣ ਸ਼ੱਕ ਵਿੱਚ ਆਏ ਲੋਕਾਂ ਨੂੰ ਕੁੱਟ-ਕੁੱਟ ਕੇ ਮਾਰਨ ਦੀਆਂ ਖਬਰਾਂ ਤੇਜ਼ੀ ਨਾਲ ਫੈਲਣ ਕਾਰਨ ਪੰਜਾਬ ਦਾ ਮਹੌਲ ਖਰਾਬ ਕੀਤਾ ਜਾ ਰਿਹਾ ਹੈ। ਪੰਜਾਬ ਦੀ ਧਰਤੀ ਗੁਰੂਆਂ, ਪੀਰਾਂ, ਯੋਧਿਆਂ, ਸੂਫ਼ੀ-ਸੰਤਾਂ, ਮਹਾਂਪੁਰਸ਼ਾਂ, ਇਨਕਲਾਬੀਆਂ ਤੇ ਗਦਰੀ ਬਾਬਿਆਂ ਦੀ ਧਰਤੀ ਹੈ। ਸਾਡੇ ਗੁਰੂਆਂ ਨੇ ਲੋਕਾਈ ਨੂੰ ਸਹਿਣ-ਸ਼ੀਲਤਾ ਦਾ ਉਪਦੇਸ਼ ਦਿੱਤਾ ਸੀ। ਪਰ ! ਅੱਜ ਪੰਜਾਬ ‘ਚ ਵੀ ਜਾਤਾਂ-ਧਰਮਾਂ ਅਤੇ ਬੇਅਦਬੀਆਂ ਦੇ ਨਾਂ ਤੇ, ਬਿਨ੍ਹਾਂ ਕਿਸੇ ਦੀ ਸ਼ਨਾਖਤ ਕੀਤਿਆਂ ਪਿਛਲੇ ਦਿਨੀ ਕਪੂਰਥਲਾ ਵਿਖੇ ਇਕ ਨਾਗਰਿਕ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ। ਇਸ ਤੋਂ ਪਹਿਲਾਂ ਵੀ ਅੰਮ੍ਰਿਤਸਰ ਦਰਬਾਰ ਸਾਹਿਬ ਵਿਖੇ ਵੀ ਇਕ ਇਹੋ ਜਿਹੀ ਮੰਦਭਾਗੀ ਘਟਨਾ ਵਾਪਰੀ ਸੀ। ਜੋ ਨਿੰਦਣਯੋਗ ਹੈ। ਅਜਿਹੀਆਂ ਘਟਨਾਵਾਂ ਸਿਰਫ ਮੰਦਭਾਗੀਆਂ ਹੀ ਨਹੀਂ ਹਨ; ਸਗੋਂ ਤੇ ਹਾਕਮਾਂ ਲਈ ਵੀ ਇਕ ਚੁਨੌਤੀ ਹੈ ਅਤੇ ਅਮਨ ਪਸੰਦ ਲੋਕ ਇਹੋ ਜਿਹੀਆਂ ਦੋਨੋਂ ਪੱਖ ਦੀਆਂ ਘਟਨਾਵਾਂ ਵਾਪਰਨ ਤੇ ਚਿੰਤਾਂ ਜਾਹਿਰ ਕਰ ਰਹੇ ਹਨ। “ਪਛਤਾਂਵਾ ਸਮਾਗਮ” ਕਰਕੇ ਹੀ ਇਹੋ ਜਿਹੀਆਂ ਘਟਨਾਵਾਂ ਨਹੀਂ ਰੁੱਕ ਸਕਦੀਆਂ, ਸਗੋਂ ਭੀੜ ਵਲੋਂ ਮਾਰਨ ਵਾਲੇ ਲੋਕਾਂ ਨੂੰ ਸੱਖਤ ਸਜ਼ਾਵਾਂ ਦਿੱਤੀਆਂ ਜਾਣ। ਪਹਿਲਾਂ ਵੀ ਸਾਲ 2015 ਦੌਰਾਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਲਈ ਦੋਸ਼ੀਆਂ ਨੂੰ ਸਜਾਵਾਂ ਨਾ ਮਿਲਣ ਕਾਰਨ ਹਾਲਾਤਾਂ ‘ਚ ਅਜੇ ਗੁੱਸਾ ਪੂਰੀ ਤਰ੍ਹਾਂ ਭਰਿਆ ਪਿਆ ਹੈ। ਜਿਸ ਲਈ ਸਰਕਾਰਾਂ ਵੀ ਖੁੱਦ ਜਿੰਮੇਵਾਰ ਹਨ।

ਅਜਿਹੀਆਂ ਘਟਨਾਵਾਂ ਕਾਰਨ ਅੱਜ ! ਦੇਸ਼ ਦਾ ਹਰ ਨਾਗਰਿਕ ਆਪਣੇ-ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ। ਨਾ ਤਾਂ, ਦੇਸ਼ ਦੇ ਹਾਕਮ ਤੇ ਨਾ ਹੀ ਰਾਜ ਸਰਕਾਰਾਂ ਨੂੰ ਲੋਕਾਂ ਦੇ ਮਸੱਲਿਆਂ ਨੂੰ ਹੱਲ ਕਰਨ ਦੀ ਚਿੰਤਾ ਹੈ। ਲੋਕਾਂ ‘ਚ ਰੋਹ ਫੈਲ ਰਿਹਾ ਹੈ, ਕਿ ਇਨ੍ਹਾਂ ਹਾਲਾਂਤਾ ਲਈ ਰਾਜਨੀਤਕ ਪਾਰਟੀਆਂ ਹੀ ਜੁੰਮੇਵਾਰ ਹਨ ਕਿਉਂਕਿ ਉਹ ਲੋਕਾਂ ਦੇ ਮਸਲੇ ਹੱਲ ਕਰਨ ਦੀ ਥਾਂ ਆਪਣੀ ਗਦੀ ਕਾਇਮ ਰੱਖਣ ਲਈ ਇਹੋ ਜਿਹੀ ਭੀੜ ਦਾ ਸਹਾਰਾ ਲੈ ਕੇ ਲੋਕਾਂ ਨੂੰ ਧਰਮ, ਜਾਤ ਤੇ ਫਿਰਕਾਪ੍ਰਸਤੀ ਦੇ ਨਾਂ ਤੇ ਲੜਾ ਕੇ, ਆਪਸੀ ਕੁੱਟ-ਮਾਰ ਕਰਾ ਕੇ, ਮਾਰਾ-ਮਾਰੀ ਕਰਾ ਰਹੀਆਂ ਹਨ। ਇਹੋ ਜਿਹੀਆਂ ਵਾਪਰੀਆਂ ਦੁੱਖਦਾਈ ਘਟਨਾਵਾਂ ਦੇ ਪੀੜਤ ਲੋਕਾਂ ਨਾਲ ਸਗੋਂ ਰਾਜਨੀਤਕ ਪਾਰਟੀਆਂ ਵਲੋਂ ਹਮਦਰਦੀ ਵੀ ਨਹੀਂ ਪ੍ਰਗਟਾਈ ਜਾ ਰਹੀ ਹੈ। ਇਹੋ ਜਿਹੀ ਹੀ ਇਕ ਸਨਸਨੀ ਖੇਜ਼ ਘਟਨਾ ਪਿਛਲੇ ਦਿਨੀ ਕਿਸਾਨੀ ਮੋਰਚੇ ਦੌਰਾਨ ਵੀ ਘਟੀ ਸੀ। ਜੋ ਸਿਰਫ਼ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਦੀ ਇਕ ਸਾਜਿਸ਼ ਸੀ। 2021 ਦੇ ਕ੍ਰਿਸਮਿਸ ਮੌਕੇ ‘ਤੇ ਵੀ ਅੰਬਾਲਾ ਕੈਂਟ ਦੇ ਚਰਚ, ਆਸਾਮ ਤੇ ਆਗਰਾ ਵਿੱਚ ਵੀ ਈਸਾਈ ਭਾਈਚਾਰੇ ਦੇ ਲੋਕਾਂ ਤੇ ਹੋਏ ਹਮਲਿਆਂ ਤੇ “ਯਿਸੂ ਮਸੀਹ ਦੇ ਬੁੱਤ” ਦੀ ਤੋੜ-ਭੰਨ ਕੀਤੀ ਗਈ। ਅਸਾਮ ਵਿੱਚ ਚਰਚ ਵਿੱਚ ਹੋ ਰਹੇ ਸਮਾਰੋਹ ਸਮੇਂ “ਭਗਵੇਂ ਮਫ਼ਲਰ” ਵਾਲੇ ਇਕ ਸਮੂਹ ਨੇ ਵੀ ਵੱਡਾ ਹੁੜਦੁੰਗ ਮਚਾਇਆ ਸੀ। ਇਸੇ ਤਰ੍ਹਾਂ ਆਗਰੇ ਦੀ ਘਟਨਾ ਵਿੱਚ ਬਜਰੰਗ-ਦੱਲ ਦੇ ਆਗੂਆਂ ਦੀ ਭੂਮਿਕਾ ਵੀ ਨੰਗੀ ਹੋ ਗਈ ਜੋ ਅਜਿਹੀਆਂ ਘਟਨਾਵਾਂ ਅਤਿ ਨਿੰਦਣਯੋਗ ਹਨ।

ਗੈਰ ਸਰਕਾਰੀ ਜੱਥੇਬੰਦੀਆਂ “ਯੂਨਾਈਟਿਡ ਅਗੇਂਸਟ-ਹੇਟ, ਐਸੋਸੀਏਸ਼ਨ ਫਾਰ ਪ੍ਰੋਟੈਕਸ਼ਨ ਆਫ ਸਿਵਲ ਰਾਈਟਸ ਅਤੇ ਯੂਨਾਈਟਿਡ ਕ੍ਰਿਸਚਿਅਨ ਫੋਰਸ” ਵਲੋਂ ਜਾਰੀ ਇਕ ਖੋਜ਼ ਰਿਪੋਰਟ ‘ਚ ਇਸ ਸਾਲ ਈਸਾਈਆਂ ‘ਤੇ ਭੀੜ ਵਲੋਂ ਕੀਤੇ ਹਮਲਿਆਂ ‘ਚ 300 ਤੋਂ ਵੀ ਵੱਧ ਮਾਮਲੇ ਦਰਜ ਹੋਏ ਹਨ। ਪਹਿਲੇ ਨੰਬਰ ਤੇ ਉਤਰ ਪ੍ਰਦੇਸ਼ (ਕਰਮਵਾਰ) ਛੱਤੀਸਗੜ੍ਹ, ਉਤਰਾਖੰਡ, ਕਰਨਾਟਕ, ਹਰਿਆਣਾ ਅਤੇ ਛੇਵਾਂ ਦਿੱਲੀ ਵਿੱਚ ਲਗਾਤਾਰ ਹਮਲੇ ਹੋਏ ਹਨ। ਭਾਂਵੇ ! ਭਾਰਤ ਦੇ ਸੰਵਿਧਾਨ ਵਿੱਚ “ਅਸੀਂ” ਸ਼ਬਦ ਦੇਸ਼ ਵਿੱਚ ਵਸਦੇ ਸਾਰੇ ਨਾਗਰਿਕਾਂ ਲਈ ਹੀ ਵਰਤਿਆ ਜਾ ਰਿਹਾ ਹੈ; ਪਰ ! ਜਦੋਂ “ਮਾਬ ਲਿੰਚਿਗ” ਜਿਹੀਆਂ ਘਟਨਾਵਾਂ ਵਾਪਰਦੀਆਂ ਹਨ ਤਾਂ ਇਸ “ਅਸੀਂ” ਸ਼ਬਦ ਤੇ ਪ੍ਰਸ਼ਨ-ਚਿੰਨ੍ਹ ਲਗ ਜਾਂਦਾ ਹੈ ? ਦੇਸ਼ ਵਿੱਚ ਅੱਜ ਜਾਤਾਂ, ਧਰਮਾਂ, ਭਾਸ਼ਾਵਾਂ, ਖਿੱਤਿਆਂ ਤੇ ਭੜਕਾਊ ਨਾਅਰੇ ਲਾ ਕੇ ਇਕ ਫਿਰਕੇ ਦੇ ਲੋਕਾਂ ਵਲੋਂ ਘੱਟ-ਗਿਣਤੀਆਂ ਤੇ ਰਾਜਨੀਤੀ ਦੀ ਆੜ ਹੇਠ ਭੀੜ ਰਾਹੀਂ ਬਿਨ੍ਹਾਂ ਤਸਦੀਕ ਕੀਤਿਆਂ ਕੁੱਟ-ਮਾਰ ਤੇ ਜਾਨੋ ਮਾਰਨ ਦੀਆਂ ਅਜਿਹੀਆਂ ਘਟਨਾਵਾਂ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਜੋ ਦੇਸ਼ ਦੀ ਏਕਤਾ-ਅਖੰਡਤਾ ਲਈ ਖਤਰਾ ਹੈ।

ਮਨੋ ਵਿਗਿਆਨੀ “ਜੀ.ਲੀ.ਬਾਨ” ਨੇ 19-ਵੀ-ਸਦੀ ਦੇ ਅੰਤ ਵਿੱਚ ਆਪਣੀ ਲਿੱਖੀ ਪ੍ਰਸਿੱਧ ਕਿਤਾਬ “ਦੀ ਕਰਾਊਡ” ‘ਚ ਬਹੁਤ ਹੀ ਚੰਗੀ ਤਰ੍ਹਾਂ ਸਮਝਾਇਆ ਹੈ, “ਕਿ ਭੀੜ ਵਿੱਚ ਸ਼ਾਮਲ ਲੋਕ ਭਾਵੇਂ ! ਕਿਸੇ ਵੀ ਤਰ੍ਹਾਂ ਦੇ ਹੋਣ, ਪਰ ! ਸਚਾਈ ਇਹ ਹੈ; ਕਿ ਉਹ ਭੀੜ ਦਾ ਹਿੱਸਾ ਬਣ ਚੁੱਕੇ ਹਨ। ਭਾਵ ! ਉਨ੍ਹਾਂ ਦੀ ਸੋਚਣ ਸਮਝਣ ਦੀ ਮਨੋਦਸ਼ਾ ਸਮੂਹਿਕ ਭੀੜ ਨਾਲ ਜੁੜ ਜਾਂਦੀ ਹੈ। ਇਹ ਇਕੱਠ ਤੈਅ ਕਰਦਾ ਹੈ; ਕਿ ਉਹ ਵਿਅਕਤੀ ਕਿਵੇਂ ਸੋਚੇਗਾ। ਮਹਿਸੂਸ ਕਰੇਗਾ ਤੇ ਕਿਸੇ ਖਾਸ ਸਮੇਂ ਤੇ ਕਿਸ ਤਰਾਂ ਦੀ ਪ੍ਰੀਕ੍ਰਿਆ ਦੇਵੇਗਾ।”

ਬੁੱਧੀਜੀਵੀਆਂ ਦਾ ਮੰਨਣਾ ਹੈ ;“ਕਿ ਇਹ ਇਕ “ਰਾਜਨੀਤਕ ਹੱਥਕੰਡਾ” ਹੈ। ਜਿਸ ਵਿੱਚ ਦੇਸ਼ ਦੇ ਵੱਖ-ਵੱਖ ਗੁੱਟਾਂ ਦੇ ਲੋਕ ਧਰਮ ਦੇ ਨਾਂ ਤੇ ਫਿਰਕਿਆਂ ਨੂੰ ਲੜਾਉਣ ਦੀ ਕੋਸ਼ਿਸ਼ ਵਿੱਚ ਹਨ। ਜਿਵੇਂ ਰਾਸ਼ਟਰਵਾਦ, ਗਊ ਰੱਖਿਆ, ਲਵ-ਜਿਹਾਦ, ਡਾਇਣ, ਜਾਦੂਗਰਨੀ, ਬੱਚਾ ਚੋਰ, ਧਾਰਮਿਕ, ਅਫ਼ਵਾਹਾਂ ਫੈਲਾ ਕੇ ਤੇ ਹੋਰ ਕਈ ਮਾਮਲਿਆ ਵਿੱਚ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾਇਆ ਜਾਣਾ। ਤਾਂ ! ਜੋ ਉਹ ਆਪਸ ‘ਚ ਲੜਨ ਤੇ ਰਾਜਨੀਤਕ ਦਲ ਉਨ੍ਹਾਂ ਉੱਪਰ ਰਾਜ ਕਰਨ। ਮਸਲਨ (ਡੀਵਾਈਡ ਐਂਡ ਰੂਲ) ਪਾੜੋ ਤੇ ਰਾਜ ਕਰੋ ਦੀ ਨੀਤੀ। ਇਨ੍ਹਾਂ ਲੋਕਾਂ ‘ਚ ਫੁੱਟ ਪਾਓ ਤੇ ਰਾਜ ਕਰੋ, ਇਹ 21-ਵੀਂ ਸਦੀ ਦਾ ਤਰੀਕਾ ਹੈ।” ਭਾਰਤ “ਸੰਸਾਰ ਸੁੱਖ ਸ਼ਾਂਤੀ ਦੇ ਇੰਡੈਕਸ” ਦੇ 163 ਦੇਸ਼ਾਂ ਦੇ ਅੰਦਰ 137ਵੇਂ ਥਾਂ ਤੇ ਆਉਂਦਾ ਹੈ। ਲੋਕਾਂ ਨੂੰ ਸੁਰੱਖਿਆ ਤੇ ਬਚਾਅ, ਝਗੜਿਆਂ ਤੋਂ ਮੁਕਤ ਰੱਖਣ ਲਈ ਅਸੀਂ ਬਹੁਤ ਪਿਛੇ ਹਾਂ। ਸਾਲ 2013 ਤੋਂ ਲੈ ਕੇ 2021 ਤੱਕ ਅਜਿਹੀਆਂ ਘਟਨਾਵਾਂ ‘ਚ ਵਾਧਾ ਹੋਣਾ, ਜਿਥੇ ਇਕ ਪਾਸੇ ਅੰਧ-ਵਿਸ਼ਵਾਸ਼ ਨੂੰ ਫੈਲਾਇਆ ਜਾ ਰਿਹਾ ਹੈ; ਉਥੇ ਦੇਸ਼ ਅੰਦਰ ਵਿਗਿਆਨਕ ਸੋਚ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ; ਜੋ ਹਿੰਦੂਤਵ ਦੀ ਯੋਜਨਾ ਦੀ ਪੂਰਤੀ ਦਾ ਮੁੱਖ ਹਿੱਸਾ ਹੈ। ਪਿਛਾਂਹ-ਖਿੱਚੂ, ਸ਼ਾਵਨਵਾਦੀ ਅਤੇ ਧਾਰਮਿਕ ਕਟੜਵਾਦੀ ਵਿਚਾਰ ਧਾਰਾ ਤੇ ਤਾਕਤਾਂ ਵਿਰੁੱਧ ਸਾਰੀਆਂ ਹੀ ਧਰਮ-ਨਿਰਪੱਖ ਤੇ ਜਮਹੂਰੀ ਸ਼ਕਤੀਆਂ ਨੂੰ ਇਕ ਜੁੱਟ ਹੋ ਕੇ ਇਨਾਂ ਵਹਿਸ਼ੀ ਤੇ ਭੜਕਾਊ ਨਾਅਰੇ ਦੇਣ ਵਾਲੀਆਂ ਸ਼ਕਤੀਆਂ ਵਿਰੁੱਧ ਲਾਮਬੰਦ ਹੋਣਾ ਚਾਹੀਦਾ ਹੈ।

# ਜ਼ਮੀਰ ਵਿਹੂਣੇ ਸਿਆਸਤਦਾਨ



ਮੋਹਨ ਸ਼ਰਮਾ
ਪ੍ਰੋਜੈਕਟ ਡਾਇਰੈਕਟਰ
ਨਸ਼ਾ ਛੁਡਾਊ ਕੇਂਦਰ,ਸੰਗਰੂਰ।
ਮੋ:94171-48866

ਗੱਲ ਉਸ ਸਮੇਂ ਦੀ ਹੈ ਜਦੋਂ ਪਾਕਿਸਤਾਨ ਵਿੱਚ ਨਵਾਜ਼ ਸ਼ਰੀਫ਼ ਦਾ ਤਖ਼ਤਾ ਪਲਟ ਕੇ ਜਰਨਲ ਪਰਵੇਜ਼ ਮੁਸ਼ੱਰਫ ਨੇ ਪਾਕਿਸਤਾਨ ਦੀ ਕਮਾਨ ਸੰਭਾਲ ਲਈ ਸੀ। ਉਨ੍ਹਾਂ ਦਿਨਾਂ ਵਿੱਚ ਹੀ ਭਾਰਤ ਵਿੱਚ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਵੱਲੋਂ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਚੋਣ ਲਈ ਇੰਟਰਵਿਊ ਲਈ ਜਾ ਰਹੀ ਸੀ। ਇੱਕ ਊਮੀਦਵਾਰ ਤੋਂ ਕਮਿਸ਼ਨ ਦੇ ਮੈਂਬਰ ਨੇ ਸਵਾਲ ਪੁੱਛਿਆ, “ ਪਾਕਿਸਤਾਨ ਦੇ ਪ੍ਰਮੁੱਖ ਸ਼ਾਸ਼ਕ ਦਾ ਨਾਂ ਕੀ ਹੈ ?” ਊਮੀਦਵਾਰ ਨੇ ਗੰਭੀਰ ਹੋ ਕੇ ਜਵਾਬ ਦਿੱਤਾ, “ ਸਰ, ਘੰਟਾ ਕੁ ਪਹਿਲਾਂ ਜਦੋਂ ਮੈਂ ਘਰੋਂ ਚੱਲਿਆ ਸੀ, ਉਸ ਵੇਲੇ ਜਨਰਲ ਪਰਵੇਜ਼ ਮੁਸ਼ੱਰਫ਼ ਮੁੱਖ ਪ੍ਰਸ਼ਾਸਕ ਸੀ। ਜੇ ਘੰਟੇ ਕੁ ਦੇ ਸਮੇਂ ਵਿੱਚ ਹੀ ਕਿਸੇ ਹੋਰ ਨੇ ਤਖ਼ਤਾ ਪਲਟ ਦਿੱਤਾ ਹੋਵੇ, ਫਿਰ ਮੈਨੂੰ ਪਤਾ ਨਹੀਂ।” ਉਸ ਦਾ ਇਹ ਜਵਾਬ ਸਾਡੇ ਰਾਜਨੀਤਿਕ ਲੋਕਾਂ ਤੇ ਹੂ-ਬ-ਹੂ ਢੁੱਕਦਾ ਹੈ। ਇੱਕ ਦਿਨ ਪਹਿਲਾਂ ਰਾਜਨੀਤਿਕ ਆਗੂ ਦਾ ਬਿਆਨ ਆਉਂਦਾ ਹੈ, “ ਮੈਂ ਪਾਰਟੀ ਦਾ ਵਫਾਦਾਰ ਸਿਪਾਹੀ ਹਾਂ। ਭਲਾਂ, ਮੈਂ ਆਪਣੀ ਮਾਂ ਪਾਰਟੀ ਨੂੰ ਕਿਵੇਂ ਛੱਡ ਸਕਦਾ ਹਾਂ ? ਮੈਂ ਪਾਰਟੀ ਨਾਲ ਚਟਾਨ ਵਾਂਗ ਖੜ੍ਹਾ ਹਾਂ।” ਅਗਲੇ ਹੀ ਦਿਨ ਪਤਾ ਲਗਦਾ ਹੈ ਕਿ ਉਹ ਟਪੂਸੀ ਮਾਰ ਕੇ ਦੂਜੀ ਪਾਰਟੀ ਵਿੱਚ ਚਲਾ ਗਿਆ ਹੈ ਅਤੇ ਨਾਲ ਹੀ ਉਸ ਦਾ ਇਸ ਤਰ੍ਹਾਂ ਦਾ ਬਿਆਨ ਵੀ ਆ ਜਾਂਦਾ ਹੈ, “ ਮੈਂ ਉਸ ਪਾਰਟੀ ਨੂੰ ਇਸ ਕਰਕੇ ਛੱਡਿਆ ਹੈ ਕਿ ਉਹ ਸਿਧਾਂਤਾਂ ਤੋਂ ਹਿੱਲ ਚੁੱਕੀ ਹੈ। ਗ਼ਰੀਬ, ਕਿਰਤੀ ਵਰਗ, ਦੱਲਿਤਾਂ, ਕਿਰਸਾਨਾਂ ਅਤੇ ਆਮ ਲੋਕਾਂ ਦੇ ਹਿੱਤਾਂ ਨੂੰ ਅੱਖੋਂ ਪਰੋਖੇ ਕੀਤਾ ਜਾ ਰਿਹਾ ਸੀ। ਜਿਸ ਪਾਰਟੀ ਵਿੱਚ ਮੈਂ ਸ਼ਾਮਲ ਹੋ ਰਿਹਾ ਹਾਂ, ਇਸ ਪਾਰਟੀ ਦਾ ਜਨ ਆਧਾਰ ਹੈ ਅਤੇ ਅਸਲੀ ਸ਼ਬਦਾਂ ਵਿੱਚ ਜ਼ਮਹੂਰੀਅਤ ਦੇ ਸਿਧਾਂਤਾਂ ਤੇ ਡੱਟ ਕੇ ਪਹਿਰਾ ਦੇ ਰਹੀ ਹੈ। ਇਸ ਪਾਰਟੀ ਵਿੱਚ ਰਹਿੰਦਿਆਂ ਪ੍ਰਾਂਤ ਅਤੇ ਦੇਸ਼ ਦੀ ਖ਼ੁਸ਼ਹਾਲੀ ਲਈ ਮੈਂ ਆਪਣਾ ਆਪ ਦਾਅ ਤੇ ਲਾ ਦਿਆਂਗਾ।” ਰਾਜਨੀਤਿਕ ਲੋਕਾਂ ਦੀਆਂ ਇੰਜ ‘ ਮਾਂ ਪਾਰਟੀ ’ ਨੂੰ ਅਲਵਿਦਾ ਕਹਿ ਕੇ ਦੂਜੀ ਪਾਰਟੀ ਦੀ ਬੁੱਕਲ ਵਿੱਚ ਬੈਠਣ ਤੇ ਆਤਮ-ਗਿਲਾਨੀ ਹੁੰਦੀ ਹੈ ਕਿ ਅਸੀਂ ਉਸ ਦੇਸ਼ ਦੇ ਵਾਸੀ ਹਾਂ ਜਿਸ ਦੇ ਰਹਿਨੁਮਾਦਾਰਗੀ ਜ਼ਮੀਰ ਵਾਲੇ ਹਨ, ਸਿਧਾਂਤਾਂ ਤੋਂ ਸੱਖਣੇ ਹਨ। ਸਿਰਫ ਤੇ ਸਿਰਫ ਆਪਣੇ ਹਿੱਤਾਂ ਦੀ ਪੂਰਤੀ ਕਰਦਿਆਂ ਦੇਸ਼ ਭਗਤੀ ਦਾ ਢੌਂਗ ਰਚਦੇ ਹਨ। ਅਜਿਹੇ ਜ਼ਮੀਰ ਵਿਹੂਣੇ ਲੀਡਰਾਂ ਨੂੰ ‘ ਨੇਤਾ ਜੀ ’ ਕਹਿਣਾ ਤਾਂ ਮਹਾਨ ਦੇਸ਼ ਭਗਤ ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਬੇਅਦਬੀ ਕਰਨਾ ਹੈ। ‘ ਨੇਤਾ ਜੀ ’ ਸ਼ਬਦ ਸੁਭਾਸ਼ ਚੰਦਰ ਬੋਸ ਦੀ ਬੇਮਿਸਾਲ ਕੁਰਬਾਨੀ ਲਈ ਵਰਤਿਆ ਜਾਂਦਾ ਹੈ। ਨੇਤਾ ਜੀ ਸੁਭਾਸ਼ ਚੰਦਰ ਬੋਸ ਕਹਿੰਦਿਆਂ ਮਨ ਸ਼ਰਧਾ ਅਤੇ ਸਤਿਕਾਰ ਨਾਲ ਝੁੱਕ ਜਾਂਦਾ ਹੈ। ਅਜਿਹੇ ਮਹਾਨ ਆਗੂਆਂ ਨੇ ਹੀ ਨਿੱਜ ਨੂੰ ਤਿਲਾਂਜਲੀ ਦੇ ਕੇ ਆਪਣਾ ਆਪ ਦੇਸ਼ ਲਈ ਕੁਰਬਾਨ ਕਰਦਿਆਂ ਇਹ ਸੁਨੇਹਾ ਦਿੱਤਾ ਸੀ :-

“ ਸਰਕਾਟ ਕੇ ਨੇਜ਼ੇ ਪੇ ਉਠਾਏ ਰੱਖਾ,
ਸਿਰਫ਼ ਯੇਹ ਜ਼ਿੱਦ ਥੀ ਕਿ ਸਰਅਪਨਾਭੀ ਊਂਚਾ ਹੋਗਾ।”



ਕਿੱਥੇ ਇਹ ਜ਼ਮਹੂਰੀਅਤ ਦਾ ਘਾਣ ਕਰਨ ਵਾਲੇ ਆਗੂ ਅਤੇ ਕਿੱਥੇ ਕੁਰਬਾਨੀ ਦਾ ਪੁੰਜ ਅਜਿਹੇ ਨੇਤਾ। “ਕਿੱਥੇ ਰਾਜਾ ਭੋਜ ਕਿੱਥੇ ਗੰਗੂ ਤੇਲੀ” ਅਜਿਹੇ ਘਟੀਆ ਕਿਰਦਾਰ ਵਾਲੇ ਆਗੂਆਂ ਲਈ ਹੀ ਵਰਤਿਆ ਜਾਂਦਾ ਹੈ।

ਦੇਸ਼ ਨੂੰ ਅਜ਼ਾਦ ਹੋਇਆਂ 75 ਸਾਲ ਹੋ ਗਏ ਹਨ। ਸਿਆਸੀ ਆਗੂਆਂ ਨੇ ਦੇਸ਼ ਦੇ ਕਾਨੂੰਨ, ਜ਼ਮੀਰ, ਸਿਧਾਂਤ ਅਤੇ ਨੈਤਿਕ ਕਦਰਾਂ ਕੀਮਤਾਂ ਨੂੰ ਬਹੁਤ ਚਿਰ ਦਾ ਕੁਆਰਨਟਾਈਨ ਕੀਤਾ ਹੋਇਆ ਹੈ। ਹਾਂ, ਲੋਕਾਂ ਨੂੰ ਲਾਰਿਆਂ, ਵਾਅਦਿਆਂ ਅਤੇ ਦਾਅਵਿਆਂ ਨਾਲ ਆਪਣੇ ਮਗਰ ਕਿੰਝ ਲਾਉਣਾ ਹੈ, ਇਹ ਮੁਹਾਰਤ ਉਨ੍ਹਾਂ ਨੂੰ ਪ੍ਰਾਪਤ ਹੈ। ਹਵਾ ਦੇ ਰੁੱਖ ਅਨੁਸਾਰ ਉਹ ਆਪਣਾ ਚੋਲਾ ਬਦਲਣ ਵਿੱਚ ਮਾਹਿਰ ਹਨ। ਹੈਰਾਨੀ ਇਸ ਗੱਲ ਦੀ ਹੈ ਕਿ ਜਿਸ ਪਾਰਟੀ ਵਿੱਚ ਰਹਿ ਕੇ ਕੁਝ ਸਮੇਂ ਅੰਦਰ ਹੀ ਅਥਾਹ ਜ਼ਮੀਨ, ਪੈਟਰੋਲ ਪੰਪ, ਬੱਸਾਂ ਦਾ ਕਾਰੋਬਾਰ, ਕੇਬਲ ਕਾਰੋਬਾਰ, ਸਨਅਤਾਂ ਵਿੱਚ ਹਿੱਸੇਦਾਰੀ, ਪੰਜ ਤਾਰਾ ਹੋਟਲ, ਵੱਖ-ਵੱਖ ਮਾਫੀਆ ਗਿਰੋਹਾਂ ਵਿੱਚਭਾਈਵਾਲੀਅਤੇ ਸਰਪ੍ਰਸਤੀ ਦੇ ਨਾਲ ਨਾਲ ਸਤਾ ਦਾ ਆਨੰਦ ਮਾਣਿਆ ਹੋਵੇ, ਉਸੇ ਪਾਰਟੀ ਨੂੰ ਚੋਣਾਂ ਤੋਂ ਪਹਿਲਾਂ ਘਟੀਆ ਪਾਰਟੀ ਕਹਿ ਕੇ ਦੂਜੀ ਪਾਰਟੀ ਨੂੰ ਲੋਕ ਹਿਤੈਸ਼ੀ ਪਾਰਟੀ ਕਹਿੰਦਿਆਂ ਉਸ ਵਿੱਚ ਸ਼ਾਮਲ ਹੋ ਕੇ ਵਿਕਾਸ ਕਰਨ ਦੇ ਦਾਅਵੇ ਕਰਨੇ, ਜ਼ਮਹੂਰੀਅਤ ਦੇ ਮੱਥੇ ਤੇ ਧੱਬਾ ਹੈ। ਦਰਅਸਲ ਜੇਕਰ ਦੇਸ਼ ਭੁੱਖ-ਮਰੀਅਤੇ ਕੁਪੋਸ਼ਨ ਵਿੱਚ ਸੰਸਾਰ ਦੇ ਅਤਿ ਪੱਛੜੇ ਦੇਸ਼ਾਂ ਵਿੱਚ ਸ਼ਾਮਲ ਹੈ ਤਾਂ ਇਹ ਸਭ ਕੁਝ ਅਜਿਹੇ ਘਟੀਆ ਕਿਰਦਾਰ ਵਾਲੇ ਆਗੂਆਂ ਦੀ ਬਦੌਲਤ ਹੀ ਹੈ। ਇੱਕ ਰਿਪੋਰਟ ਅਨੁਸਾਰ ਅੰਗਰੇਜ਼ਾਂ ਨੇ ਭਾਰਤ ਤੇ ਅੰਦਾਜਨ 200 ਸਾਲ ਰਾਜ ਕੀਤਾ ਅਤੇ ਦੇਸ਼ ਵਿੱਚੋਂ ਲਗਭਗ 100 ਲੱਖ ਕਰੋੜ ਰੁਪਇਆ ਲੁੱਟਿਆ। ਦੇਸ਼ ਨੂੰ ਆਜ਼ਾਦ ਹੋਇਆਂ 75 ਸਾਲ ਹੋ ਗਏ ਹਨ। ਇਸ ਸਮੇਂ ਦੇ ਦਰਮਿਆਨ ਸਿਆਸੀ ਆਗੂਆਂ ਦਾਸਵਿੱਸਬੈਂਕ ਦੇ ਵੱਖਵੱਖਖਾਤਿਆਂ ਵਿੱਚ ਜਮ੍ਹਾ ਕਾਲਾ ਧੰਨ ਅੰਦਾਜ਼ਨ 280 ਲੱਖ ਕਰੋੜ ਹੈ ਅਤੇ ਹਾਲਾਂ ਚੋਲੇ ਬਦਲ ਕੇ ਦੇਸ਼ ਨੂੰ ਲੁੱਟਣ ਦੀਆਂ ਤਿਆਰੀਆਂ ਜ਼ੋਰਾਂ ਸ਼ੋਰਾਂ ਨਾਲ ਹੋ ਰਹੀਆਂ ਹਨ।

ਦਰਅਸਲ ਰਾਜਸੀ ਨੇਤਾ ਪਾਰਲੀਮੈਂਟ ਜਾਂ ਵਿਧਾਨ ਸਭਾ ਵਿੱਚ ਜਾ ਕੇ ਅਜਿਹੇ ਕਾਨੂੰਨ ਬਣਾਉਂਦੇ ਹਨ, ਜਿਸ ਨਾਲ ਉਨ੍ਹਾਂ ਦੇ ਆਪਣੇ ਰਾਜਸੀ ਅਤੇ ਆਰਥਿਕ ਹਿੱਤ ਪੂਰੇ ਹੋ ਜਾਣ। ‘ ਆਪਣੇ ਵਿਕਾਸ ’ ਨੂੰ ਹੀ ਉਹ ਲੋਕਾਂ ਦਾ ਵਿਕਾਸ ਸਮਝਦੇ ਹਨ। ਸਿਆਸੀ ਆਗੂਆਂ ਦੇ ਝੰਬੇ ਪਏ ਲੋਕਾਂ ਅੰਦਰ ਹੁਣ ਰਾਜਸੀ ਲੋਕਾਂ ਪ੍ਰਤੀ ਵਿਦਰੋਹ ਦੀ ਭਾਵਨਾ ਹੈ ਅਤੇ ਅੰਦਰਖਾਤੇ ਇਹ ਮੰਗ ਜ਼ੋਰ ਫੜ੍ਹ ਰਹੀ ਹੈ ਕਿ ਜੇਕਰ ਐਮ.ਪੀ. ਜਾਂ ਐਮ.ਐਲ.ਏ. ਨੂੰ ਆਪਣੀਪਾਰਟੀ ਤੋਂ ਸਮਰੱਥਨ ਵਾਪਸ ਲੈਣ ਦਾ ਅਧਿਕਾਰ ਹੈ ਤਾਂ ਜਿਹੜੇ ਲੋਕਾਂ ਨੇ ਵੋਟਾਂ ਪਾ ਕੇ ਉਨ੍ਹਾਂ ਨੂੰ ਇਹ ਅਧਿਕਾਰ ਦਿੱਤਾ ਹੈ, ਉਨ੍ਹਾਂ ਲੋਕਾਂ ਕੋਲ ਇਹ ਅਧਿਕਾਰ ਹੋਣਾ ਚਾਹੀਦਾ ਹੈ ਕਿ ਅਜਿਹੇ ਵਿਕਾਊ, ਖੁਦ ਗਰਜ਼, ਜ਼ਮੀਰ ਵਿਹੂਣੇ ਚੁਣੇ ਹੋਏ ਨੁਮਾਇੰਦਿਆਂ ਨੂੰ ਵਾਪਸ ਬੁਲਾਉਣ ਦਾ ਅਧਿਕਾਰ ਵੀ ਲੋਕਾਂ ਕੋਲ ਹੋਵੇ ਤਾਂ ਜੋ ਉਨ੍ਹਾਂ ਦੇ ਆਪਹੁਦਰੇਪਨ ਤੇ ਨਕੇਲ ਪਾਈ ਜਾ ਸਕੇ ਅਤੇ ਉਹ ਕੋਈ ਸੌਦੇਬਾਜ਼ੀ ਕਰਕੇ ਹੱਥਨਾ ਰੰਗ ਸਕਣ। ਟ੍ਰਾਂਸਪੇਰੈਂਟ ਇੰਟਰਨੈਸ਼ਨਲ ਦੀ ਇਹ ਰਿਪੋਰਟ ਕਿ ਭ੍ਰਿਸ਼ਟਦੇਸ਼ਾਂ ਦੀ ਸੂਚੀ ਵਿੱਚ ਭਾਰਤ ਮੁਹਰਲੀ ਕਤਾਰ ਵਿੱਚ ਆਉਂਦਾ ਹੈ ਦਾਧੱਬਾਵੀ ਇਸ ਤਰੀਕੇ ਨਾਲ ਧੋਤਾ ਜਾ ਸਕਦਾ ਹੈ। ਕੋਈ ਵੀ ਸਿਆਸੀ ਆਗੂ ਸਮਾਜ ਤੋਂ ਉੱਪਰ ਨਹੀਂ ਹੁੰਦਾ।

ਦੇਸ਼ ਵਿੱਚ ਹੁਣ ਤੱਕ 15 ਵਿਧਾਨ ਸਭਾ ਦੀਆਂ ਚੋਣਾਅਤੇ 16 ਲੋਕ ਸਭਾ ਦੀਆਂ ਚੋਣਾ ਹੋ ਚੁੱਕੀਆਂ ਹਨ। ਪੰਜਾਬ ਸਮੇਤ ਭਾਰਤ ਦੇ ਪੰਜਸੂਬਿਆਂ ਵਿੱਚ ਵਿਧਾਨ ਸਭਾ ਚੋਣਾ ਹੋ ਰਹੀਆਂ ਹਨ। ਪੈਸੇ ਦੀਤਾਕਤਅਤੇ ਬਾਹੂਬਲ ਨਾਲ ਰਾਜ ਸਤਾ ਦੀ ਪੌੜੀ ਚੜ੍ਹਨਵਾਲਿਆਂ ਪ੍ਰਤੀ ਵੋਟਰ ਸੁਚੇਤ ਹਨ। ਉਸਾਰੂ ਸੋਚ ਦੇ ਧਾਰਨੀ, ਬੁੱਧੀਜੀਵੀ, ਲੇਖਕ, ਸੁਲਝੇ ਹੋਏ ਪੱਤਰਕਾਰ ਅਤੇ ਕਰਮਯੋਗੀ ਵੋਟਰਾਂ ਨੂੰ ਇਹ ਕਹਿੰਦਿਆਂ ਜਾਗਰੂਕ ਕਰ ਰਹੇ ਹਨ :

ਸਤਾ ਕੀ ਸ਼ਹਿਪਾਕਰਅਬਹਰ ਏਕ ਪਰਿੰਦਾ,
ਚੁਣ ਕਰ ਕਲੀਆਂ ਮਸਲ ਰਹਾ ਹੈ,ਅਬ ਤੋ ਜਾਗੋ।
ਜਿਸ ਭਾਰਤ ਕਾ ਖ਼ਵਾਬਸ਼ਹੀਦੋਂ ਨੇ ਦੇਖਾਥਾ, ਹਾਕਮ ਉਸ ਕੋ ਕੁਚਲਰਹਾ ਹੈ, ਅਬ ਤੋ ਜਾਗੋ।

CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
ਵਧੀਆ ਸੇਵਾਵਾਂ, ਵਾਜਬ ਕੀਮਤਾਂ
RAVINDER SINGH SOHI
Alberta Certified Class 1,3,5
(Driving Instructor)
We Can Speak English, German, Punjabi, Hindi & Urdu
STOP
We have 24 years Experience
Auto & Manual Truck For Training
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca



Any Commercial or Domestic disposable items, like sofa, table,chair, bed, mattress, washer, dryer, fridge etc.or any lumber, we will pickup from your constructionsite/residence at a very reasonable rate.
Junk Dump Edmonton
Junk Removal
Call: 780 700 5022
ਕਮਰਸ਼ੀਅਲ ਜਾਂ ਘਰ ਦਾ ਕੋਈ ਵੀ ਪੁਰਾਣਾ ਫਰਨੀਚਰ ਜਿਵੇਂ ਕਿ ਸੋਫੇ, ਟੇਬਲ, ਗੱਦੇ, ਬੈਡ, ਵਾਸ਼ਰ, ਡਰਾਇਅਰ, ਫਰਿੱਜ ਕਿੱਸੇ ਵੀ ਕਿਸਮ ਦਾ ਸਮਾਨ ਹੋਵੇ ਅਸੀ ਆਪ ਤੁਹਾਡੇ ਘਰੋ ਵਾਜਬ ਕੀਮਤਾਂ ਤੇ ਲੈਕੇ ਜਾਵਾਂਗੇ ਤੇ ਉਹਨਾਂ ਨੂੰ ਡਿਸਪੋਜ਼ ਕਰਾਂਗੇ !



# ਸਿੱਖ ਇਤਿਹਾਸਕਾਰੀ ਦਾ ਰੌਸ਼ਨ ਸਿਤਾਰਾ ਮਿਸਟਰ ਮੈਕਾਲਿਫ਼



ਡਾ. ਪਰਮਜੀਤ ਕੌਰ
ਅਸਿਸਟੈਂਟ ਪ੍ਰੋਫੈਸਰ ਇਤਿਹਾਸ
ਗੁਰੂ ਕਾਸ਼ੀ ਯੂਨੀਵਰਸਿਟੀ
ਤਲਵੰਡੀ ਸਾਬੋ
Email paramjeetk896
@gmail.com

ਆਰਥਰ ਮੈਕਾਲਿਫ ਇੱਕ ਬ੍ਰਿਟਿਸ਼ ਪ੍ਰਬੰਧਕ, ਵਿਦਵਾਨ ਤੇ ਲੇਖਕ ਸੀ। ਉਸਦਾ ਜਨਮ 10 ਸਤੰਬਰ 1841 ਈ. ਨੂੰ ਨੀਉਕੈਮਲ ਵੈਸਟ, ਲਿਮੇਰਿਕ ਕਾਊਂਟੀ, ਆਇਰਲੈਂਡ ਵਿੱਚ ਹੋਇਆ ਸੀ। ਉਸਨੂੰ ਯੂਨਾਨੀ, ਲਾਤੀਨੀ, ਫਰਾਂਸੀਸੀ ਤੇ ਇਤਾਲਵੀ ਭਾਸ਼ਾ ਦਾ ਗਿਆਨ ਸੀ। 1862 ਈ. ਵਿੱਚ ਉਹ ਭਾਰਤੀ ਸਿਵਲ ਸੇਵਾ ਲਈ ਚੁਣਿਆ ਗਿਆ ਅਤੇ ਨਿਯੁਕਤੀ ਉਪਰੰਤ 1864 ਈ. ਵਿੱਚ ਉਸਨੂੰ ਪੰਜਾਬ ਭੇਜਿਆ ਗਿਆ। 1882 ਈ. ਵਿੱਚ ਉਹ ਡਿਪਟੀ ਕਮਿਸ਼ਨਰ ਦੇ ਗਰੇਡ ਤੱਕ ਪਹੁੰਚ ਗਿਆ ਅਤੇ ਦੋ ਸਾਲ ਬਾਅਦ ਮੰਡਲ (ਡਿਵੀਜ਼ਨ) ਜੱਜ ਬਣ ਗਿਆ। 1885 ਵਿੱਚ ਜਦੋਂ ਉਸਦੀ ਭਾਈ ਕਾਨ੍ਹ ਸਿੰਘ ਨਾਭਾ ਨਾਲ ਮੁਲਾਕਾਤ ਹੋਈ ਉਸ ਸਮੇਂ ਉਹ ਰਾਵਲਪਿੰਡੀ ਦਾ ਜੱਜ ਸੀ। ਰਾਵਲਪਿੰਡੀ ਵਿੱਚ ਭਾਰਤ ਦੇ ਵਾਇਸਰਾਏ ਅਤੇ ਅਫ਼ਗਾਨਿਸਤਾਨ ਦੇ ਬਾਦਸ਼ਾਹ ਅਬਦੁਰ-ਰਹਿਮਾਨ ਵਿਚਕਾਰ 1885 ਈ. ਵਿੱਚ ਇੱਕ ਮੁਲਾਕਾਤ ਹੋਈ ਸੀ ਜਿਸ ਵਿਚ ਨਾਭੇ ਦੇ ਮਹਾਰਾਜਾ ਹੀਰਾ ਸਿੰਘ ਭਾਈ ਕਾਨ੍ਹ ਸਿੰਘ ਨੂੰ ਨਾਲ ਲੈ ਕੇ ਪਹੁੰਚੇ ਸਨ।

ਮੈਕਾਲਿਫ਼ ਨੇ ਭਾਈ ਸਾਹਿਬ ਦੀ ਵਿਦਵਤਾ ਬਾਰੇ ਸੁਣਿਆ ਸੀ। ਇਸ ਲਈ ਉਹ ਭਾਈ ਸਾਹਿਬ ਨੂੰ ਚਾਹ ਕੇ ਮਿਲਿਆ ਅਤੇ ਉਨ੍ਹਾਂ ਤੋਂ ਬਹੁਤ ਪ੍ਰਭਾਵਿਤ ਹੋਇਆ । ਉਸਨੇ ਮਹਾਰਾਜਾ ਹੀਰਾ ਸਿੰਘ ਨੂੰ ਬੇਨਤੀ ਕੀਤੀ ਕਿ ਕਾਨ੍ਹ ਸਿੰਘ ਨੂੰ ਆਗਿਆ ਦਿੱਤੀ ਜਾਵੇ ਕਿ ਉਹ ਮੈਨੂੰ ਗੁਰੂ ਗ੍ਰੰਥ ਸਾਹਿਬ ਪੜ੍ਹਾਵੇ। ਨਾਭਾਪਤੀ ਨੇ ਉਸਦੀ ਬੇਨਤੀ ਸਵੀਕਾਰ ਕਰ ਲਈ ਤੇ ਭਾਈ ਸਾਹਿਬ ਨੂੰ ਦੋ ਸਾਲ ਮੈਕਾਲਿਫ ਕੋਲ ਰਹਿਣ ਦੀ ਆਗਿਆ ਦਿੱਤੀ। ਮੈਕਾਲਿਫ ਨੇ ਸਿੱਖ ਧਰਮ ਗ੍ਰੰਥਾਂ ਦਾ ਅਧਿਐਨ ਕਰਨ ਲਈ 1893 ਈ. ਵਿੱਚ ਆਪਣੀ ਨੌਕਰੀ ਤੋਂ ਵੀ ਅਸਤੀਫ਼ਾ ਦੇ ਦਿੱਤਾ। ਉਹ ਆਪਣਾ ਸਾਰਾ ਸਮਾਂ ਸੰਬੰਧੀ ਗ੍ਰੰਥਾਂ ਦੇ ਪੜ੍ਹਨ ਤੇ ਵਿਚਾਰਣ ਵਿੱਚ ਗੁਜਾਰਨ ਲੱਗੇ। ਡਾਕਟਰ ਟਰੰਪ ਦੁਆਰਾ ਲਿਖਿਆ ਗੁਰਬਾਣੀ ਦਾ ਅਸ਼ੁੱਧ ਤਰਜੁਮਾ ਵੇਖ ਕੇ ਉਸਨੂੰ ਬਹੁਤ ਦੁੱਖ ਹੋਇਆ ਅਤੇ ਉਹ ਉੱਤਮ ਭਾਵ ਨਾਲ 'ਸਿੱਖ ਰੀਲੀਜ਼ਨ' ਗ੍ਰੰਥ ਲਿਖਣ ਬਾਰੇ ਸੋਚਣ ਲੱਗੇ।



ਸਿੱਖ ਧਰਮ ਬਾਰੇ ਲਿਖਣ ਦਾ ਕਾਰਣ ਮਿਸਟਰ ਮੈਕਾਲਿਫ ਇਹ ਲਿਖਦੇ ਹਨ ਕਿ "ਸਿੱਖ, ਸੰਸਾਰ ਵਿੱਚ ਮਹਾਨ ਫੌਜੀ ਕੌਮ ਕਰਕੇ ਪ੍ਰਸਿੱਧ ਹਨ ਪਰੰਤੂ ਵਿਦੇਸ਼ਾਂ ਵਿੱਚ, ਇੱਥੋਂ ਤੱਕ ਕਿ ਭਾਰਤ ਵਿੱਚ ਵੀ ਬਹੁਤ ਸਾਰੇ ਲੋਕਾਂ ਨੂੰ ਇਹ ਨਹੀਂ ਪਤਾ ਕਿ ਸਿੱਖਾਂ ਦਾ ਧਰਮ ਕੀ ਹੈ, ਉਹ ਹਿੰਦੂ ਹਨ ਜਾਂ ਮੁਸਲਮਾਨ ਜਾਂ ਫਿਰ ਬੁੱਤਾਂ ਦੀ ਪੂਜਾ ਕਰਨ ਵਾਲੇ। ਮੇਰੇ ਕੋਲੋਂ ਭਾਰਤ ਅਤੇ ਭਾਰਤ ਤੋਂ ਬਾਹਰ ਬਹੁਤ ਸਾਰੇ ਲੋਕਾਂ ਨੇ ਪੁੱਛਿਆ ਹੈ ਕਿ ਸਿੱਖਾਂ ਦਾ ਧਰਮ ਕੀ ਹੈ? ਇਸ ਦਾ ਕਾਰਨ ਇਹ ਹੈ ਕਿ ਭਾਰਤੀ ਉਪਭਾਸ਼ਾਵਾਂ ਬਹੁਤ ਕਠਨ ਹਨ ਅਤੇ ਸਿੱਖ ਧਰਮ ਦੀਆਂ ਪੁਸਤਕਾਂ ਇਨਾਂ ਭਾਸ਼ਾਵਾਂ ਵਿੱਚ ਲਿਖੀਆਂ ਗਈਆਂ ਹਨ। ਇਨਾਂ ਭਾਰਤੀ ਉਪਭਾਸ਼ਾਵਾਂ ਦਾ ਗਿਆਨ ਨਾ ਹੋਣ ਕਰਕੇ ਬਹੁਤ ਸਾਰੇ ਲੋਕਾਂ ਨੂੰ ਸਿੱਖਾਂ ਬਾਰੇ ਗਿਆਨ ਹੀ ਨਹੀਂ ਹੈ। ਇਸ ਲਈ ਮੈਂ ਅੰਗਰੇਜ਼ੀ ਭਾਸ਼ਾ ਵਿੱਚ ਇਸਦਾ ਅਨੁਵਾਦ ਕਰਕੇ ਸੰਸਾਰ ਦੇ ਲੋਕਾਂ ਨੂੰ ਇਸ ਧਰਮ ਬਾਰੇ ਦੱਸਣਾ ਚਾਹੁੰਦਾ ਹਾਂ"।

ਜਦੋਂ ਮੈਕਾਲਿਫ ਸਾਹਿਬ ਨੇ ਸਿੱਖ ਇਤਿਹਾਸ ਲਿਖਣਾ ਸ਼ੁਰੂ ਕੀਤਾ ਤਾਂ ਉਸਦੇ ਸਾਹਮਣੇ ਸਮੱਸਿਆਂ ਇਹ ਸੀ ਕਿ ਸਿੱਖਾਂ ਦੇ ਪਵਿੱਤਰ ਗ੍ਰੰਥ, ਗੁਰੂ ਗ੍ਰੰਥ ਸਾਹਿਬ ਦਾ ਕੋਈ ਕੋਸ਼ ਨਹੀਂ ਸੀ ਬਣਿਆ ਜਿਸ ਕਰਕੇ ਉਸਨੂੰ ਲੋੜੀਦੇਂ ਸ਼ਬਦਾਂ ਦੀ ਉਤਪਤੀ ਤੇ ਅਰਥ ਲੱਭਣੇ ਔਖੇ ਸਨ। ਇਸ ਸਮੱਸਿਆ ਨੂੰ ਹੱਲ ਕਰਨ ਲਈ ਉਸਨੂੰ ਕਿਸੇ ਅਜਿਹੇ ਵਿਦਵਾਨ ਪੁਰਸ਼ ਦੀ ਲੋੜ ਸੀ ਜਿਸਨੂੰ ਮਰਿਯਾਦਾਪੂਰਵਕ ਸਿੱਖ ਰਚਨਾਵਾਂ ਦਾ ਪੂਰਾ ਗਿਆਨ ਹੋਵੇ। ਪੰਜਾਬੀ ਅਤੇ ਹੋਰ ਭਾਰਤੀ ਭਾਸ਼ਾਵਾਂ ਦਾ ਮੈਕਾਲਿਫ ਨੂੰ ਗਿਆਨ ਨਹੀਂ ਸੀ ਅਤੇ ਅੰਗਰੇਜ਼ੀ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਤਰਜਮਾ ਦੱਸਣ ਵਾਲਾ ਕੋਈ ਸਿੱਖ ਨਹੀਂ ਸੀ ਲੱਭਦਾ। ਇਸਤੋਂ ਵੀ ਵੱਡੀ ਗੱਲ ਇਹ ਸੀ ਕਿ ਕੋਈ ਸਿੱਖ ਅਜਿਹਾ ਵੀ ਨਹੀਂ ਸੀ ਜਿਹੜਾ ਗੁਰੂ ਗ੍ਰੰਥ ਸਾਹਿਬ ਦਾ ਸਹੀ ਅਨੁਵਾਦ ਕਰ ਸਕੇ ਕਿਉਂਕਿ ਇਸ ਵਿੱਚ ਸੰਸਕ੍ਰਿਤ, ਅਰਬੀ, ਫਾਰਸੀ ਅਤੇ ਹੋਰ ਬਹੁਤ ਸਾਰੀਆਂ ਭਾਰਤੀ ਉਪਭਾਸ਼ਾਵਾਂ ਦੇ ਸ਼ਬਦ ਹਨ। ਜਿਹੜਾ ਵਿਅਕਤੀ ਸੰਸਕ੍ਰਿਤ ਦਾ ਚੰਗਾ ਵਿਦਵਾਨ ਸੀ ਉਸਨੂੰ ਫ਼ਾਰਸੀ ਤੇ ਅਰਬੀ ਨਹੀਂ ਆਉਂਦੀ ਸੀ ਅਤੇ ਜਿਹੜਾ ਵਿਅਕਤੀ ਅਰਬੀ, ਫ਼ਾਰਸੀ ਜਾਣਦਾ ਸੀ ਉਹ ਸੰਸਕ੍ਰਿਤ ਦਾ ਗਿਆਨ ਨਹੀਂ ਰੱਖਦਾ ਸੀ। ਇਸ ਤੋਂ ਇਲਾਵਾ ਸਿੱਖ ਰਚਨਾਵਾਂ ਵਿੱਚ ਕੁੱਝ ਅਜਿਹੇ ਸ਼ਬਦ ਵੀ ਹਨ ਜਿਨ੍ਹਾਂ ਦਾ ਵਿਕਾਸ ਕਿਸੇ ਜਾਣੀ ਪਛਾਣੀ ਭਾਸ਼ਾ ਤੋਂ ਨਹੀਂ ਹੋਇਆ ਸੀ। ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰਨ ਤੇ ਉਸਦਾ ਅੰਗਰੇਜ਼ੀ ਵਿੱਚ ਤਰਜ਼ਮਾ ਕਰਨਾ ਬਹੁਤ ਹੀ ਕਠਨ ਕਾਰਜ ਸੀ।

ਇਸ ਸਮੱਸਿਆ ਦਾ ਜੇ ਕੋਈ ਹੱਲ ਕਰ ਸਕਦਾ ਸੀ ਤਾਂ ਉਹ ਉਸ ਸਮੇਂ ਦੇ 'ਚੌਦਾ ਵਿੱਦਿਆ ਨਿਧਾਨ' ਭਾਈ ਕਾਨ੍ਹ ਸਿੰਘ ਨਾਭਾ ਹੀ ਸਨ ਜਿਹੜੇ ਮੈਕਾਲਿਫ ਤੋਂ ਸਿੱਖ ਇਤਿਹਾਸ ਅੰਗਰੇਜ਼ੀ ਵਿੱਚ ਲਿਖਵਾ ਸਕਦੇ ਸਨ। ਉਧਰ ਮੈਕਾਲਿਫ ਸਾਹਿਬ ਨੂੰ ਵੀ ਗੱਲ ਸਮਝ ਵਿੱਚ ਆ ਗਈ ਸੀ ਕਿ ਉਸਦੀ ਸਹਾਇਤਾ ਜੇਕਰ ਕੋਈ ਕਰ ਸਕਦਾ ਹੈ ਤਾਂ ਭਾਈ ਸਾਹਿਬ ਹੀ ਕਰ ਸਕਦੇ ਹਨ ਕਿਉਂਕਿ ਉਹ ਗੁਰਮੁਖੀ, ਸੰਸਕ੍ਰਿਤ, ਫ਼ਾਰਸੀ ਤੇ ਅੰਗਰੇਜ਼ੀ ਆਦਿ ਇਸ ਕਾਰਜ ਲਈ ਲੋੜੀਦੀਆਂ ਸਾਰੀਆਂ ਭਾਸ਼ਾਵਾਂ ਗਿਆਤਾ ਸਨ। ਮੈਕਾਲਿਫ ਨੇ ਭਾਈ ਸਾਹਿਬ ਨੂੰ ਹਰ ਪੱਖ ਤੋਂ ਪੂਰਾ ਸਮਝਿਆ। ਇਸ ਲਈ ਮਹਾਰਾਜਾ ਹੀਰਾ ਸਿੰਘ ਤੋਂ ਆਗਿਆ ਲੈ ਕੇ ਭਾਈ ਸਾਹਿਬ ਨੂੰ ਆਪਣੇ ਕੋਲ ਰਾਵਲਪਿੰਡੀ ਰੱਖ ਲਿਆ। ਉਨ੍ਹਾਂ ਨੇ ਮੈਕਾਲਿਫ ਨੂੰ ਗੁਰਮੁਖੀ ਅੱਖਰਾਂ ਦੀ ਸੂਝ, ਗੁਰਬਾਣੀ ਦੇ ਭੇਦ ਅਤੇ ਸਿੱਖ ਇਤਿਹਾਸ ਦੀ ਜਾਣਕਾਰੀ ਦਿੱਤੀ ਅਤੇ ਉਸਦੀ ਸੰਗਤ ਵਿੱਚ ਰਹਿ ਕੇ ਆਪਣਾ ਅੰਗਰੇਜ਼ੀ ਦਾ ਗਿਆਨ ਵੀ ਵਧਾਇਆ, ਨਾਲ ਹੀ ਖੋਜ ਅਤੇ ਗ੍ਰੰਥ ਰਚਨਾ ਦੇ ਪੱਛਮੀ ਢੰਗਾਂ ਦੀ ਜਾਣਕਾਰੀ ਵੀ ਪ੍ਰਾਪਤ ਕੀਤੀ।



Bhai Macauliffe and Bhai Kahn Singh

ਭਾਈ ਸਾਹਿਬ ਦੀ ਮੱਦਦ ਨਾਲ ਮੈਕਾਲਿਫ ਨੇ 1885 ਈ. ਵਿੱਚ "ਸਿੱਖ ਰਿਲੀਜਨ" ਨਾਂ ਦੀ ਪੁਸਤਕ ਅੰਗਰੇਜ਼ੀ ਵਿੱਚ ਲਿਖਣੀ ਆਰੰਭ ਕੀਤੀ ਅਤੇ 15 ਸਾਲ ਦੀ ਮਿਹਨਤ ਨਾਲ 1907 ਈ. ਵਿੱਚ ਇਹ ਸੰਪੂਰਨ ਹੋ ਗਈ। 1909 ਈ. ਵਿਚ ਇਸ ਪੁਸਤਕ ਨੂੰ (Oxford Clarendon press London ) ਤੋਂ ਛੇ ਜਿਲਦਾਂ ਵਿੱਚ ਛਪਵਾਇਆ ਗਿਆ। ਮੈਕਾਲਿਫ ਨੇ ਇਸਦਾ ਕਾਪੀ ਰਾਇਟ ਭਾਈ ਸਾਹਿਬ ਨੂੰ ਦੇ ਦਿੱਤਾ। ਇਹ ਭਾਈ ਸਾਹਿਬ ਦੁਆਰਾ ਕੀਤੀ ਗਈ ਨਿਰਸਵਾਰਥ ਸਹਾਇਤਾ ਅਤੇ ਉਨ੍ਹਾਂ ਦੀ ਪ੍ਰਭਾਵਦਾਰੀ ਦਾ ਫਲ ਸੀ। ਮੈਕਾਲਿਫ ਨੇ ਉਨ੍ਹਾਂ ਨੂੰ ਆਪਣਾ ਲੰਡਨ ਵਿਖੇ ਇੱਕ ਘਰ ਵੀ ਦੇਣਾ ਚਾਹਿਆ ਜਿਸਨੂੰ ਲੈਣ ਤੋਂ ਭਾਈ ਸਾਹਿਬ ਨੇ ਮਨ੍ਹਾਂ ਕਰ ਦਿੱਤਾ ਜੋ ਕਿ ਉਨ੍ਹਾਂ ਦੀ ਸਿੱਖ ਧਰਮ ਨੂੰ ਸਮਰਪਿਤ ਲੇਖਣੀ ਨੂੰ ਦਰਸਾਉਂਦਾ ਹੈ ਕਿ ਉਨ੍ਹਾਂ ਦੀ ਕਲਮ ਤੇ ਵਿਦਵਤਾ ਕਿਸੇ ਲਾਲਚ ਦੀ ਗੁਲਾਮ ਨਹੀਂ ਸੀ। ਮੈਕਾਲਿਫ ਨੇ ਆਪਣੀ ਪੁਸਤਕ ਦੀ ਭੂਮਿਕਾ ਵਿੱਚ ਭਾਈ ਸਾਹਿਬ ਬਾਰੇ ਲਿਖਿਆ ਹੈ:

"ਸਾਹਿਤਕ ਸਹਾਇਤਾ ਲਈ ਮੈਂ ਭਾਈ ਕਾਨ੍ਹ ਸਿੰਘ ਨਾਭਾ ਦਾ ਅਭਾਰੀ ਹਾਂ ਜੋ ਸਿੱਖਾਂ ਦੇ ਸਭ ਤੋਂ ਮਹਾਨ ਵਿਦਵਾਨ ਅਤੇ ਸਭ ਤੋਂ ਪ੍ਰਸਿੱਧ ਲਿਖਾਰੀ ਹਨ। ਨਾਭਾ ਦੇ ਰਾਜਾ ਦੇ ਹੁਕਮ ਅਧੀਨ ਇਹ ਮੇਰੇ ਨਾਲ ਯੂਰਪ ਗਏ ਤੇ ਇਸ ਰਚਨਾ ਦੇ ਪ੍ਰਕਾਸ਼ਨ ਵਿੱਚ ਅਤੇ ਪਰੂਫ ਰੀਡਿੰਗ ਵਿੱਚ ਮੇਰੀ ਸਹਾਇਤਾ ਕੀਤੀ।"

ਮੈਕਾਲਿਫ ਦੇ ਅਨੁਵਾਦ ਦੀ ਪ੍ਰਕਾਸ਼ਨਾ ਨਾਲ ਸਿੱਖ ਇਤਿਹਾਸ ਵਿੱਚ ਨਵੇਂ ਯੁੱਗ ਦਾ ਆਰੰਭ ਹੋਇਆ। ਸਿੱਖ ਧਰਮ ਨੂੰ ਪੱਛਮੀ ਵਿਸ਼ਵ ਦੇ ਪੜ੍ਹੇ-ਲਿਖੇ ਵਰਗ ਦੇ ਧਿਆਨ ਵਿੱਚ ਲਿਆਉਣ ਵਾਲਾ ਉਹ ਪਹਿਲਾ ਲੇਖਕ ਸੀ। ਉਹ 19ਵੀਂ, 20ਵੀਂ ਸਦੀ ਦੇ ਮਹਾਨ ਸਿੱਖ ਚਿੰਤਕਾਂ ਵਿੱਚ ਆਪਣੀ ਨਿਵੇਕਲੀ ਪਛਾਣ ਰੱਖਦਾ ਹੈ। ਭਾਈ ਸਾਹਿਬ ਅਤੇ ਮੈਕਾਲਿਫ ਦੇ ਸਾਂਝੇ ਯਤਨਾਂ ਦੇ ਸਿੱਟੇ ਵੱਜੋਂ ਸਿੱਖ ਧਰਮ ਦਾ ਪ੍ਰਕਾਸ਼ ਭਾਰਤ ਦੀਆਂ ਜੂਹਾਂ ਟੱਪ ਗਿਆ।

# ਸਿੱਖ ਕੌਮ ਦੀ ਨਵੀਂ ਪੀੜ੍ਹੀ ਨੂੰ ਗੁਰੂ ਵਿਰਸੇ ਨਾਲ ਜੋੜਣ ਲਈ ਸ਼ੁਰੂ ਹੋਈ ਕੈਨਡਾ ਵਿੱਚ ਅੰਤਰਾਸ਼ਟਰੀ ਔਨਲਾਈਨ ਅਕੈਡਮੀ

## ਸਵਿਟਜ਼ਰਲੈਂਡ, ਇਟਲੀ, ਯੂਕੇ, ਯੂਰੋਪ, ਅਮਰੀਕਾ ਅਤੇ ਕੈਨੇਡਾ ਦੇ ਬੱਚਿਆਂ ਨੇ ਲਿਆ ਦਾਖਲਾ

ਰੀਜਾਇਨਾ (ਪੰਜਾਬੀ ਅਖਬਾਰ ਬਿਊਰੋ): ਵਿਦੇਸਾਂ ਵਿੱਚ ਵਸਦੀ ਸਿੱਖ ਕੌਮ ਦੀ ਨਵੀਂ ਪੀੜ੍ਹੀ ਨੂੰ ਗੁਰੂ ਵਿਰਸੇ ਦਾ ਗਿਆਨ ਵੰਡਣ ਵਾਸਤੇ ਕੈਨੇਡਾ ਤੋਂ ਗੁਰ ਗਿਆਨ ਅੰਤਰਰਾਸ਼ਟਰੀ ਔਨਲਾਈਨ ਅਕੈਡਮੀ ਸ਼ੁਰੂ ਕੀਤੀ ਗਈ ਹੈ। ਗੁਰ ਗਿਆਨ ਲਰਨਿੰਗ ਸੈਂਟਰ ਦੇ ਅਕੈਡਮਿਕ ਇੰਚਾਰਜ ਪ੍ਰਿੰਸੀਪਲ ਰਣਜੀਤ ਸਿੰਘ (ਸੈਸਕਾਟੂਨ) ਨੇ ਅਕੈਡਮੀ ਬਾਰੇ ਵਿਸਥਾਰ ਸਹਿਤ ਦੱਸਿਆ ਕਿ ਅੱਜੋਕੇ ਸਮੇਂ ਦੀ ਪ੍ਰਮੁੱਖ ਮੰਗ ਸੀ ਕਿ ਗੁਰਬਾਣੀ ਅਤੇ ਗੁਰ ਇਤਿਹਾਸ ਦਾ ਅਨਮੋਲ ਖਜਾਨਾ ਅਕੈਡਮਿਕ ਰੂਪ ਵਿੱਚ ਪੜ੍ਹਾਇਆ ਜਾ ਸਕੇ। ਇਸ ਮਿਸ਼ਨ ਦੀ ਪੂਰੀ ਲਈ ਦੋ ਚੀਜਾਂ ਦੀ ਸਖਤ ਲੋੜ ਹੈ, ਇੱਕ ਸਿਸਟਮ ਅਤੇ ਦੂਜਾ ਸਿਲੇਬਸ।

ਉਸ ਸਿਸਟਮ ਵਾਰੇ ਉਹਨਾਂ ਦੱਸਿਆ ਕਿ 3 ਸਾਲ ਤੋਂ 15 ਸਾਲ ਦੀ ਉਮਰ ਦੇ ਬੱਚੇ ਤੇ ਨੌਜਵਾਨ ਹਰੇਕ ਸ਼ਨਿੱਚਰਵਾਰ ਨੂੰ ਆਪਣੇ ਘਰ ਬੈਠੇ ਹੀ ਜ਼ੂਮ ਸੌਫਟਵੇਅਰ ਰਾਹੀਂ ਔਨਲਾਈਨ ਕਲਾਸ ਲਾ ਰਹੇ ਹਨ ਅਤੇ ਉਹਨਾਂ ਨੂੰ ਗੂਗਲ ਕਲਾਸ ਰੂਮ ਰਾਹੀਂ ਹੋਮ ਵਰਕ ਵੀ ਦਿੱਤਾ ਜਾਂਦਾ ਹੈ। ਅਮਰੀਕਾ ਤੇ ਕੈਨੇਡਾ ਤੋਂ ਇਲਾਵਾ ਯੂਰਪ ਦੇ ਦੇਸ਼ਾਂ ਦੇ ਬੱਚੇ ਵੀ ਇਹ ਕਲਾਸਾਂ ਅਟੈਂਡ ਕਰ ਰਹੇ ਹਨ।

ਗੁਰ ਗਿਆਨ ਔਨਲਾਈਨ ਅਕੈਡਮੀ ਵਿੱਚ ਦਾਖਲਾ ਲੈਣ ਦੇ ਚਾਹਵਾਨ ਸਿੱਖ ਕਮਿਊਨਿਟੀ ਡੌਟ ਨੈੱਟ ਵੈੱਬਸਾਈਟ ਤੇ ਜਾ ਕੇ ਔਨਲਾਈਨ ਕਲਾਸ ਤੇ ਕਲਿੱਕ ਕਰਕੇ ਰਜਿਸਟਰੇਸ਼ਨ ਵਾਸਤੇ ਫਾਰਮ ਭਰ ਸਕਦੇ ਹਨ। ਉਸ ਤੋਂ ਬਾਦ ਉਹਨਾਂ ਨੂੰ ਈਮੇਲ ਰਾਹੀਂ ਕਲਾਸ ਦੀ ਆਈ ਡੀ ਅਤੇ ਪਾਸਵਰਡ ਵਾਰੇ ਸਾਰੀ ਜਾਣਕਾਰੀ ਪਹੁੰਚ ਜਾਵੇਗੀ।

ਉਹਨਾਂ ਸਿਲੇਬਸ ਵਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਦੇਸਾਂ ਦੇ ਜੰਮਪਲ ਬੱਚਿਆਂ ਤੇ ਨੌਜਵਾਨਾਂ ਨੂੰ ਗੁਰੂ ਵਿਰਸੇ ਨਾਲ ਜੋੜਣ ਦੇ ਮਾਹਿਰ ਅਤੇ ਗੁਰ ਗਿਆਨ ਲਰਨਿੰਗ ਸੈਂਟਰ ਦੇ ਡਾਇਰੈਕਟਰ ਰਾਮ ਸਿੰਘ ਚਹਿਲਾਂ ਵੱਲੋਂ ਕਈ ਸਾਲਾਂ ਦੀ ਮਿਹਨਤ ਨਾਲ ਇਹ ਸਿਲੇਬਸ ਤਿਆਰ ਕੀਤਾ ਗਿਆ ਹੈ। ਇਸ ਸਿਲੇਬਸ ਰਾਹੀਂ ਗੁਰ ਗਿਆਨ ਔਨਲਾਈਨ ਅਕੈਡਮੀ ਦੇ ਵਿਦਿਆਰਥੀਆਂ ਨੂੰ ਮਾਪਿਆਂ ਦੇ ਆਗਿਆਕਾਰੀ, ਆਦਰਸ਼ ਇਨਸਾਨ, ਅਗਾਂਹ ਵਧੂ ਸੋਚ, ਉੱਚ ਅਹੁਦਿਆਂ ਤੇ ਜਾਣ ਦੀ ਭਾਵਨਾ, ਸੋਚ ਵਿੱਚ ਵੱਡੀਆਂ ਪ੍ਰਾਪਤੀਆਂ ਦੇ ਉਦੇਸ਼ਾਂ ਦੇ ਧਾਰਨੀ ਬਨਣਾ, ਪਰਉਪਕਾਰੀ ਅਤੇ ਰਚਨਾਤਮਿਕਤਾ ਬਿਰਤੀ ਪੈਦਾ ਕਰਨ ਦੇ ਸੰਸਕਾਰ ਭਰੇ ਜਾਂਦੇ ਹਨ। ਜਿੱਥੇ ਮਾਂ ਬੋਲੀ ਪੰਜਾਬੀ ਸਿਖਾਈ ਜਾਵੇਗੀ, ਉੱਥੇ ਸਿੱਖ ਧਰਮ ਵਾਰੇ ਮੁੱਢਲੀ ਜਾਣਕਾਰੀ ਦੇ ਨਾਲ ਨਾਲ ਗੁਰ-ਇਤਿਹਾਸ ਪੜ੍ਹਾਇਆ ਜਾਂਦਾ ਹੈ। ਇਸ ਸਿਲੇਬਸ ਨੂੰ ਤਿਆਰ ਕਰਦਿਆਂ ਇਸ ਗੱਲ ਨੂੰ ਧਿਆਨ ਵਿੱਚ ਰੱਖਿਆ ਗਿਆ ਹੈ ਨਵੀਂ ਪੀੜ੍ਹੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਦੇ ਬਹੁਤ ਹੀ ਕੀਮਤੀ ਸਿਧਾਂਤਾਂ ਨੂੰ ਜਿੰਦਗੀ ਵਿੱਚ ਅਮਲੀ ਰੂਪ ਵਿੱਚ ਕਿਵੇਂ ਧਾਰਨ ਕੀਤਾ ਜਾਵੇ ਆਦਿ ਬਾਰੇ ਸਿੱਖਿਆਵਾਂ ਦੇ ਬੀਜ ਬੀਜੇ ਜਾ ਸਕਣ। ਇਸ ਲਈ ਉਹਨਾਂ ਨੂੰ ਗੁਰਬਾਣੀ ਵਿਆਕਰਣ ਦਾ ਗਿਆਨ, ਗੁਰਬਾਣੀ ਦੇ ਸ਼ਬਦਾਂ ਦੀਆਂ ਗੁੱਝੀਆਂ ਰਮਜ਼ਾਂ ਅਤੇ ਰੋਜਾਨਾਂ ਜੀਵਨ ਵਿੱਚ ਕੰਮ ਆਉਣ ਵਾਲੀਆਂ ਗੁਰਬਾਣੀ ਦੀਆਂ ਸਿੱਖਿਆਵਾਂ ਤੋਂ ਜਾਣੂੰ ਕਰਵਾਇਆ ਜਾਂਦਾ ਹੈ। ਉਹਨਾਂ ਦੱਸਿਆ ਕਿ ਇਸ ਸਿਲੇਬਸ ਦੀ ਸਭ ਤੋਂ ਵਿਸ਼ੇਸ਼ਤਾ ਇਹ ਹੈ ਕਿ ਇਸ ਨੂੰ ਅਕੈਡਮਿਕ ਰੂਪ ਵਿੱਚ ਤਿਆਰ ਕੀਤਾ ਗਿਆ ਹੈ। ਹਰੇਕ ਪਾਠਕ੍ਰਮ ਦੇ ਨਾਲ ਇਸ ਤਰੀਕੇ ਦੇ ਸਵਾਲ ਜਵਾਬ ਹਨ ਅਤੇ ਜਿਸ ਨਾਲ ਸਿੱਖਿਆ ਮਨ ਦੀ ਗਹਿਰਾਈ ਵਿੱਚ ਸਹਿਜੇ ਹੀ ਵਸ ਜਾਂਦੀ ਹੈ। ਜਿਹੜਾ ਵਿਸ਼ਾ ਉਹਨਾਂ ਨੂੰ ਪੜ੍ਹਾਇਆ ਜਾਂਦਾ ਹੈ ਉਸੇ ਵਿਸ਼ੇ ਨਾਲ ਸਬੰਧਿਤ ਕਲਰਿੰਗ ਆਦਿ ਰਾਹੀਂ ਉਹਨਾਂ ਅੰਦਰ ਕੰਪੀਟੀਸ਼ਨ ਦੀ ਭਾਵਨਾ ਪੈਦਾ ਕੀਤੀ ਜਾਂਦੀ ਹੈ ਅਤੇ ਗੂਗਲ ਕਲਾਸ ਰੂਮ ਰਾਹੀਂ ਬੱਚੇ ਘਰ ਬੈਠੇ ਹੀ ਹੋਮਵਰਕ ਪ੍ਰਾਪਤ ਕਰਦੇ ਹਨ ਅਤੇ ਘਰੋਂ ਹੀ ਹੋਮਵਰਕ ਪੂਰਾ ਕਰਕੇ ਅੱਪਲੋਡ ਕਰ ਦਿੰਦੇ ਹਨ। ਜਿਸ ਨੂੰ ਸਾਡੇ ਮਾਹਿਰ ਟੀਚਰ ਚੈੱਕ ਕਰਦੇ ਹਨ। ਜਿਹੜਾ ਬੱਚਾ ਤਿੰਨ ਸਾਲ ਦੀ ਉਮਰ ਤੋਂ 15 ਸਾਲ ਦੀ ਉਮਰ ਤੱਕ ਹਰੇਕ ਹਫਤੇ ਇੱਕ ਘੰਟੇ ਦੀ ਕਲਾਸ ਲਗਾਤਾਰ 12 ਸਾਲ ਅਟੈਂਡ ਕਰਦਾ ਹੈ, ਉਸ ਦੀ ਸੋਚ, ਸੁਭਾਉ ਅਤੇ ਜੀਵਨ ਵਿੱਚ ਕਮਾਲ ਦੇ ਸੰਸਕਾਰ ਭਰੇ ਜਾਂਦੇ ਹਨ।

ਪ੍ਰਿੰਸੀਪਲ ਰਣਜੀਤ ਸਿੰਘ ਜੀ ਨੇ ਇਹ ਵੀ ਦੱਸਿਆ ਕਿ ਇਸ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਦੀ ਫੀਸ ਵਾਰੇ ਕਮਾਲ ਦੀ ਵਿਲੱਖਣਤਾ ਇਹ ਹੈ ਕਿ ਫੀਸ ਕਿੰਨੀ ਦੇਣੀ ਹੈ ਇਹ ਵਿਦਿਆਰਥੀਆਂ ਦੇ ਮਾਪੇ ਆਪਣੀ ਇੱਛਾ ਅਨੁਸਾਰ ਫਾਰਮ ਵਿੱਚ (ਦਸਵੰਧ ਸੇਵਾ) ਵਜੋਂ ਭਰਦੇ ਹਨ। ਉਹ ਜਿੰਨੀ ਮਰਜ਼ੀ ਮਹੀਨਾਵਾਰ ਫੀਸ (ਸੇਵਾ ਵਜੋਂ) ਦੇ ਸਕਦੇ ਹਨ। ਉਹਨਾਂ ਹੋਰ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿੱਚ ਗੁਰ ਗਿਆਨ ਲਰਨਿੰਗ ਸੈਂਟਰ ਵੱਲੋਂ ਹਫਤਾਵਾਰੀ ਅਕੈਡਮੀਆਂ ਵੀ ਸ਼ੁਰੂ ਕੀਤੀਆਂ ਜਾਣਗੀਆਂ ਜਿੱਥੇ ਟੀਚਰ ਨਿਯੁਕਤ ਕਰਕੇ ਕਲਾਸ ਰੂਮ ਵਿੱਚ (ਇਨ-ਪਰਸਨ) ਇਹ ਸਿਲੇਬਸ ਪੜ੍ਹਾਇਆ ਜਾਵੇਗਾ। ਜਿਹੜੇ ਵੀ ਪ੍ਰਬੰਧਕ ਆਪਣੇ ਗੁਰੂ ਘਰਾਂ ਵਿੱਚ ਜਾਂ ਕੁੱਝ ਪਰਿਵਾਰ ਮਿਲ ਕੇ ਕਿਸੇ ਕਮਿਊਨਿਟੀ ਸੈਂਟਰ ਵਿੱਚ ਇਸ ਤਰਾਂ ਦੀਆਂ ਹਫਤਾਵਾਰੀ ਕਲਾਸਾਂ ਸ਼ੁਰੂ ਕਰਨਾ ਚਾਹੁੰਦੇ ਹਨ ਜਾਂ ਫਿਰ ਕੋਈ ਮਾਪੇ ਜਾਂ ਵਿਦਿਆਰਥੀ ਕੋਈ ਵੀ ਜਾਣਕਾਰੀ ਲੈਣਾ ਚਾਹੁੰਦੇ ਹਨ ਉਹ ਫੋਨ ਨੰਬਰ +1-639-590-4464 ਤੇ ਵਟਸਐਪ ਮੈਸੇਜ ਕਰਕੇ ਜਾਣਕਾਰੀ ਲੈ ਸਕਦੇ ਹਨ।




# ਅਰਪਨ ਲਿਖਾਰੀ ਸਭਾ ਦੀ ਨਵੇਂ ਵਰ੍ਹੇ ਦੀ ਪਲੇਠੀ ਇਕੱਤਰਤਾ

## ਜਿਸ ਨੇ ਗ਼ਮ ਦੇ ਸਾਗਰ ਟੁੱਭੀ ਲਾਈ ਏ, ਸੋਚ ਉਸੇ ਦੀ ਮੋਤੀ ਕੱਢ ਲਿਆਈ ਏ'

ਕੈਲਗਰੀ (ਪੰਜਾਬੀ ਅਖਬਾਰ ਬਿਊਰੋ)ਅਰਪਨ ਲਿਖਾਰੀ ਸਭਾ ਦੀ 2022 ਵਰ੍ਹੇ ਦੀ ਪਹਿਲੀ ਮੀਟਿੰਗ 8 ਜਨਵਰੀ ਨੂੰ ਜ਼ੂਮ ਰਾਹੀਂ ਹੋਈ। ਸਤਨਾਮ ਸਿੰਘ ਢਾਅ ਨੇ ਸਾਰੇ ਸਾਹਿਤ ਪ੍ਰੇਮੀਆਂ ਨੂੰ ਜੀ ਆਇਆ ਆਖਦਿਆਂ ਨਵੇਂ ਸਾਲ ਦੀ ਵਧਾਈ ਦਿੱਤੀ। ਉਨ੍ਹਾਂ ਆਖਿਆ ਕਿ ਬੀਤੇ ਵਰ੍ਹੇ ਵਿਚ ਭਾਵੇਂ ਬਹੁਤ ਸਾਰੀਆਂ ਚਣੌਤੀਆਂ ਦਰਪੇਸ਼ ਆਈਆਂ, ਪਰ ਦੁਨੀਆਂ ਭਰ ਦੇ ਲੋਕਾਂ ਨੇ ਇਨ੍ਹਾਂ ਦਾ ਬਹੁਤ ਹੌਸਲੇ ਨਾਲ ਮੁਕਾਬਲਾ ਕੀਤਾ। ਆਉ ਨਵੇਂ ਵਰ੍ਹੇ ਵਿਚ ਵੀ ਪਿਛਲੇ ਵਰ੍ਹੇ ਦੀਆਂ ਚਣੌਤੀਆਂ ਦਾ ਹੋਰ ਵੀ ਸ਼ਿਦਤ ਨਾਲ ਟਾਕਰਾ ਕਰੀਏ। ਉਨ੍ਹਾਂ ਆਖਿਆ ਕਿ ਖੁਸ਼ੀਆਂ ਗਮੀਆਂ ਇਨਸਾਨੀ ਜਿੰਦਗੀ ਦਾ ਹਿੱਸਾ ਹੈਨ। ਚੰਗੇ ਦੀ ਆਸ ਨਾਲ ਨਵੇਂ ਵਰ੍ਹੇ ਵਿਚ ਹੋਰ ਵੀ ਜੋਸ਼ ਨਾਲ ਕੰਮ ਕਰੀਏ। ਉਨ੍ਹਾਂ ਨੇ ਸਦੀਵੀ ਵਿਛੋੜਾਂ ਦੇ ਗਈਆਂ ਸ਼ਖ਼ਸ਼ੀਅਤਾਂ ਬਾਰੇ ਜਾਣਕਾਰੀ ਦਿੱਤੀ। ਡਾ. ਕਰਨੈਲ ਸਿੰਘ ਥਿੰਦ, ਡਾ. ਸੁਰਿੰਦਰ ਸਿੰਘ ਦੁਸਾਂਝ ਅਤੇ ਕੈਲਗਰੀ ਦੀ ਜਾਣੀ-ਪਹਿਚਾਣੀ ਸ਼ਖ਼ਸੀਅਤ, ਹਰਭਜਨ ਸਿੰਘ ਕਾਲਕਟ ਨੂੰ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ। ਪਰਿਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ। ਕੇਸਰ ਸਿੰਘ ਨੀਰ ਨੇ ਕਰਨੈਲ ਸਿੰਘ ਥਿੰਦ ਦੇ ਜੀਵਨ ਅਤੇ ਲਿਖਤਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ। ਜਗਦੇਵ ਸਿੰਘ ਸਿੱਧੂ ਨੇ ਡਾ. ਸੁਰਿੰਦਰ ਦੋਸਾਂਝ ਦੇ ਕੀਤੇ ਕੰਮਾਂ ਤੇ ਰੋਸ਼ਨੀ ਪਾਉਂਦਿਆਂ ਉਨ੍ਹਾਂ ਨਾਲ ਅਪਣੀਆਂ ਯਾਦਾਂ ਦੀ ਸਾਂਝ ਪਾਈ।




ਉਪਰੰਤ ਬਚਨ ਸਿੰਘ ਗੁਰਮ ਨੇ ਆਪਣੀਆਂ ਦੋ ਕਵਿਤਾਵਾਂ ਦਾ ਪਾਠ ਕੀਤਾ ਜੋ ਸਮੇਂ ਦਾ ਸੱਚ ਬਿਆਨ ਕਰ ਗਈਆਂ 'ਹੁੰਦਿਆਂ ਸੁੰਦਿਆਂ ਭਰੇ ਪਰਿਵਾਰਾਂ ਦੇ, ਹੋ ਗਈਆਂ ਲਾਸ਼ਾਂ ਲਾ-ਵਾਰਸ'। ਨਾਮਵਰ ਸ਼ਾਇਰ ਕੇਸਰ ਸਿੰਘ ਨੀਰ ਨੇ ਆਪਣੀਆਂ ਦੋ ਗ਼ਜ਼ਲਾਂ ਦਾ ਉਚਾਰਨ ਕਰ ਕੇ ਮੋਹਰੀ ਗ਼ਜ਼ਲ-ਗੋ ਹੋਣ ਦਾ ਸਬੂਤ ਦਿੱਤਾ 'ਜਿਸ ਨੇ ਗ਼ਮ ਦੇ ਸਾਗਰ ਟੁੱਭੀ ਲਾਈਏ ਸੋਚ ਉਸੇ ਦੀ ਮੋਤੀ ਕੱਢ ਲਿਆਈ ਏ'। ਜਗਜੀਤ ਰਹਿਸੀ ਦੇ ਚੋਣਵੇਂ ਸ਼ੇਅਰਾਂ ਨੇ ਗਹਿਰਾ ਅਸਰ ਛੱਡ ਦਿਆਂ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿੱਤਾ। ਜਰਨੈਲ ਤੱਗੜ ਦੀਆਂ ਦੋ ਪੇਸ਼ਕਾਰੀਆਂ ਸੋਚ ਨੂੰ ਹਲੂਣਾ ਦੇ ਗਈਆਂ 'ਜ਼ਮੀਰ ਵੇਚ ਕੇ ਅਮੀਰ ਹੋ ਜਾਣਾ, ਇਸ ਤੋਂ ਬਿਹਤਰ ਹੈ ਫ਼ਕੀਰ ਹੋ ਜਾਣਾ'। ਤੇਜਾ ਸਿੰਘ ਥਿਆੜਾ ਨੇ ਮਹਾਨ ਕਵੀ ਧਨੀ ਰਾਮ ਚਾਤ੍ਰਿਕ ਦੀ ਕਿਸਾਨੀ ਬਾਰੇ ਬਹੁ-ਚਰਚਿਤ ਕਵਿਤਾ ਸੁਣਾਈ 'ਜਾਂ ਇੱਕ ਕਿਸਮਤ ਦਾ ਵਲੀ ਜਾਗ ਰਿਹਾ ਕਿਰਸਾਨ' ਪਾਣੀ ਲਾਉਂਦਿਆਂ ਪੈਰ ਹੱਥ ਜੀਹਦੇ ਨੀਲੇ ਹੁੰਦੇ ਜਾਣ'। ਡਾ. ਮਹਿੰਦਰ ਸਿੰਘ ਹੱਲਣ ਨੇ ਸਾਹਿਤਕਾਰਾਂ ਨੂੰ ਜ਼ਿੰਦਗੀ ਚੰਗੇਰੀ ਬਨਾਉਣ ਦੇ ਫ਼ਰਜ਼ਾਂ ਪ੍ਰਤੀ ਸੁਚੇਤ ਕੀਤਾ। ਉਹਨਾਂ ਨੇ ਤੇਜਾ ਸਿੰਘ ਥਿਆੜਾ ਦੇ ਦੀ ਗੱਲ ਨੂੰ ਅਗੇ ਤੋਰਦਿਆਂ, ਚਾਤ੍ਰਿਕ ਦੀ ਕਵਿਤਾ 'ਰਾਧਾ ਆਖ ਮਗਰੋਂ ਕ੍ਰਿਸ਼ਨ ਕਹਿਣਗੇ ਵੇ' ਸਰੋਤਿਆਂ ਨਾਲ ਸਾਂਝੀ ਕੀਤੀ।

ਇਕਬਾਲ ਖ਼ਾਨ ਨੇ ਆਪਣੀ ਇੱਕ ਕਵਿਤਾ 'ਆਸ਼ਾਵਾਦੀ' ਦਾ ਉਚਾਰਨ ਬੜੇ ਨਿਵੇਕਲ਼ੇ ਢੰਗ ਨਾਲ ਕੀਤਾ 'ਨਵਾਂ ਸਾਲ ਮੁਬਾਰਕ ਕਿ ਆਸ ਅਜੇ ਮਰੀ ਨਹੀਂ'। ਅਜਾਇਬ ਸਿੰਘ ਸੇਖੋਂ ਦੀਆਂ ਦੋ ਕਵਿਤਾਵਾਂ ਵਿੱਚੋਂ ਇੱਕ ਦੇ ਬੋਲ ਸਨ 'ਚੱਲੀਏ ਸੇਖੋਂ ਸੱਚ ਦੇ ਰਾਹ'। ਸੁਖਵਿੰਦਰ ਤੂਰ ਨੇ ਜਗਦੇਵ ਸਿੱਧੂ ਦੀ ਨਵੀਂ ਰਚਨਾ 'ਕਿਸਾਨ ਅੰਦੋਲਨ' ਦੀ ਵਾਰ ਆਪਣੀ ਬੁਲੰਦ ਆਵਾਜ਼ ਵਿੱਚ ਗਾ ਕੇ ਸੋਨੇ ਤੇ ਸੁਹਾਗਾ ਵਾਲੀ ਗੱਲ ਕੀਤੀ। ਤੂਰ ਨੇ, ਕੈਲਗਰੀ ਦੇ ਨਾਮਵਰ ਸ਼ਾਇਰ, ਮਰਹੂਮ ਪ੍ਰੋ. ਮੋਹਨ ਸਿੰਘ ਔਜਲਾ ਦੀ ਗ਼ਜ਼ਲ 'ਅਜੇ ਹੋਰ ਅੰਬਰ ਦੇ ਤਾਰੇ ਬੜੇ ਨੇ' ਆਪਣੇ ਅੰਦਾਜ਼ ਵਿਚ ਪੇਸ਼ ਕਰ ਕੇ ਸੁਰੀਲੇ ਸੁਰ ਦਾ ਰੰਗ ਬਿਖੇਰਿਆ। ਸਰੂਪ ਸਿੰਘ ਮੰਡੇਰ ਨੇ ਦਸਮੇਸ਼ ਪਿਤਾ ਬਾਰੇ ਕਵੀਸ਼ਰੀ ਰੰਗ ਰਾਹੀਂ ਨਵੀਂ ਵੰਨਗੀ ਪਰੋਸੀ। ਜਗਦੇਵ ਸਿੰਘ ਸਿੱਧੂ ਨੇ ਲੋਕ-ਧਾਰਨਾ ਦੀਆਂ ਅਟੱਲ ਸਚਾਈਆਂ ਨੂੰ ਸੋਧ ਕੇ ਨਵੀਂ ਤਰਜ਼ ਵਿਚ ਢਾਲ ਕੇ ਪੇਸ਼ ਕੀਤੇ 'ਮਿਲ ਜਾਣ ਜੇ ਪਲਾਂ ਦੇ ਹਾਸੇ, ਉਮਰਾਂ ਲਈ ਸਾਭ ਰੱਖੀਏ'। ਜਿਸ ਨੂੰ ਸਰੋਤਿਆਂ ਵੱਲੋਂ ਸਲਾਹਿਆ ਗਿਆ। ਸਤਨਾਮ ਢਾਅ ਨੇ ਭਾਰਤ ਦੇਸ਼ ਦੇ ਸੁਆਰਥੀ ਲੀਡਰਾਂ ਦੀ, ਅਤੇ ਲੋਕਾਂ ਦੀ ਬੇਇਫ਼ਾਕੀ ਬਾਰੇ ਯਥਾਰਥ ਦੀ ਤਸਵੀਰ ਪੇਸ਼ ਕਰਦੀ ਕਵਿਤਾ 'ਇਹ ਹੈ ਸਰਾਂ ਮੁਸਾਫ਼ਰਾਂ ਦੀ, ਸਦਾ ਬੈਠ ਨਾ ਰਿਹਾ ਸੰਸਾਰ ਕੋਈ' ਸਭ ਨੂੰ ਸੋਚੀਂ ਪਾ ਗਈ। ਉਸ ਦਾ ਮੰਚ ਸੰਚਾਲਨ ਵੀ ਸਰਾਹਨਾਯੋਗ ਰਿਹਾ।

# "ਭਗਵੰਤ ਮਾਨ ਦਾ ਸਿਆਸੀ ਸਫ਼ਰ"



ਆਮ ਆਦਮੀ ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪਾਰਟੀ ਦੇ ਮੁੱਖ ਮੰਤਰੀ ਚਿਹਰੇ ਦਾ ਐਲਾਨ ਕਰ ਦਿੱਤਾ ਗਿਆ ਹੈ। ਅਰਵਿੰਦ ਕੇਜਰੀਵਾਲ ਨੇ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਭਗਵੰਤ ਮਾਨ ਨੂੰ ਪਾਰਟੀ ਦੇ ਮੁੱਖ ਮੰਤਰੀ ਉਮੀਦਵਾਰ ਵਲੋਂ ਐਲਾਨ ਦਿੱਤਾ ਹੈ। ਭਗਵੰਤ ਮਾਨ ਦੇ ਐਲਾਨ ਤੋਂ ਬਾਅਦ ਸਾਰੇ 'ਆਪ' ਆਗੂਆਂ ਵਲੋਂ ਉਨ੍ਹਾਂ ਨੂੰ ਸਟੇਜ 'ਤੇ ਵਧਾਈ ਦਿੱਤੀ ਗਈ।


**ਸਿਆਸੀ ਸਫ਼ਰ -** ਭਗਵੰਤ ਮਾਨ ਦਾ ਜਨਮ 17 ਅਕਤੂਬਰ 1972 ਨੂੰ ਸਤੌਜ, ਜ਼ਿਲ੍ਹਾ ਸੰਗਰੂਰ, ਪੰਜਾਬ, ਵਿਖੇ ਹੋਇਆ। ਭਗਵੰਤ ਮਾਨ ਇੱਕ ਹਾਸਰਸ ਕਲਾਕਾਰ ਅਤੇ ਸਿਆਸਤਦਾਨ ਹੈ। ਉਹ ਪੰਜਾਬੀ ਵਿੱਚ ਆਪਣੀਆਂ ਸਕਿੱਟਾਂ ਕਰ ਕੇ ਵਧੇਰੇ ਮਸ਼ਹੂਰ ਹੋਏ ਹਨ। ਭਗਵੰਤ ਮਾਨ ਨੇ ਆਪਣਾ ਕਮੇਡੀਅਨ ਵਜੋਂ ਕੈਰੀਅਰ ਯੂਨੀਵਰਸਿਟੀ ਦੇ ਯੂਥ ਫੈਸਟੀਵਲਾਂ ਅਤੇ ਅੰਤਰ ਕਾਲਜ ਮੁਕਾਬਲਿਆਂ ਵਿੱਚ ਭਾਗ ਲੈਣ ਤੋਂ ਸ਼ੁਰੂ ਕੀਤਾ ਸੀ। ਉਸਨੇ ਪੰਜਾਬੀ ਯੂਨੀਵਰਸਿਟੀ ਤੋਂ ਸੁਨਾਮ ਕਾਲਜ ਲਈ ਦੋ ਗੋਲਡ ਮੈਡਲ ਜਿੱਤੇ। ਭਗਵੰਤ ਮਾਨ ਸੰਗਰੂਰ ਜ਼ਿਲ੍ਹੇ ਤੋਂ 16ਵੀਂ ਲੋਕ ਸਭਾ ਦੇ ਸਾਂਸਦ ਹਨ।

ਸੰਸਦ ਮੈਂਬਰ ਭਗਵੰਤ ਮਾਨ 2014 ਤੋਂ ਸੰਗਰੂਰ ਲੋਕ ਸਭਾ ਹਲਕੇ ਦੀ ਪ੍ਰਤੀਨਿਧਤਾ ਕਰ ਰਹੇ ਹਨ। 2011 ਵਿਚ ਭਗਵੰਤ ਮਾਨ ਨੇ ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਸਿਆਸੀ ਪਾਰਟੀ ਪੀ. ਪੀ. ਪੀ. ਰਾਹੀਂ ਸਰਗਰਮ ਸਿਆਸਤ ਵਿਚ ਕਦਮ ਰੱਖਿਆ। 2012 ਵਿਚ ਉਨ੍ਹਾਂ ਨੇ ਲਹਿਰਾਗਾਗਾ ਵਿਧਾਨ ਸਭਾ ਹਲਕੇ ਤੋਂ ਚੋਣ ਲੜੀ ਪਰ ਚੋਣ ਹਾਰ ਗਏ। ਫਿਰ ਭਗਵੰਤ ਮਾਨ ਨੇ ਮਾਰਚ 2014 ਵਿਚ ਆਮ ਆਦਮੀ ਪਾਰਟੀ (ਆਪ) ਜੁਆਇਨ ਕਰ ਲਈ ਅਤੇ 'ਆਪ' ਦੀ ਟਿਕਟ 'ਤੇ ਸੰਗਰੂਰ ਲੋਕ ਸਭਾ ਸੀਟ ਤੋਂ ਚੋਣ ਲੜੀ। ਇਸ ਚੋਣ ਵਿਚ ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਮਹਾਰਥੀ ਆਗੂ ਸੁਖਦੇਵ ਸਿੰਘ ਢੀਂਡਸਾ ਨੂੰ 2 ਲੱਖ ਵੋਟਾਂ ਨਾਲ ਹਰਾ ਕੇ ਪੰਜਾਬ ਦੀ ਸਿਆਸਤ ਵਿਚ ਨਵਾਂ ਰਿਕਾਰਡ ਬਣਾਇਆ। 2017 ਦੀਆਂ ਚੋਣਾਂ ਵਿਚ ਭਗਵੰਤ ਮਾਨ 'ਆਪ' ਦੇ ਸਟਾਰ ਪ੍ਰਚਾਰ ਦੇ ਨਾਲ ਹੀ ਜਲਾਲਾਬਾਦ ਤੋਂ ਚੋਣ ਲੜਨ ਨੂੰ ਲੈ ਕੇ ਸੁਰਖੀਆਂ ਵਿਚ ਹਨ। 2019 ਵਿਚ ਭਗਵੰਤ ਮਾਨ ਨੇ ਫਿਰ ਆਮ ਆਦਮੀ ਪਾਰਟੀ ਤੋਂ ਸੰਗਰੂਰ ਜ਼ਿਲ੍ਹੇ ਤੋਂ ਲੋਕ ਸਭਾ ਚੋਣ ਲੜੀ। ਸੰਗਰੂਰ ਤੋਂ ਮਾਨ ਨੇ ਵੱਡੀ ਗਿਣਤੀ 'ਚ ਵੋਟਾਂ ਹਾਸਲ ਕਰਕੇ ਜਿੱਤ ਪ੍ਰਾਪਤ ਕੀਤੀ। ਉਹ ਸੰਸਦ ਦੇ ਹੇਠਲੇ ਸਦਨ ਲੋਕ ਸਭਾ ਵਿੱਚ ਆਮ ਆਦਮੀ ਪਾਰਟੀ ਵਿਚੋਂ ਸੰਸਦ ਮੈਂਬਰ ਹਨ।

# ਰੁੱਤ ਦਲ-ਬਦਲੂਆਂ ਦੀ ਆਈ



ਗੁਰਮੀਤ ਸਿੰਘ ਪਲਾਹੀ



ਚੋਣਾਂ ਕੀ ਆਈਆਂ, ਸਵਾਰਥੀ, ਮੌਕਾਪ੍ਰਸਤ ਨੇਤਾਵਾਂ ਦੀਆਂ ਅੱਖਾਂ ਹੀ ਬਦਲ ਗਈਆਂ। ਪਾਰਟੀ ਟਿਕਟ ਦਿਉ ਨਹੀਂ ਤਾਂ ਹੋਰ ਬਥੇਰੇ। ਜਿਵੇਂ ਸਰਕਾਰਾਂ ਬਨਾਉਣ ਵੇਲੇ ਅੜੇ-ਥੁੜੇ ਵਿਧਾਇਕਾਂ ਦੇ ਭਾਅ ਲਗਦੇ ਆ, ਹੁਣ ਵਿਧਾਇਕ ਬਨਣ ਲਈ ਨੇਤਾ ਥੈਲੀਆਂ ਚੁੱਕੀ ਫਿਰਦੇ ਆ। ਸਿਆਣੇ ਲੋਕ ਪੁੱਛਦੇ ਆ ਨੇਤਾਵਾਂ ਤੋਂ, ਭਾਈ ਨੈਤਿਕਤਾ ਕਿੱਥੇ ਗਈ?

ਦਲ ਬਦਲ ਤਾਂ ਹੁਣ ਸਿਆਸੀ ਪਾਰਟੀਆਂ ਦੀ ਨੀਤੀ ਦਾ ਇਕ ਹਿੱਸਾ ਹੀ ਬਣ ਗਿਆ ਹੈ। ਜਿਥੇ ਵੀ, ਜਦੋਂ ਵੀ ਚੋਣਾਂ ਦਾ ਐਲਾਨ ਹੁੰਦਾ ਹੈ, ਦਲ-ਬਦਲ ਦਾ ਦੌਰ ਸ਼ੁਰੂ ਹੋ ਜਾਂਦਾ ਹੈ। ਦਲ-ਬਦਲੂ ਦੀ ਇਸ ਭੈੜੀ ਖੇਡ ਵਿਚ ਵਿਚਾਰ, ਅਨੁਸ਼ਾਸ਼ਨ ਜਾਂ ਸੰਵਿਧਾਨਿਕ ਮੁੱਲਾਂ ਦਾ ਕੋਈ ਅਰਥ ਹੀ ਨਹੀਂ ਰਹਿ ਜਾਂਦਾ।

1985 ਵਿਚ ਬਣਾਇਆ ਦਲ-ਬਦਲੂ ਐਕਟ, ਕਿਸੇ ਨਾ ਕਿਸੇ ਢੰਗ ਨਾਲ ਸਿਆਸੀ ਪਾਰਟੀਆਂ ਆਪਣੇ ਢੰਗ ਨਾਲ ਤੋੜ ਮਰੋੜ ਕੇ ਆਪਣੇ ਹਿੱਤ ਪੂਰ ਲੈਂਦੀਆਂ ਹਨ। ਬਹੁਤੀ ਦੂਰ ਕੀ ਜਾਣਾ ਹੈ, ਪੰਜਾਬ ਦੀ ਹੁਣੇ ਗਈ ਅਸੰਬਲੀ ਇਸ ਦੀ ਵੱਡੀ ਉਦਾਹਰਨ ਹੈ। ਬਹੁਤ ਪਾਰਟੀਆਂ ਦੇ ਨੇਤਾਵਾਂ ਨੇ ਆਪਣੀਆਂ ਪਾਰਟੀਆਂ ਛੱਡੀਆਂ, ਦੂਜੀਆਂ 'ਚ ਸ਼ਾਮਲ ਹੋਏ, ਪਰ 1985 ਦੇ ਦਲ ਬਦਲੂ ਕਾਨੂੰਨ ਅਨੁਸਾਰ ਉਹਨਾਂ 'ਚੋਂ ਕਿਸੇ ਨੂੰ ਵੀ ਆਪਣੀ ਵਿਧਾਇਕੀ ਤੋਂ ਹੱਥ ਨਹੀਂ ਧੋਣੇ ਪਏ। ਰਾਹ-ਕਾਰ ਸਿਆਸਤਦਾਨਾਂ, ਹਾਕਮਾਂ ਨੇ ਬਥੇਰੇ ਕਾਨੂੰਨੀ ਰਾਹ ਰੱਖੇ ਹੁੰਦੇ ਹਨ, ਜਿਨ੍ਹਾਂ ਦੀ ਉਹਨਾਂ ਵਰਤੋਂ ਕੀਤੀ। ਆਮ ਆਦਮੀ ਪਾਰਟੀ ਦੇ ਲਗਭਗ ਅੱਧੇ ਵਿਧਾਇਕ ਛੜੱਪਾ ਮਾਰ ਕੇ ਦੂਜੇ ਪਾਸੇ ਤੁਰ ਗਏ, ਪਰ ਆਖਰੀ ਵੇਲੇ ਤੱਕ ਵੀ ਵਿਧਾਇਕ ਰਹੇ।

ਦਲ-ਬਦਲੂ ਦੀ ਇਬਾਰਤ ਹਰਿਆਣਾ 'ਚ ਲਿਖੀ ਗਈ ਸੀ, ਜਿਥੇ ਲਗਾਤਾਰ ਇਕ ਤੋਂ ਵੱਧ ਵੇਰ ਇਕ ਵਿਧਾਇਕ ਨੇ ਸਿਆਸੀ ਪਾਰਟੀ ਬਦਲੀ ਸੀ ਅਤੇ ਇਕ ਕਹਾਵਤ ਉਸੇ ਗਿਆ ਵਿਧਾਇਕ ਦੇ ਨਾਮ ਹੋ ਗਈ ਸੀ, "ਆਇਆ ਰਾਮ ਗਿਆ ਰਾਮ" ਅੱਜ ਵੀ ਲੋਕ ਇਸ ਨੂੰ ਇਕ ਚੁਟਕਲੇ ਵਾਂਗਰ ਯਾਦ ਕਰਦੇ ਹਨ ਅਤੇ ਇਹ ਵੀ ਯਾਦ ਕਰਦੇ ਹਨ। ਸਾਲ 1967 ਤੋਂ 1973 ਦਰਮਿਆਨ 45 ਸੂਬਾ ਸਰਕਾਰਾਂ ਡਿੱਗੀਆਂ ਜਾਂ ਡੇਗੀਆਂ ਗਈਆਂ। ਇਹਨਾਂ ਸਰਕਾਰਾਂ 'ਚ 2700 ਕੇਸ ਦਲ ਬਦਲੀ ਦੇ ਸਨ। ਇਸ ਦਲ ਬਦਲ ਦੇ ਰੁਝਾਨ ਨੂੰ ਰੋਕਣ ਲਈ ਹੀ 1985 'ਚ ਦਲ-ਬਦਲ ਕਾਨੂੰਨ ਬਣਾਇਆ ਗਿਆ।

ਹਰਿਆਣਾ ਅਤੇ ਪੰਜਾਬ 'ਚ ਦਲ ਬਦਲ ਦੀਆਂ ਘਟਨਾਵਾਂ ਨਿਰੰਤਰ ਵੇਖਣ ਨੂੰ ਮਿਲਦੀਆਂ ਰਹੀਆਂ ਹਨ ਅਤੇ ਇਹ ਹੁਣ ਪੂਰੇ ਜ਼ੋਰਾਂ ਉੱਤੇ ਹਨ। ਦਲ ਬਦਲ ਦੀ ਇਹ ਸ਼ੁਰੂਆਤ ਕਾਂਗਰਸ ਨੇ 60ਵਿਆਂ 'ਚ ਕੀਤੀ ਸੀ। 1962 ਅਤੇ 1966 'ਚ ਅਕਾਲੀ ਦਲ ਅਤੇ ਅਜ਼ਾਦ ਵਿਧਾਇਕ ਪੁੱਟ ਕੇ ਸਰਕਾਰਾਂ ਤੋੜੀਆਂ ਗਈਆਂ ਸਨ। ਜਿਥੇ ਹਰਿਆਣਾ 'ਚ ਭਜਨ ਲਾਲ ਦੀ ਸਰਕਾਰ ਦਲ ਬਦਲ ਦਾ ਸਿੱਟਾ ਸੀ, ਉਥੇ ਜਸਟਿਸ ਗੁਰਨਾਮ ਸਿੰਘ ਅਤੇ ਲਛਮਣ ਸਿੰਘ ਗਿੱਲ ਦੀਆਂ ਪੰਜਾਬ ਵਿਚਲੀਆਂ ਸਰਕਾਰਾਂ ਦਾ ਡਿਗਣਾ ਵੀ ਦਲ-ਬਦਲ ਦੀ ਹੀ ਉਪਜ ਸਨ।

ਦਲ ਬਦਲ ਦੀਆਂ ਇਹਨਾਂ ਖੇਡਾਂ 'ਚ ਸ਼ਾਮਲ ਨੇਤਾ ਸਿਰਫ਼ ਕਾਂਗਰਸ ਨਾਲ ਹੀ ਸ਼ਾਮਲ ਨਹੀਂ ਸਨ। ਸਗੋਂ ਕਾਂਗਰਸ ਦੇ ਵਿਰੋਧ 'ਚ ਬਣੇ ਯੂਨਾਈਟਿਡ ਫਰੰਟ ਨੇ ਵੀ ਇਸ 'ਚ ਵੱਡਾ ਰੋਲ ਅਦਾ ਕੀਤਾ।

ਸਾਲ 1967 ਵਿਚ ਲਛਮਣ ਸਿੰਘ ਗਿੱਲ ਅਤੇ 16 ਹੋਰ ਵਿਧਾਇਕਾਂ ਦੀ ਦਲ ਬਦਲੀ ਕਰਵਾ ਕੇ ਅਕਾਲੀ ਦਲ ਦੀ ਜਸਟਿਸ ਗੁਰਨਾਮ ਸਿੰਘ ਦੀ ਵਜ਼ਾਰਤ ਤੋੜੀ ਗਈ ਸੀ। ਇਸ ਦਲ ਬਦਲ 'ਚ ਰੀਪਬਲਿਕਨ ਪਾਰਟੀ, ਅਕਾਲੀ ਦਲ (ਸੰਤ ਫਤਿਹ ਸਿੰਘ), ਅਕਾਲੀ ਦਲ (ਮਾਸਟਰ ਤਾਰਾ ਸਿੰਘ) ਨਾਲ ਸਬੰਧਤ ਅਤੇ ਅਜ਼ਾਦ ਵਿਧਾਇਕ ਸ਼ਾਮਲ ਸਨ। ਸਾਲ 1967-71 ਦੌਰਾਨ ਪੰਜਾਬ ਵਿਚ ਜਸਟਿਸ ਗੁਰਨਾਮ ਸਿੰਘ ਦੀ ਸਰਕਾਰ ਦੋ ਵੇਰ ਤੋੜੀ ਗਈ। ਇਕ ਵੇਰ ਲਛਮਣ ਸਿੰਘ ਗਿੱਲ ਨੂੰ ਗੱਦੀ ਤੋਂ ਲਾਹਿਆ ਗਿਆ। ਪ੍ਰਕਾਸ਼ ਸਿੰਘ ਬਾਦਲ ਵੱਲੋਂ ਬਣਾਈ ਗਈ ਸਰਕਾਰ ਵੀ ਕੁਝ ਮਹੀਨੇ ਹੀ ਕੱਢ ਸਕੀ। ਮੁੱਖ ਤੌਰ 'ਤੇ ਸੂਬਿਆਂ 'ਚ ਦਲ ਬਦਲ ਦੀਆਂ ਘਟਨਾਵਾਂ ਲਈ ਕੇਂਦਰ ਉੱਤੇ ਰਾਜ ਕਰ ਰਹੀ ਕਾਂਗਰਸ ਹੀ ਦੋਸ਼ੀ ਰਹੀ ਹੈ, ਕਿਉਂਕਿ ਉਸ ਨੂੰ ਇਹ ਸੁਖਾਵਾਂ ਨਹੀਂ ਸੀ ਕਿ ਸੂਬਿਆਂ ਵਿਚ ਵਿਰੋਧੀ ਧਿਰ ਜਾਂ ਸਥਾਨਕ ਪਾਰਟੀਆਂ ਦੀਆਂ ਸਰਕਾਰਾਂ ਰਾਜ ਕਰਨ। ਕਾਂਗਰਸ ਦੇ ਦੇਸ਼ 'ਚ ਕਮਜ਼ੋਰ ਹੋਣ ਉਪਰੰਤ ਜਦੋਂ ਬਾਜੀ ਭਾਜਪਾ ਦੇ ਹੱਥ ਆਈ ਤਾਂ ਉਸ ਵੱਲੋਂ ਵੱਡੀ ਪੱਧਰ ਉੱਤੇ ਦਲ-ਬਦਲ ਦੀ ਖੇਡ ਖਾਸ ਤੌਰ 'ਤੇ ਉਹਨਾਂ ਸੂਬਿਆਂ 'ਚ ਖੇਡੀ ਗਈ ਜਿੱਥੇ ਕਾਂਗਰਸ ਦੀਆਂ ਸਰਕਾਰਾਂ ਸਨ। ਮੰਤਵ ਸੀ ਦੇਸ਼ ਨੂੰ ਕਾਂਗਰਸ ਮੁਕਤ ਕਰਨਾ ਹੈ, ਜਿਸ ਅਧੀਨ ਜਿਥੇ ਚੋਣਾਂ 'ਚ ਕਾਂਗਰਸ ਨੂੰ ਹਰਾਉਣ ਦਾ ਬਿਗਲ ਰਾਸ਼ਟਰੀ ਪਾਰਟੀ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਵਜਾਇਆ, ਉਥੇ ਜਿਥੇ ਉਹਨਾਂ ਨੇ ਜਿੱਤ ਪ੍ਰਾਪਤ ਕੀਤੀ ਜਾਂ ਜਿੱਤ ਪ੍ਰਾਪਤ ਕਰਨ ਦੇ ਨੇੜੇ ਗਏ, ਉਥੇ ਉਹਨਾਂ ਨੂੰ ਜਾਂ ਤਾਂ ਸਰਕਾਰ ਬਨਾਉਣ ਹੀ ਨਾ ਦਿੱਤੀ ਗਈ ਜਾਂ ਫਿਰ ਉਹਨਾਂ ਦੀਆਂ ਬਣੀਆਂ ਸਰਕਾਰਾਂ ਤੋੜ ਦਿੱਤੀਆਂ ਗਈਆਂ। ਮੱਧ ਪ੍ਰਦੇਸ਼ ਕਾਂਗਰਸ ਸਰਕਾਰ ਦਾ ਦਲ ਬਦਲੂਆਂ ਨੂੰ ਉਤਸ਼ਾਹਤ ਕਰਕੇ ਤੋੜਿਆ ਜਾਣਾ ਇਕ ਵੱਡੀ ਉਦਾਹਰਨ ਬਣੀ।

ਇਥੇ ਹੀ ਬੱਸ ਨਹੀਂ ਪੱਛਮੀ ਬੰਗਾਲ ਚੋਣਾਂ ਤੋਂ ਪਹਿਲਾਂ ਵੱਡੀ ਪੱਧਰ ਉੱਤੇ ਉਸੇ ਢੰਗ ਨਾਲ ਦਲ ਬਦਲੂਆਂ ਨੂੰ ਉਤਸ਼ਾਹਿਤ ਕਰਕੇ ਭਾਜਪਾ ਨੇ ਆਪਣੀ ਪਾਰਟੀ ਦਾ ਅਕਾਰ ਵੱਡਾ ਕੀਤਾ, ਜਿਵੇਂ ਅੱਜਕਲ੍ਹ ਪੰਜਾਬ 'ਚ ਇਸ ਵੇਲੇ ਕੀਤਾ ਜਾ ਰਿਹਾ ਹੈ। ਵੱਖ-ਵੱਖ ਸਿੱਖ ਚਿਹਰੇ, ਬੁਧੀਜੀਵੀ, ਹਰੇਕ ਪਾਰਟੀ ਦੇ ਉਹ ਰੁਸੇ ਹੋਏ ਨੇਤਾ, ਜਿਹੜੇ ਆਪੋ ਆਪਣੀਆਂ ਪਾਰਟੀਆਂ 'ਚ ਵਿਧਾਇਕੀ ਲਈ ਟਿਕਟਾਂ ਨਹੀਂ ਲੈ ਪਾ ਰਹੇ, ਭਾਜਪਾ ਦਾ ਖਾਜਾ ਬਣ ਰਹੇ ਹਨ। ਇਸ ਸਾਰੀ ਖੇਡ ਵਿਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਉਹਨਾਂ ਦਾ ਸਾਥ ਦੇ ਰਹੇ ਹਨ, ਜਿਨ੍ਹਾਂ ਨੂੰ ਕਾਂਗਰਸ ਵਿਚੋਂ ਆਪਣੀ ਕੁਰਸੀ ਛੱਡਣੀ ਪਈ ਅਤੇ ਜਿਹੜੇ ਆਪਣੇ ਆਪ ਨੂੰ ਉਹਨਾਂ ਤੋਂ ਕਾਂਗਰਸ ਹਾਈ ਕਮਾਂਡ ਵੱਲੋਂ ਮਾੜੇ ਢੰਗ ਨਾਲ ਕੁਰਸੀ ਖੋਹੇ ਜਾਣ 'ਤੇ ਬੇਇੱਜ਼ਤ ਮਹਿਸੂਸ ਕਰ ਰਹੇ ਹਨ।

ਇਥੇ ਇਹ ਗੱਲ ਵਰਨਣ ਕਰਨੀ ਕਿਸੇ ਤਰ੍ਹਾਂ ਵੀ ਗਲਤ ਨਹੀਂ ਹੋਵੇਗੀ ਕਿ ਜਿਵੇਂ ਭਾਜਪਾ ਨੇ ਪੱਛਮੀ ਬੰਗਾਲ ਵਿਚ ਸੂਬਾ ਚੋਣਾਂ ਹਾਰਨ ਤੋਂ ਬਾਅਦ ਆਪਣੀ ਵੋਟ ਗਿਣਤੀ 'ਚ ਵਾਧਾ ਕੀਤਾ ਹੈ, ਉਵੇਂ ਹੀ ਉਹ ਪੰਜਾਬ ਵਿਚ ਆਪਣੀ ਵੋਟ ਗਿਣਤੀ 'ਚ ਵੱਡਾ ਵਾਧਾ ਕਰਕੇ ਇਹ ਦਰਸਾਉਣ ਦੇ ਰਾਹ 'ਤੇ ਹੈ ਕਿ ਪੰਜਾਬ ਵਿਚ ਉਸਦਾ ਆਧਾਰ ਵਧਿਆ ਹੈ ਅਤੇ ਤਿੰਨ ਖੇਤੀ ਕਾਨੂੰਨ ਸਿਰਫ਼ ਤੇ ਸਿਰਫ਼ ਕੁਝ ਲੋਕਾਂ ਦੇ ਵਿਰੋਧ ਕਾਰਨ ਹੀ ਕੇਂਦਰੀ ਹਕੂਮਤ ਨੇ ਵਾਪਿਸ ਲਏ ਹਨ। ਭਾਜਪਾ ਆਪਣੇ ਗੱਠਜੋੜ ਵਾਲੇ ਸਾਥੀਆਂ ਅਮਰਿੰਦਰ ਸਿੰਘ ਪੰਜਾਬ ਲੋਕ ਕਾਂਗਰਸ ਅਤੇ ਸੁਖਦੇਵ ਸਿੰਘ ਢੀਂਡਸਾ ਸੰਯੁਕਤ ਅਕਾਲੀ ਦਲ ਦੇ ਸਹਿਯੋਗ ਨਾਲ 117 ਸੀਟਾਂ ਉੱਤੇ ਜੇਤੂ ਨਹੀਂ ਬਣ ਸਕਦੀ, ਪਰ ਉਸ ਵੇਲੇ ਸਿੱਖ ਚਿਹਰਿਆਂ ਨੂੰ ਆਪਣੇ ਨਾਲ ਜੋੜ ਕੇ, ਇਕ ਵੱਖਰੀ ਕਿਸਮ ਦਾ ਘੱਟ ਗਿਣਤੀਆਂ ਨਾਲ ਖੜਨ ਦਾ ਪ੍ਰਭਾਵ ਦਿੱਤਾ ਜਾ ਰਿਹਾ ਹੈ।

ਕਾਂਗਰਸ ਵਿਚਲੇ ਬਹੁਤੇ ਲੋਕ ਜਿਨ੍ਹਾਂ ਨੂੰ ਵਿਧਾਇਕੀ ਟਿਕਟਾਂ ਤੋਂ ਨਾਂਹ ਹੋ ਗਈ ਹੈ, ਉਹ ਵਫਾਦਾਰੀਆਂ ਬਦਲਣ ਲੱਗ ਪਏ ਹਨ। ਬਹੁਤੇ ਨਿਰਾਸ਼ ਕਾਂਗਰਸੀ ਨੇਤਾ ਭਾਜਪਾ ਵਿਚ ਸ਼ਾਮਲ ਹੋ ਰਹੇ ਹਨ, ਪਰ ਕੁਝ ਕੈਪਟਨ ਅਮਰਿੰਦਰ ਸਿੰਘ ਨਾਲ ਜੁੜ ਰਹੇ ਹਨ। ਭਾਜਪਾ ਨੇ ਹਾਲੀਂ ਤੱਕ ਆਪਣੇ ਸਾਥੀਆਂ ਨਾਲ ਰਲ ਕੇ ਵਿਧਾਇਕੀ ਵਾਲੇ ਉਮੀਦਵਾਰਾਂ ਦਾ ਐਲਾਨ ਨਹੀਂ ਕੀਤਾ। ਹਾਲੀਂ ਭਾਜਪਾ ਪਰ ਤੋਲ ਰਹੀ ਹੈ। ਫਿਰੋਜ਼ਪੁਰ ਦੀ ਪ੍ਰਧਾਨ ਮੰਤਰੀ ਦੀ ਰੈਲੀ ਫੇਲ੍ਹ ਹੋਣ ਉਪਰੰਤ ਹੁਣ ਭਾਜਪਾ ਵਰਚੁਅਲ ਤੌਰ 'ਤੇ ਤਿੰਨ ਲੱਖ ਵਰਕਰਾਂ ਨਾਲ ਪ੍ਰਧਾਨ ਮੰਤਰੀ ਅਤੇ ਹੋਰ ਨੇਤਾਵਾਂ ਦੀ ਵਰਚੁਅਲ ਰੈਲੀ ਕਰ ਰਹੀ ਹੈ, ਮੰਤਵ ਹਰ ਹੀਲੇ ਪੰਜਾਬ ਵਿਚ ਆਪਣੀ ਤਾਕਤ, ਸਮਰੱਥਾ, ਗਿਣਤੀ ਅਤੇ ਹੋਂਦ ਦਾ ਪ੍ਰਗਟਾਵਾ ਕਰਨਾ ਹੈ। ਉਸ ਵੱਲੋਂ ਯਤਨ ਇਹ ਹੈ ਕਿ ਜੇਕਰ ਉਹ ਆਪਣੇ ਸਹਿਯੋਗੀਆਂ ਨਾਲ ਰਲਕੇ ਪੰਜਾਬ ਦੀ ਤਾਕਤ ਹਥਿਆ ਨਾ ਵੀ ਸਕੇ, ਪਰ ਉਹ ਆਉਣ ਵਾਲੀ ਵਜ਼ਾਰਤ ਦੇ ਗਠਨ 'ਚ ਮੋਹਰੀ ਰੋਲ ਅਦਾ ਕਰਨ ਜੋਗੀਆਂ ਸੀਟਾਂ ਜ਼ਰੂਰ ਪ੍ਰਾਪਤ ਕਰ ਸਕਣਗੇ, ਜਿਸ ਤੋਂ ਬਾਅਦ ਜੋੜ-ਤੋੜ, ਦਲ-ਬਦਲ ਨਾਲ ਉਹ ਸਿੱਧੇ-ਅਸਿੱਧੇ ਤੌਰ 'ਤੇ ਪੰਜਾਬ ਉੱਤੇ ਕਾਬਜ਼ ਹੋ ਸਕੇ। ਦਲ ਬਦਲ ਦੇ ਇਸ ਰੰਗ-ਮੰਚ 'ਚ ਆਮ ਆਦਮੀ ਪਾਰਟੀ ਵੀ ਆਪਣੇ ਵੱਲੋਂ ਪੱਤੇ ਖੇਡ ਰਹੀ ਹੈ। ਆਪਣੀਆਂ ਜਾਰੀ ਕੀਤੀਆਂ ਲਗਭਗ ਸਾਰੀਆਂ ਸੀਟਾਂ ਵਿਚੋਂ ਲਗਭਗ ਤਿਹਾਈ ਬਾਹਰਲੀਆਂ ਪਾਰਟੀਆਂ ਵਿਚੋਂ ਆਏ ਹੋਏ ਨੇਤਾ ਹਨ। ਸ਼੍ਰੋਮਣੀ ਅਕਾਲੀ ਦਲ (ਬ) ਵਿਚ ਵੀ ਕਈ ਕਾਂਗਰਸੀ ਨੇਤਾ ਪੁੱਜ ਗਏ ਹਨ। ਦਲ ਬਦਲੂਆਂ ਕਾਰਨ ਬਿਨਾਂ ਸ਼ੱਕ ਪਾਰਟੀਆਂ ਦਾ ਅੰਦਰੂਨੀ ਸੰਤੁਲਨ ਵਿਗੜਦਾ ਹੈ। ਪਾਰਟੀਆਂ ਦੇ ਉਹ ਨਿਸ਼ਕਾਮ ਵਰਕਰ, ਨੇਤਾ ਜਿਹੜੇ ਵਰ੍ਹਿਆਂਬੱਧੀ ਆਪਣੀ ਪਾਰਟੀ ਲਈ ਕੰਮ ਕਰਦੇ ਹਨ, ਉਹਨਾਂ ਦਾ ਹੱਕ ਮਾਰਿਆ ਜਾਂਦਾ ਹੈ। ਉਹਨਾਂ ਦੀ ਆਵਾਜ਼ ਦੱਬੀ ਜਾਂਦੀ ਹੈ। ਪਾਰਟੀਆਂ ਦੇ ਨਿਯਮ ਭੰਗ ਹੁੰਦੇ ਹਨ, ਉਹਨਾਂ ਦਾ ਵਿਧਾਨ ਟੁੱਟਦਾ ਹੈ। ਪੈਰਾਸ਼ੂਟ ਨਾਲ ਉਪਰੋਂ ਆਏ ਆਪਣੇ ਨੇਤਾਵਾਂ ਕਾਰਣ ਇਹ ਵਰਕਰ ਪਹਿਲਾਂ ਪ੍ਰੇਸ਼ਾਨ ਸਨ, ਪਰ ਹੁਣ ਤਾਂ ਦੂਹਰੀ ਮਾਰ ਉਹਨਾਂ ਨੂੰ ਪੈ ਰਹੀ ਹੈ ਕਿ ਦੂਜੀਆਂ ਪਾਰਟੀਆਂ ਦੇ ਨੇਤਾ ਵੀ ਉਹਨਾਂ ਅੱਗੇ ਆ ਖੜੋਂਦੇ ਹਨ।

ਅਸਲ ਵਿਚ ਦਲ ਬਦਲ ਨੇ ਭਾਰਤ ਦੀ ਸਿਆਸਤ ਹੀ ਬਦਲ ਦਿੱਤੀ ਹੈ। ਕੁਰਸੀ ਦੀ ਹੋੜ ਨੇ ਨੈਤਿਕ ਕਦਰਾਂ-ਕੀਮਤਾਂ ਨੂੰ ਢਾਅ ਲਾਈ ਹੈ। ਦੇਸ਼ ਦੇ ਲੋਕਤੰਤਰ ਦੀ ਚੰਗੀ ਸਿਹਤ ਲਈ ਦਲ-ਬਦਲੂਆਂ ਵਰਗੇ ਵਰਤਾਰੇ ਰੋਕੇ ਜਾਣ ਦੀ ਜ਼ਰੂਰਤ ਹੈ, ਤਦ ਹੀ ਦੇਸ਼ ਦੇ ਲੋਕ ਹਕੂਮਤ ਤੋਂ ਸਵੱਛ ਪ੍ਰਸ਼ਾਸਨ ਦੀ ਆਸ ਕਰ ਸਕਣਗੇ।

# ਸਾਦੇ ਵਿਆਹ, ਸੁਖਾਲਾ ਜੀਵਨ

ਡਾ. ਕਮਲਪ੍ਰੀਤ ਕੌਰ
ਮੋ: 9592227589



ਅੱਜ-ਕੱਲ੍ਹ ਵਿਆਹਾਂ ਦਾ ਮੌਸਮ ਚੱਲ ਰਿਹਾ ਹੈ। ਹਰ-ਇੱਕ ਇਨਸਾਨ ਨੂੰ ਵਿਆਹ ਵਿੱਚ ਸ਼ਾਮਿਲ ਹੋਣ ਦਾ ਚਾਅ-ਮਲਾਰ੍ਹ ਹੁੰਦਾ ਹੈ। ਕੋਈ ਨਾਨਕ-ਸ਼ੱਕ ਪੂਰਨ ਦੀ ਤਿਆਰੀ ਕਰ ਰਿਹਾ ਹੈ ਤੇ ਕੋਈ ਘਰ ਵਿੱਚ ਵਿਆਹ ਰਚਾਉਣ ਦੀ ਜ਼ਿੰਮੇਵਾਰੀ ਪੂਰੀ ਕਰ ਰਿਹਾ ਹੈ। ਪਰ ਅੱਜ ਦੇ ਜ਼ਮਾਨੇ ਵਿੱਚ ਵਿਆਹ-ਸ਼ਾਦੀ ਸੁਚੱਜੇ ਢੰਗ ਨਾਲ ਰਚਾਉਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਹੈ। ਵਿਆਹਾਂ ਦੇ ਦਿਨ-ਬ-ਦਿਨ ਵੱਧਦੇ ਖਰਚੇ ਨੇ ਵਿਆਹਾਂ ਦੀ ਮਿਠਾਸ ਨੂੰ ਇੱਕ ਅਜੀਬ ਜਿਹੀ ਕੜਵਾਹਟ ਲਗਾ ਦਿੱਤੀ ਹੈ। ਉਦਾਹਰਣ ਦੇ ਤੌਰ 'ਤੇ ਜਦੋਂ ਵਿਆਹਾਂ ਮੌਕੇ ਪੁਰਾਣੇ ਸਮੇਂ ਵਿੱਚ ਇੱਕ-ਦੂਜੇ ਨਾਲ ਨੇੜਤਾ ਵੱਧਦੀ ਸੀ, ਮਿਠਾਈਆਂ ਵੰਡੀਆਂ ਜਾਂਦੀਆਂ ਸਨ, ਅਜੋਕੇ ਸਮੇਂ ਦੌਰਾਨ ਅਸੀਂ ਆਪ ਹੀ ਦੇਖ ਸਕਦੇ ਹਾਂ ਕਿ ਵਿਆਹਾਂ ਵਿੱਚ ਨੇੜਤਾ ਤਾਂ ਵਧੇ ਨਾ ਵਧੇ ਪਰ ਇੱਕ ਦੂਜੇ ਨਾਲ ਮਨ-ਮੁਟਾਵ ਜ਼ਰੂਰ ਹੋ ਜਾਂਦਾ ਹੈ, ਜੋ ਕਿ ਆਮ ਤੌਰ 'ਤੇ ਦੇਣ-ਲੈਣ ਦੀ ਘਾਟ-ਵਾਧ ਕਾਰਨ ਹੀ ਹੁੰਦਾ ਹੈ। ਇੱਥੇ ਇਹ ਗੱਲ ਬੜੇ ਦੁੱਖ ਨਾਲ ਆਖੀ ਜਾ ਰਹੀ ਹੈ ਕਿ ਅਸੀਂ ਸਾਰੇ ਆਪਣੇ ਅਮੀਰ ਗੌਰਵਮਈ ਪੰਜਾਬੀ ਵਿਰਸੇ ਤੋਂ ਕੋਹਾਂ ਦੂਰ ਆ ਗਏ ਹਾਂ। ਭਾਵੇਂ ਆਧੁਨਿਕ ਗਤੀ ਨਾਲ ਜ਼ਮਾਨੇ ਦੇ ਨਾਲ ਚੱਲਣਾ ਸਮੇਂ ਦੀ ਜ਼ਰੂਰਤ ਹੈ ਪਰ ਆਪਣੇ ਵਿਰਸੇ, ਆਪਣੇ ਸੱਭਿਆਚਾਰ ਤੋਂ ਦੂਰ ਹੋ ਕੇ ਅਸੀਂ ਕਿਹੜੀ ਤਰੱਕੀ ਦੀ ਆਸ ਲਈ ਬੈਠੇ ਹਾਂ। ਅਜੋਕੇ ਸਮੇਂ ਵਿੱਚ ਜਿੱਥੇ ਅਜੋਕੇ ਵਿਆਹਾਂ ਦਾ ਬੇ-ਹਿਸਾਬ ਖਰਚਾ ਮਾਪਿਆਂ ਦੀ ਤੀਲਾ-ਤੀਲਾ ਕਰਕੇ ਜੋੜੀ ਪੂੰਜੀ ਨੂੰ ਇੱਕ ਦਿਨ ਵਿੱਚ ਹੀ ਪਾਣੀ ਦੀ ਤਰ੍ਹਾਂ ਵਹਾ ਦਿੰਦਾ ਹੈ, ਉੱਥੇ ਅੱਜ ਦੇ ਜ਼ਮਾਨੇ ਵਿੱਚ ਤਾਂ ਅਸੀਂ ਮਰਗ ਦੀਆਂ ਅੰਤਿਮ ਰਸਮਾਂ ਵੀ ਸੁਖਾਲੀਆਂ ਨਹੀਂ ਰਹਿਣ ਦਿੱਤੀਆਂ। ਜਿੱਥੇ ਇੱਕ ਪਾਸੇ ਕਿਸੇ ਦੀ ਮੌਤ ਹੋ ਜਾਣ ਤੇ ਪਰਿਵਾਰ ਨੂੰ ਸਦਮੇ ਵਿੱਚੋਂ ਲੰਘਣਾ ਪੈਂਦਾ ਹੈ, ਉੱਥੇ ਦੂਜੇ ਪਾਸੇ ਮਰਗ ਤੇ ਭੋਗ 'ਤੇ ਹੋਣ ਵਾਲਾ ਖਰਚ ਅਗਲੇ ਬੰਦੇ ਨੂੰ ਸਤਾਉਣ ਲੱਗਦਾ ਹੈ। ਅਸੀਂ ਕਿਹੋ ਜਿਹੇ ਰਾਹ 'ਤੇ ਤੁਰ ਪਏ ਹਾਂ। ਇੱਕ ਪਾਸੇ ਵਿਆਹ ਜਿੰਨਾ ਖਰਚ ਅਸੀਂ ਕਿਸੇ ਦੇ ਫੌਤ ਹੋਣ 'ਤੇ ਅੰਤਿਮ ਰਸਮਾਂ ਵਿੱਚ ਹੀ ਕਰ ਦਿੰਦੇ ਹਾਂ। ਅੰਤਿਮ ਰਸਮਾਂ ਮੌਕੇ ਪਕਾਏ ਹੋਏ ਪਕਵਾਨਾਂ ਤੋਂ ਅੰਦਾਜ਼ਾ ਲਾਉਣਾ ਮੁਸ਼ਕਿਲ ਹੋ ਜਾਂਦਾ ਹੈ ਕਿ ਇਹ ਮਰਗ ਦਾ, ਸ਼ੋਕ ਮਨਾਉਣ ਦਾ ਮੌਕਾ ਹੈ ਜਾਂ ਕਿ ਵਿਆਹ-ਸ਼ਾਦੀ ਦੀ ਰੋਟੀ। ਹਾਲਾਂਕਿ ਹੋਣਾ ਇਹ ਚਾਹੀਦਾ ਹੈ ਕਿ ਮਰਗ ਦੇ ਭੋਗ ਤੇ ਸਾਦੀ ਦਾਲ-ਰੋਟੀ ਹੀ ਪਕਾਈ ਜਾਵੇ, ਜਿਸ ਨਾਲ ਪਰਿਵਾਰ 'ਤੇ ਬੋਝ ਨਾ ਪਵੇ।

ਹੁਣ ਗੱਲ ਕਰਦੇ ਹਾਂ ਅਜੋਕੇ ਵਿਆਹਾਂ ਦੀ। ਅੱਜ-ਕੱਲ੍ਹ ਵਿਆਹ ਦਾ ਪ੍ਰੋਗਰਾਮ ਰਚਾਉਣਾ ਵੀ ਕੋਈ ਸੌਖਾਲਾ ਕੰਮ ਨਹੀਂ ਹੈ। ਸਭ ਤੋਂ ਪਹਿਲਾਂ ਨੁਕਸ ਜੋ ਅਸੀਂ ਪੰਜਾਬੀਆਂ ਨੇ ਅਪਣਾਇਆ ਹੈ ਉਹ ਹੈ ਮੈਰਿਜ-ਪੈਲੇਸਾਂ ਵਿੱਚ ਵਿਆਹ ਕਰਨਾ, ਜਿਸ ਨਾਲ ਅਸੀਂ ਇਨ੍ਹਾਂ ਦਾ ਕਿਰਾਇਆ ਤਾਂ ਦਿੰਦੇ ਹੀ ਹਾਂ, ਇਸ ਦੇ ਨਾਲ-ਨਾਲ ਸਾਡਾ ਘਰ ਵਿਆਹ ਦੀ ਰੌਣਕ ਮਾਣਨ ਤੋਂ ਵੀ ਵਾਂਝਾ ਹੀ ਰਹਿ ਜਾਂਦਾ ਹੈ। ਸਾਰੀ ਚਹਿਲ-ਪਹਿਲ ਸਿਰਫ਼ ਮੈਰਿਜ-ਪੈਲੇਸ ਅੰਦਰ ਹੀ ਖ਼ਤਮ ਹੋ ਜਾਂਦੀ ਹੈ। ਇਹ ਸਾਡੇ ਪੰਜਾਬੀ ਸੱਭਿਆਚਾਰ ਦਾ ਅੰਗ ਨਹੀਂ ਹੈ। ਜਿੱਥੋਂ ਤੱਕ ਹੋ ਸਕੇ ਘਰ ਵਿਚ ਹੀ ਵਿਆਹ ਦਾ ਪ੍ਰੋਗਰਾਮ ਕਰੋ। ਪੰਜਾਬੀ ਜੋ ਕਿ ਆਪਣੀ ਚੰਗੀ ਸਿਹਤ ਅਤੇ ਖੁਸ਼-ਮਿਜਾਜੀ ਲਈ ਜਾਣੇ ਜਾਂਦੇ ਸਨ, ਅੱਜ ਦਿਖਾਵੇ ਦੀ ਜ਼ਿੰਦਗੀ ਜਿਊਣ ਲੱਗੇ ਹਨ ਜਿਸ ਨਾਲ ਸਾਡੇ ਚਿਹਰੇ ਦੀ ਰੌਣਕ ਕਿਤੇ ਖੁੱਸ ਗਈ ਹੈ। ਪੁਰਾਣੇ ਸਮੇਂ ਵਿੱਚ ਘਰ ਵਿੱਚ ਵਿਆਹ ਬੱਝਣ ਸਾਰ ਪਰਿਵਾਰ ਅਤੇ ਸ਼ਰੀਕੇ ਨੇ ਚਹਿਲ-ਪਹਿਲ ਸ਼ੁਰੂ ਕਰ ਦੇਣੀ। ਸ਼ਰੀਕੇ ਵੱਲੋਂ ਵੀ ਰਿਸ਼ਤੇਦਾਰਾਂ ਨੂੰ ਰੋਟੀ ਕਰੀ ਜਾਂਦੀ, ਜਿਸ ਨਾਲ ਪਰਿਵਾਰ ਤੋਂ ਬੋਝ ਥੋੜਾ ਘੱਟ ਜਾਂਦਾ ਸੀ। ਫਿਰ ਸਭ ਸਾਕ-ਸੰਬੰਧੀ ਮਿਲ ਕੇ ਤਿਆਰੀਆਂ ਕਰਦੇ, ਜਿਸ ਨਾਲ ਵਿਆਹ ਵਾਲੇ ਘਰ 'ਚ ਹਾਸੇ-ਠੱਠੇ ਅਤੇ ਗਹਿਮਾ-ਗਹਿਮੀ ਦਾ ਮਾਹੌਲ ਬਣਿਆ ਰਹਿੰਦਾ। ਪਰ ਇਸ ਦੇ ਉਲਟ ਅੱਜ-ਕੱਲ੍ਹ ਕਿਸੇ ਸ਼ਰੀਕੇ ਦੇ ਸਾਕ-ਸੰਬੰਧੀ ਨੇ ਤਾਂ ਕੰਮ ਕਰਨਾ ਦੂਰ ਦੀ ਗੱਲ ਹੈ, ਵਿਆਹ ਵਾਲੇ ਘਰ ਦਾ ਪਰਿਵਾਰ ਵੀ ਪੂਰੇ ਕੰਮ ਦਾ ਠੇਕਾ ਦੇ ਕੇ ਸੁਰਖ਼ੁਰੂ ਹੋ ਜਾਂਦਾ ਹੈ। ਇਸ ਦੇ ਦੋ ਤਰ੍ਹਾਂ ਦੇ ਮੁੱਖ ਨੁਕਸਾਨ ਹਨ, ਪਹਿਲਾਂ ਇਹ ਕਿ ਵਿਆਹ ਵਾਲਾ ਘਰ ਰੌਣਕ ਤੋਂ ਵਾਂਝਾ ਹੀ ਰਹਿੰਦਾ ਹੈ, ਵਿਆਹ ਦੀ ਰੌਣਕ ਸਿਰਫ਼ ਕਿਰਾਏ 'ਤੇ ਲਏ ਮੈਰਿਜ ਪੈਲੇਸ ਤੱਕ ਹੀ ਰਹਿੰਦੀ ਹੈ, ਰਿਸ਼ਤੇਦਾਰ ਵੀ ਸਿੱਧੇ ਵਿਆਹ ਦੇ ਦਿਨ ਪੈਲੇਸ ਵਿੱਚ ਹੀ ਪਹੁੰਚਦੇ ਹਨ, ਇਸ ਦਾ ਅਣਗੌਲਿਆ ਅਸਰ ਸਾਡੇ ਸੱਭਿਆਚਾਰ 'ਤੇ ਕਿਸੇ ਮਿੱਠੀ ਜ਼ਹਿਰ ਵਰਗਾ ਕੰਮ ਕਰ ਰਿਹਾ ਹੈ। ਸਾਡੇ ਆਪਸੀ ਰਿਸ਼ਤੇ, ਮੋਹ-ਮੁਹੱਬਤ ਮਨਫ਼ੀ ਹੁੰਦਾ ਜਾ ਰਿਹਾ ਹੈ, ਰਿਸ਼ਤੇ ਦਿਖਾਵੇ ਦੀ ਕਸਵੱਟੀ 'ਤੇ ਆਪਣੇ ਆਖਰੀ ਸਾਹ ਲੈਂਦੇ ਸਾਫ਼ ਨਜ਼ਰ ਆਉਂਦੇ ਹਨ।

ਇਸ ਤਰ੍ਹਾਂ ਦੇ ਅਜੋਕੇ ਵਿਆਹਾਂ ਦਾ ਦੂਜਾ ਨੁਕਸਾਨ ਆਰਥਿਕ ਪੱਖ 'ਤੇ ਪੈਂਦਾ ਹੈ। ਕਿੰਨਾ ਖਰਚਾ ਅਸੀਂ ਸਿਰਫ਼ ਦਿਖਾਵੇ ਦੀ ਦੌੜ ਜਿੱਤਣ ਲਈ ਕਰ ਦਿੰਦੇ ਹਾਂ। ਜੋ ਵਿਆਹ ਦਾ ਕਾਰਜ ਘਰ ਵਿੱਚ ਹੋ ਸਕਦਾ ਹੈ, ਉਸ ਦੀ ਥਾਂ ਅਸੀਂ ਕਿਰਾਏ ਤੇ ਮੈਰਿਜ ਪੈਲੇਸ ਕਰਦੇ ਹਾਂ, ਜਿਸ ਦਾ ਖਰਚ ਘੱਟੋ-ਘੱਟ 50-60 ਹਜ਼ਾਰ ਰੁਪਏ ਤੋਂ ਲੈ ਕੇ ਵੱਧ ਤੋਂ ਵੱਧ ਪਤਾ ਨਹੀਂ ਕਿੱਥੋਂ ਤੱਕ ਲੱਖਾਂ ਵਿੱਚ ਨਿਬੜਦਾ ਹੈ। ਇਹ ਵਾਧੂ ਖਰਚ ਅਸੀਂ ਆਪਣੇ ਪੰਜਾਬੀ ਸੱਭਿਆਚਾਰ ਦਾ ਅੰਗ ਕਿਉਂ ਬਣਾ ਲਿਆ ਹੈ। ਫਿਰ ਵਿਆਹ ਦੇ ਪ੍ਰੋਗਰਾਮ ਵਿੱਚ ਕਿੰਨੇ ਹੀ ਪਕਵਾਨ ਪਕਾ ਕੇ ਹਜ਼ਾਰਾਂ ਰੁਪਏ ਲਗਾ ਕੇ ਅਜਾਇਆਂ ਹੀ ਵਿਅਰਥ ਚਲੇ ਜਾਂਦੇ ਹਨ। ਫਿਰ ਵਿਆਹ ਵਿੱਚ ਸੋਨੇ ਅਤੇ ਹੋਰ ਬੇਸ਼ਕੀਮਤੀ ਗਹਿਣਿਆਂ ਦਾ ਦੇਣ-ਲੈਣ ਆਪਣੇ ਆਪ ਵਿੱਚ ਇੱਕ ਉੱਚੇ-ਕੱਦ ਦਾ ਖਰਚਾ ਹੈ।

ਇਹ ਹੋਰ ਵੀ ਹੈਰਾਨੀਜਨਕ ਹੁੰਦਾ ਹੈ ਜਦ ਮਰਗ ਦੇ ਭੋਗ 'ਤੇ ਵੀ ਸੋਨੇ ਦੀ ਮੁੰਦਰੀ ਪਾਉਣ ਦਾ ਜੋ ਰਿਵਾਜ ਚੱਲ ਰਿਹਾ ਹੈ, ਸਾਨੂੰ ਇੱਥੇ ਸੋਚਣਾ ਚਾਹੀਦਾ ਹੈ ਕਿ ਕੀ ਅਸੀਂ ਸੱਚ-ਮੁੱਚ ਕਿਸੇ ਸ਼ੋਕ-ਸਭਾ ਵਿੱਚ ਸ਼ਰੀਕ ਹੋ ਰਹੇ ਹਾਂ? ਜ਼ਿੰਦਗੀ ਦੀ ਮਿਹਨਤਾਂ ਨਾਲ ਕਰੀ ਹੋਈ ਕਮਾਈ ਨੂੰ ਅਸੀਂ ਵਿਆਹ-ਭੋਗਾਂ ਦੇ ਇੱਕ ਦਿਨ ਦੇ ਦਿਖਾਵੇ ਦੀ ਖਾਤਿਰ ਪਾਣੀ ਦੀ ਤਰ੍ਹਾਂ ਵਹਾ ਦਿੰਦੇ ਹਾਂ, ਜੋ ਸਾਡੀ ਘੱਟ ਰਹੀ ਸੋਚਣ-ਸ਼ਕਤੀ ਵੱਲ ਇਸ਼ਾਰਾ ਕਰਦੀ ਹੈ। ਕਈ ਪਰਿਵਾਰ ਖਰਚੇ ਵਾਲੇ ਵਿਆਹ ਕਰਨ ਤੋਂ ਬਾਅਦ ਆਰਥਿਕਤਾ ਪੱਖੋਂ ਅਜਿਹਾ ਡਗਮਗਾਉਂਦੇ ਹਾਂ ਕਿ ਸੰਭਲਣਾ ਮੁਸ਼ਕਿਲ ਹੋ ਜਾਂਦਾ ਹੈ।

ਨੌਜਵਾਨ ਪੀੜ੍ਹੀ ਨੂੰ ਪੁਰਜ਼ੋਰ ਅਪੀਲ ਹੈ ਕਿ ਆਓ ਅਸੀਂ ਦਿਖਾਵੇ ਦੇ ਖਰਚੇ ਭਰੇ ਵਿਆਹਾਂ ਦੀ ਰੀਤ ਨੂੰ ਆਪਣੇ ਸੱਭਿਆਚਾਰ ਤੋਂ ਪਰ੍ਹੇ ਕਰਨ ਦੀ ਕੋਸ਼ਿਸ਼ ਕਰੀਏ ਤੇ ਪ੍ਰਣ ਲਈਏ ਅਸੀਂ ਸਾਦੇ ਤਰੀਕੇ ਦੇ ਵਿਆਹ ਜਾਂ ਭੋਗਾਂ ਲਈ ਸਮਾਜ ਨੂੰ ਜਾਗਰੂਕ ਕਰਾਂਗੇ। ਇਸ ਤਰ੍ਹਾਂ ਦੀ ਕੋਸ਼ਿਸ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਚਲਾਈ ਜਾ ਰਹੀ ਇੱਕ ਮੁਹਿੰਮ "ਸਾਦੇ ਵਿਆਹ, ਸਾਦੇ ਭੋਗ, ਨਾ ਕਰਜ਼ਾ ਨਾ ਚਿੰਤਾ ਰੋਗ" ਰਾਹੀਂ ਵੀ ਕੀਤੀ ਜਾ ਰਹੀ ਹੈ। ਇਸ ਦਾ ਮੁੱਖ ਮੰਤਵ ਪੰਜਾਬੀ ਕਿਰਸਾਨੀ ਨੂੰ ਵਾਧੂ ਖਰਚਿਆਂ ਤੋਂ ਸੁਚੇਤ ਕਰਕੇ, ਦਿਖਾਵੇ ਦੀ ਜ਼ਿੰਦਗੀ ਤੋਂ ਬਾਹਰ ਕੱਢਣਾ ਹੈ, ਜੋ ਸਾਡੇ ਕਿਸਾਨ ਨੂੰ ਕਰਜ਼ੇ ਦੇ ਬੋਝ ਹੇਠਾਂ ਦੱਬ ਕੇ ਅਣਚਾਹੀਆਂ ਰਾਹਾਂ ਜਾਂ ਖੁਦਕੁਸ਼ੀਆਂ ਵੱਲ ਧੱਕ ਦਿੰਦੀ ਹੈ। ਜਾਂ ਇਹ ਕਹਿ ਲਈਏ:

"ਸਾਧਾਰਨ ਜੀਵਨ-ਜਾਂਚ ਤੇ ਉੱਚੀ ਸੋਚ ਹੈ ਪੰਜਾਬੀਆ ਤੇਰੀ ਆਨ।
ਛੱਡ ਦਿਖਾਵਾ, ਵਾਧੂ ਖਰਚੇ, ਬਣ ਸੱਭਿਆਚਾਰ ਦੀ ਸ਼ਾਨ।"

# ਕਿੱਥੇ ਗਿਆ ਮਹਾਨ ਮੁਲਕ ਵਾਲਾ ਖ਼ੁਆਬ ?

ਅਵਿਜੀਤ ਪਾਠਕ




ਜਾਪਦਾ ਹੈ ਸਾਡੀ ਇਖ਼ਲਾਕੀ, ਸੱਭਿਆਚਾਰਕ ਅਤੇ ਸਿਆਸੀ ਗਿਰਾਵਟ ਦਾ ਕੋਈ ਅੰਤ ਨਹੀਂ ਹੈ। ਮੁਲਕ ਵਿਚ ਅੱਜ ਕੱਲ੍ਹ ਜਿਸ ਤਰ੍ਹਾਂ ਹਿੰਸਾ ਨੂੰ ਧਰਮ ਦੇ ਨਾਂ ਤੇ ਪਵਿੱਤਰਤਾ ਦਾ ਦਰਜਾ ਦਿੱਤਾ ਜਾ ਰਿਹਾ ਹੈ, ਉਸ ਤੋਂ ਅਖੌਤੀ ਸਾਧੂਆਂ ਅਤੇ ਗੁੰਡਿਆਂ ਵਿਚ ਫ਼ਰਕ ਕਰਨਾ ਬਹੁਤ ਮੁਸ਼ਕਿਲ ਹੋ ਗਿਆ ਹੈ; ਅੱਜ ਮਾਨਸਿਕ ਜ਼ਹਿਰ ਫੈਲਾਉਣ ਲਈ ਤਕਨਾਲੋਜੀ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ; ਤੇ ਔਰਤਾਂ ਨੂੰ ਮਹਿਜ਼ ਵਾਸਨਾ ਪੂਰਤੀ ਦੀ ਵਸਤੂ ਵਜੋਂ ਦੇਖਿਆ ਜਾ ਰਿਹਾ ਹੈ। ਇਸ ਤਰ੍ਹਾਂ ਜੇ ਅਜਿਹੀਆਂ ਸਾਰੀਆਂ ਹਿੰਸਕ ਬਿਆਨਬਾਜ਼ੀਆਂ ਦੌਰਾਨ ਵੀ ਮੁਲਕ ਦਾ 'ਮਸੀਹਾ' ਸਾਨੂੰ ਇਹ ਆਖ ਕੇ ਤਸੱਲੀ ਦੇਣਾ ਚਾਹੁੰਦਾ ਹੈ ਕਿ ਭਾਰਤ 'ਵਿਸ਼ਵ ਗੁਰੂ' ਹੈ ਤਾਂ ਅਸਲ ਵਿਚ ਸਾਡਾ ਸਮਾਜ ਗਰਕ ਹੋ ਰਿਹਾ ਸਮਾਜ ਹੈ; ਜਿਵੇਂ ਹਰਿਦੁਆਰ ਵਿਚ ਧਰਮ ਸੰਸਦ ਦੌਰਾਨ ਨਫ਼ਰਤ ਭਰੀਆਂ ਤਕਰੀਰਾਂ ਤੋਂ ਇਸ਼ਾਰਾ ਮਿਲਦਾ ਹੈ, ਅੱਜ ਮੁਲਕ ਵਿਚ ਕਤਲੇਆਮ ਦੇ ਸੱਦੇ ਦੇਣੇ ਆਮ ਵਰਤਾਰਾ ਹੋ ਗਿਆ ਹੈ ਅਤੇ ਹਿੰਦੂਆਂ ਨੂੰ 'ਸਫਾਈ ਮੁਹਿੰਮ' ਦੇ ਨਾਂ ਉਤੇ ਘੱਟਗਿਣਤੀਆਂ ਨਾਲ ਸੰਬੰਧਿਤ ਲੋਕਾਂ ਨੂੰ ਮਾਰ ਮੁਕਾਉਣ ਅਤੇ ਉਨ੍ਹਾਂ ਦੇ ਧਾਰਮਿਕ ਸਥਾਨਾਂ ਉਤੇ ਹਮਲੇ ਕਰਨ ਲਈ ਉਕਸਾਇਆ ਜਾ ਰਿਹਾ ਹੈ। 'ਸੁੱਲੀ ਡੀਲਜ਼', 'ਬੁਲੀ ਬਾਈ' ਐਪਸ ਆਦਿ ਦੇ ਫੈਲ ਰਹੇ ਸੁਨੇਹਿਆਂ ਤੋਂ ਇਹੋ ਸੰਕੇਤ ਮਿਲਦਾ ਹੈ ਕਿ ਇਹ ਤਸੱਵੁਰ ਕਰਨਾ ਮੁਮਕਿਨ ਹੈ ਕਿ ਮੁਸਲਮਾਨ ਔਰਤਾਂ ਬੋਲੀ ਲਗਾ ਕੇ ਵੇਚਣਯੋਗ ਵਸਤਾਂ ਹਨ। ਧਾਰਮਿਕ ਕੱਟੜਤਾ ਦੀ ਕਾਮੁਕਤਾ ਵਾਲੀ ਅਜਿਹੀ ਸਿਆਸਤ ਅਜੋਕਾ ਨਵਾਂ ਆਮ ਵਰਤਾਰਾ ਹੈ।

ਕੀ ਇਸ ਸਭ ਕਾਸੇ ਤੋਂ ਸਾਨੂੰ ਝਟਕਾ ਮਹਿਸੂਸ ਹੁੰਦਾ ਹੈ? ਕੀ ਕਾਬਜ਼ ਸਿਆਸੀ ਜਮਾਤ ਜਾਂ ਨਿਜ਼ਾਮ ਨੂੰ ਇਸ ਗਲ਼-ਸੜ ਰਹੇ ਹਾਲਾਤ ਉਤੇ ਕੋਈ ਸ਼ਰਮ ਮਹਿਸੂਸ ਹੁੰਦੀ ਹੈ? ਕੀ ਤੁਹਾਡੇ ਅਤੇ ਮੇਰੇ ਅੰਦਰ ਇੰਨੀ ਹਿੰਮਤ ਹੈ ਕਿ ਅਸੀਂ ਆਖ ਸਕੀਏ- ਬੱਸ ਹੁਣ ਬਹੁਤ ਹੋ ਗਿਆ, ਸਾਨੂੰ ਆਪਣੇ ਸੱਭਿਆਚਾਰ ਤੇ ਸਮਾਜ ਨੂੰ ਹੋਰ ਗੰਦਗੀ ਵਿਚ ਗਰਕ ਨਹੀਂ ਹੋਣ ਦੇਣਾ ਚਾਹੀਦਾ ਜਿਸ ਵਿਚ ਭੱਦੀ ਸਿਆਸਤ, ਭੱਦੇ ਨਿਸ਼ਾਨ, ਭੱਦੇ ਭਾਸ਼ਣ, ਭੱਦੇ ਟੈਲੀਵਿਜ਼ਨ ਚੈਨਲ ਅਤੇ ਭੱਦੇ ਗੁੰਡੇ ਹਨ ਜਿਹੜੇ ਸਾਧਾਂ ਵਰਗੇ ਕੱਪੜੇ ਪਹਿਨਦੇ ਹਨ। ਖ਼ੈਰ, ਅਸੀਂ ਇਸ ਬਾਰੇ ਖਾਸ ਨੌਕਰਸ਼ਾਹਾਨਾ ਹੁੰਗਾਰੇ ਅਤੇ ਇਸ ਦੇ ਠੰਢੇਪਣ ਤੋਂ ਜਾਣੂ ਹੀ ਹਾਂ ਜੋ ਬੱਸ ਇਹੋ ਕਹਿਣਗੇ: 'ਕਾਨੂੰਨ ਆਪਣਾ ਕੰਮ ਕਰੇਗਾ।' ਸਾਡੇ ਵਿਚੋਂ ਕੁਝ ਚੀਕ ਚੀਕ ਕੇ ਪੁੱਛ ਸਕਦੇ ਹਨ: ਆਖਿ?ਰ ਅਦਾਲਤਾਂ ਕੀ ਕਰ ਰਹੀਆਂ ਹਨ? ਉਂਝ, ਸਾਨੂੰ ਆਪਣੇ ਜ਼ਿੰਦਾ ਹੋਣ ਦਾ ਸਬੂਤ ਦੇਣ ਲਈ ਅਤੇ ਕੁਝ ਸਾਰਥਕ ਕਰਨ ਲਈ ਸਭ ਤੋਂ ਪਹਿਲਾਂ ਆਪਾ-ਪੜਚੋਲ ਕਰਨੀ ਹੋਵੇਗੀ ਅਤੇ ਸਾਨੂੰ ਸਿਆਸੀ/ਸੱਭਿਆਚਾਰਕ/ਮਾਨਸਿਕ ਸਫਾਈ ਦੇ ਅਮਲ ਵਿਚੋਂ ਲੰਘਣਾ ਪਵੇਗਾ।

ਆਓ ਅਸੀਂ ਮੰਨ ਲਈਏ ਕਿ ਅਸੀਂ ਆਪਣਾ ਮਹਾਨ ਸੁਪਨਾ ਗੁਆ ਲਿਆ ਹੈ- ਨਵੇਂ ਭਾਰਤ ਦਾ ਸੁਪਨਾ: ਪੂਰਨ ਆਜ਼ਾਦੀ ਵਾਲੇ, ਉਦਾਰ, ਬਹੁਲਤਾਵਾਦੀ ਅਤੇ ਵਿਤਕਰੇ ਰਹਿਤ ਸਮਤਾਵਾਦੀ ਭਾਰਤ ਦਾ ਸੁਪਨਾ। ਆਜ਼ਾਦੀ ਸੰਘਰਸ਼ ਦੇ ਸਿਧਾਂਤਾਂ ਅਤੇ ਇਸ ਸਭ ਕਾਸੇ ਤੋਂ ਵਧ ਕੇ ਮੁਲਕ ਦੀ ਵੰਡ ਦੇ ਲੱਗੇ ਸਦਮੇ ਤੋਂ ਉਭਰਨ ਅਤੇ ਨਾਲ ਹੀ ਸੱਭਿਆਚਾਰਕ/ਧਾਰਮਿਕ ਵੰਨ-ਸਵੰਨਤਾ ਤੇ ਅਨੇਕਤਾਵਾਦ ਵਾਲੀ ਨਵੀਂ ਸ਼ੁਰੂਆਤ ਕਰਨ ਦੀ ਮਹਾਨ ਖ਼ਾਹਿਸ਼ ਨੇ ਸਾਨੂੰ ਨਵੇਂ ਸਫ਼ਰ ਦਾ ਆਗਾਜ਼ ਕਰਨ ਲਈ ਪ੍ਰੇਰਿਆ। ਅਸੀਂ ਗ਼ਰੀਬ ਜ਼ਰੂਰ ਸਾਂ ਪਰ ਇਸ ਦੇ ਬਾਵਜੂਦ ਅਸੀਂ ਆਪਣੇ ਸੁਪਨਿਆਂ ਨੂੰ ਸੰਭਾਲ ਕੇ ਰੱਖਿਆ। ਸੰਭਵ ਤੌਰ ਤੇ ਸਾਡੇ ਵਿਚੋਂ ਬਹੁਤੇ ਉਦੋਂ ਵੀ ਜਦੋਂ ਅਸੀਂ ਉਸ ਸਭ ਕਾਸੇ ਨਾਲ ਸਹਿਮਤ ਵੀ ਨਹੀਂ ਸਾਂ, ਜਿਸ ਵਿਚ ਮਹਾਤਮਾ ਗਾਂਧੀ ਵਿਸ਼ਵਾਸ ਕਰਦੇ ਸਨ, ਤਾਂ ਵੀ ਅਸੀਂ ਕਦੇ ਨੱਥੂਰਾਮ ਗੌਡਸੇ ਦੀ ਪੂਜਾ ਕਰਨ ਦੇ ਚਾਹਵਾਨ ਨਹੀਂ ਸਾਂ। ਨਾਲ ਹੀ ਗਾਂਧੀ ਦੇ ਮੌਲਾਨਾ ਆਜ਼ਾਦ ਅਤੇ ਜ਼ਾਕਿਰ ਹੁਸੈਨ ਵਰਗੇ ਪੈਰੋਕਾਰਾਂ ਨੇ ਸਦਭਾਵਨਾ ਦੀ ਜਿਸ ਰਵਾਇਤ ਨੂੰ ਸਾਕਾਰ ਰੂਪ ਦਿੱਤਾ, ਉਹ ਸਾਡੇ ਵਿਚੋਂ ਬਹੁਤਿਆਂ ਲਈ ਪ੍ਰੇਰਨਾ ਸਰੋਤ ਸੀ। ਅਸੀਂ ਬਹੁਤ ਸਾਰੇ ਮੁਸਲਮਾਨ ਦੋਸਤਾਂ ਤੇ ਗੁਆਂਢੀਆਂ ਨਾਲ ਰਹਿੰਦਿਆਂ ਵੱਡੇ ਹੋਏ; ਅਸੀਂ ਬਹੁਤ ਸਾਰੇ ਈਸਾਈ ਮਿਸ਼ਨਰੀਆਂ ਅਤੇ ਗ਼ਰੀਬਾਂ ਤੇ ਹਾਸ਼ੀਆਗਤ ਲੋਕਾਂ ਲਈ ਉਨ੍ਹਾਂ ਦੀ ਸਮਰਪਣ ਭਾਵਨਾ ਨੂੰ ਪਿਆਰ ਕਰਦੇ ਸਾਂ; ਮਦਰ ਟੈਰੇਸਾ ਸਾਡੇ ਦਿਲਾਂ ਦੇ ਬਹੁਤ ਕਰੀਬ ਸੀ ਪਰ ਇਸ ਮੁਲਕ ਵਿਚ ਬਸਤੀਵਾਦ ਤੋਂ ਬਾਅਦ ਦੇ ਦੌਰ ਦੌਰਾਨ ਅਸੀਂ ਉਲਝਵੀਂ ਪ੍ਰਕਿਰਿਆ ਵਿਚੋਂ ਗੁਜ਼ਰਦਿਆਂ ਇਨ੍ਹੀਂ ਦਿਨੀਂ ਆਪਣੇ ਮਹਾਨ ਸੁਪਨੇ ਦਾ ਮਜ਼ਾਕ ਉਡਾਉਣਾ ਸ਼ੁਰੂ ਕਰ ਦਿੱਤਾ ਹੈ। ਗੋਡਸੇ ਸਾਡਾ ਨਵਾਂ ਨਾਇਕ ਹੈ; ਵੀਰ ਸਾਵਰਕਰ ਨੇ ਹੁਣ ਨਹਿਰੂ ਨੂੰ ਪਛਾੜ ਦਿੱਤਾ ਹੈ; ਹੁਣ ਅਸੀਂ ਗਾਂਧੀਵਾਦੀ ਸਮਾਜਵਾਦ, ਨਹਿਰੂਵਾਦੀ ਧਰਮ ਨਿਰਪੱਖਤਾ ਅਤੇ ਟੈਗੋਰ ਦੀ ਭਾਰਤ ਨੂੰ ਸਮੁੰਦਰ ਵਰਗੀ ਤਹਿਜ਼ੀਬ ਵਾਂਗ ਦੇਖਣ ਦੀ ਸੋਚ ਨੂੰ ਠਿੱਠ ਕਰਦੇ ਹਾਂ। ਇਸ ਦੀ ਥਾਂ ਅਸੀਂ ਚਮਕੀਲੇ ਵਿਕਾਸਵਾਦੀ ਤੇ ਖ਼ਪਤਕਾਰੀ ਦੌਰ ਵਿਚ ਵੀ ਲੜਾਕੇ ਰਾਸ਼ਟਰਵਾਦ, ਜ਼ੋਰ-ਜਬਰ ਵਾਲੇ ਹਿੰਦੂਤਵ ਅਤੇ ਇਸ ਦੇ ਬਦਲਾਖੋਰੀ ਵਾਲੇ ਮਨੋਵਿਗਿਆਨ ਦੇ ਜਸ਼ਨ ਮਨਾ ਰਹੇ ਹਾਂ।

ਦੂਜਾ, ਹਿੰਦੂ ਧਰਮ ਦੇ ਵਿਆਪਕ ਸੱਭਿਆਚਾਰ ਵਾਲੇ ਸੁਭਾਅ ਨੂੰ ਦੇਖਣਾ ਜ਼ਰੂਰੀ ਹੈ; ਜਿਵੇਂ ਲਗਾਤਾਰ ਸਿਰਜੇ ਅਤੇ ਜ਼ਹਿਰੀਲੇ ਸੋਸ਼ਲ ਮੀਡੀਆ ਰਾਹੀਂ ਫੈਲਾਏ ਜਾ ਰਹੇ 'ਜੈ ਸ਼੍ਰੀ ਰਾਮ' ਦੇ ਸ਼ੋਰ ਵਰਗੇ ਇਸ਼ਾਰੇ, ਨਾਲ ਹੀ ਮਥੁਰਾ, ਕਾਸ਼ੀ ਤੇ ਅਯੁੱਧਿਆ ਉਤੇ ਕੇਂਦਰਿਤ ਸਥੂਲ ਭਾਵਨਾਵਾਂ ਅਤੇ 'ਦੇਸ਼ ਕੇ ਗ਼ੱਦਾਰੋਂ ਕੋ ਗੋਲੀ ਮਾਰੋ...' ਵਰਗੇ ਨਾਅਰਿਆਂ ਨੂੰ ਮਕਬੂਲ ਬਣਾਇਆ ਜਾਣਾ ਆਦਿ। ਹਿੰਦੂ ਧਰਮ ਦਾ ਇਹ ਜਨ ਸੱਭਿਆਚਾਰ ਧਿਆਨ ਤੇ ਅਧਿਆਤਮਕਤਾ ਦੇ ਮਾਮੂਲੀ ਜਿਹੇ ਮੰਥਨ ਤੋਂ ਵੀ ਵਿਰਵਾ ਹੈ ਜਿਵੇਂ ਉਪਨਿਸ਼ਦ ਅਲੌਕਿਕਤਾ ਤੇ ਅਨੰਤਤਾ ਦੀ ਖੋਜ ਉਤੇ ਧਿਆਨ ਧਰਦੇ ਹਨ; ਜਾਂ ਨਰਾਇਣ ਗੁਰੂ ਅਤੇ ਕਬੀਰ ਸਾਨੂੰ ਖੋਖਲੇ ਕਰਮ-ਕਾਂਡਾਂ ਅਤੇ ਪੁਰੋਹਿਤਾਂ ਦੇ ਜ਼ੁਲਮਾਂ ਤੋਂ ਪਰੇ ਲੈ ਜਾਣਾ ਚਾਹੁੰਦੇ ਹਨ। ਇਸ ਦੀ ਥਾਂ ਦਿਖਾਵਟੀ ਕਰਮ-ਕਾਂਡਾਂ, ਸ਼ਾਨਦਾਰ ਮੰਦਰਾਂ ਦੀ ਉਸਾਰੀ, ਸਥਾਪਤੀ ਹਮਾਇਤੀ ਨਵੇਂ ਦੌਰ ਦੇ ਬਾਬਿਆਂ ਦਾ ਖੁੰਬਾਂ ਵਾਂਗ ਪੈਦਾ ਹੋਣਾ ਅਤੇ ਇਸ ਸਭ ਕਾਸੇ ਤੋਂ ਉਤਾਂਹ ਮੁਸਲਮਾਨਾਂ ਅਤੇ ਹੋਰਨਾਂ ਘੱਟਗਿਣਤੀਆਂ ਨੂੰ ਬਹੁਤ ਹੀ ਖ਼ਤਰਨਾਕ ਬਣਾ ਕੇ ਪੇਸ਼ ਕਰਨਾ, ਇਸ ਸੱਭਿਆਚਾਰਕ ਸਿਆਸਤ ਦੀ ਖ਼ੂਬੀ ਬਿਆਨਦੇ ਹਨ। ਇਹ ਕਿਸੇ ਵੀ ਤਰ੍ਹਾਂ ਮਜ਼ਹਬੀ ਕੱਟੜਤਾ ਦੇ ਕਿਸੇ ਹੋਰ ਰੂਪ ਤੋਂ ਵੱਖ ਨਹੀਂ। ਇਹ ਘਟੀਆ, ਕਾਮੁਕ, ਸੌਂਦਰਯ ਪੱਖੋਂ ਨੀਰਸ ਅਤੇ ਅਧਿਆਤਮਕ ਤੌਰ ਤੇ ਬਿਲਕੁਲ ਬੇਜਾਨ ਹੈ। ਜਿਉਂ ਜਿਉਂ ਅਸੀਂ ਇਸ ਸੱਭਿਆਚਾਰ ਵਿਚ ਸਾਹ ਲੈਂਦੇ ਹਾਂ, ਇਸ ਨੂੰ ਆਮ ਵਰਤਾਰਾ ਬਣਾਉਂਦੇ ਹਾਂ ਤਾਂ ਸਭ ਕੁਝ ਸੰਭਵ ਹੁੰਦਾ ਜਾਂਦਾ ਹੈ- ਗਊ ਰੱਖਿਆ ਚੌਕਸੀ, ਹਜੂਮੀ ਕਤਲ, ਨਫ਼ਰਤੀ ਤਕਰੀਰਾਂ ਤੇ ਔਰਤਾਂ ਦੀ ਬੇਇਜ਼ਤੀ।

ਤੀਜਾ, ਕੋਈ ਵੀ ਸਮਝਦਾਰ ਦਰਸ਼ਕ ਇਹੋ ਕਹੇਗਾ ਕਿ ਇਸ ਸੱਭਿਆਚਾਰ ਨੂੰ ਭਾਰੂ ਸਿਆਸੀ ਜਮਾਤ ਹੁਲਾਰਾ ਦੇ ਰਹੀ ਹੈ ਤੇ ਪਿਆਰਿਆ-ਦੁਲਾਰਿਆ ਜਾ ਰਿਹਾ ਹੈ, ਚੁੱਪ-ਚਾਪ ਵੀ ਤੇ ਜ਼ਾਹਰਾ ਤੌਰ ਤੇ ਵੀ; ਜਿਵੇਂ ਹਿੰਦੂਤਵ ਜੋ ਲੜਾਕੇ ਰਾਸ਼ਟਰਵਾਦ ਦਾ ਤਾਨਾਸ਼ਾਹੀ ਵਿਖਿਆਨ ਹੈ, ਜ਼ੋਰ-ਜਬਰ ਵਾਲਾ ਬਣਨ ਵੱਲ ਰੁਚਿਤ ਹੁੰਦਾ ਹੈ, ਇਥੋਂ ਤੱਕ ਕਿ ਵਿਰੋਧੀ ਪਾਰਟੀਆਂ ਵੀ, ਕੁਝ ਅਪਵਾਦਾਂ ਨੂੰ ਛੱਡ ਕੇ, ਇਸ ਸੱਭਿਆਚਾਰਕ ਅਤੇ ਮਨੋਵਿਗਿਆਨਕ ਪਤਨ ਖਿ?ਲਾਫ਼ ਕੋਈ ਤਿੱਖੀ ਅਤੇ ਪ੍ਰਮਾਣਿਕ ਆਲੋਚਨਾ ਸਿਰਜਣ ਵਿਚ ਨਾਕਾਮ ਰਹਿੰਦੀਆਂ ਹਨ। ਜੋ ਲੋਕ ਅਜੇ ਵੀ ਸੱਭਿਆਚਾਰਕ ਤਾਲਮੇਲ, ਧਰਮ ਨਿਰਪੱਖ ਤੇ ਜੀਵੰਤ ਸੱਭਿਅਕ ਸਮਾਜ, ਆਲੋਚਨਾਤਮਕ ਤੇ ਉਦਾਰ ਸਿੱਖਿਆ ਸ਼ਾਸਤਰ ਅਤੇ ਮਨੁੱਖੀ ਚੇਤਨਾ ਦੇ ਖੁੱਲ੍ਹੇਪਣ ਦਾ ਸੁਪਨਾ ਦੇਖਦੇ ਤੇ ਇਸ ਲਈ ਜੂਝਦੇ ਹਨ, ਉਨ੍ਹਾਂ ਨੂੰ ਆਦਰਸ਼ਵਾਦੀ ਕਰਾਰ ਦੇ ਕੇ ਹਾਸ਼ੀਏ ਉਤੇ ਧੱਕ ਦਿੱਤਾ ਜਾਂਦਾ ਹੈ, ਬੇਇਜ਼ਤ ਕੀਤਾ ਜਾਂਦਾ ਹੈ, ਮਜ਼ਾਕ ਉਡਾਇਆ ਜਾਂਦਾ ਹੈ ਜਾਂ ਫਿਰ ਉਨ੍ਹਾਂ ਨੂੰ ਦੇਸ਼ ਵਿਰੋਧੀ ਸਾਜਿ?ਸ਼ਕਾਰਾਂ ਦੇ ਰੂਪ ਵਿਚ ਨਿੰਦਿਆ ਜਾਂਦਾ ਹੈ। ਇਹ ਜ਼ਹਿਰੀਲਾ ਸੱਭਿਆਚਾਰ ਕੈਂਸਰ ਰੂਪੀ ਹੈ; ਦਰਅਸਲ ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਇਸ ਨੇ ਕੁੱਲ ਮਿਲਾ ਕੇ ਹਰ ਅਦਾਰੇ ਵਿਚ ਜ਼ਹਿਰ ਘੋਲ ਦਿੱਤਾ ਹੈ। ਇਸ ਸਾਡਾ 'ਵਾਜਬੀਅਤ ਸੰਕਟ' ਦਾ ਨਮੂਨੇ ਦਾ ਮਾਮਲਾ ਹੈ।

# ਕਾਗਜ਼ੀ ਵਿਚੋਲਪੁਣਾ

### ਲੜਕੇ- ਲੜਕੀ ਦੀ ਲੋੜ
ਕਨੇਡੀਅਨ ਪੀ ਆਰ ਜੱਟ ਸਿੱਖ ਚੀਮਾਂ ਪਰਿਵਾਰ ਦੇ ਲੜਕੇ, ਜਨਮ 1990, ਵਧੀਆ ਕੰਮਕਾਰ,ਪਰਿਵਾਰ ਕਨੇਡਾ ਸੈਟਲ ਹੈ । ਇਸੇ ਹੀ ਪਰਿਵਾਰ ਦੀ ਪੰਜਾਬ ਰਹਿੰਦੀ ਲੜਕੀ ਉਮਰ 33 ਸਾਲ , ਵਿਦਿਅਕ ਯੋਗਤਾ ਬੀ ਏ , ਕੱਦ 5 ਫੁੱਟ 6 ਇੰਚ ਲਈ ਲਈ ਰਿਸ਼ਤਿਆਂ ਦੀ ਲੋੜ ਹੈ । ਸੰਪਰਕ: 587 433 0213 ਜਾਂ 587 581 1313 ***193***

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ ,ਜੱਟ ਸਿੱਖ ਸੰਧੂ ਪਰਿਵਾਰ ਦੇ ਲੜਕੇ ਉਮਰ 36 ਸਾਲ, ਕੱਦ 5 ਫੁੱਟ 10 ਇੰਚ, ਈ ਟੀ ਐਸ ਡਰਾਈਵਰ ,ਸੈਲਰੀ 90,000 ਕਨੇਡੀਅਨ ਡਾਲਰ ਕਮਾਉਂਦੇ ਲੜਕੇ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1 514 570 8102 ਜਾਂ 780 975 4410 ***193***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ, ਜੱਟ ਸਿੱਖ ਗਰਚਾ ਪਰਿਵਾਰ ਦੇ ਲੜਕੇ ਜਿਸ ਕੋਲ ਆਪਣਾ ਖੁਦ ਦਾ ਘਰ ਹੈ, ਉਮਰ 32 ਸਾਲ,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਇਲੈਕਟਰੀਸਨ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਲੜਕੇ ਦਾ ਆਪਣਾ ਬਿਜਨਿਸ ਹੈ। ਵਿਜਟਰ ਜਾਂ ਵਰਕ ਪਰਮਿਟ ਉਪਰ ਲੜਕੀ ਵੀ ਸੰਪਰਕ ਕਰ ਸਕਦੀ ਹੈ । ਲੜਕੀ ਦੀ ਉਮਰ 25 ਸਾਲ ਤੋਂ ਉਪਰ ਹੋਵੇ। ਸੰਪਰਕ: 403 615 0583 ***199***

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ ਸਿੰਘ ਪਰਿਵਾਰ ਦੇ ਤਲਾਕ ਸੁ਼ਦਾ, ਆਪਣਾ ਟਰਾਂਸਪੋਰਟ ਦਾ ਬਿਜਨਿਸ ਕਰਦੇ ਲੜਕੇ ਉਮਰ 38 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ ਬੀ ਐਸ ਸੀ ਡਿਗਰੀ ਹੋਲਡਰ ਲਈ ਗੁਰਸਿੱਖ ਵਿਚਾਰਾਂ ਵਾਲੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਵਿਧਵਧ ਜਾਂ ਸਿੰਗਲ ਜਾਂ ਡਿਵੋਰਸ ਉਮਰ 31 ਸਾਲ ਤੋਂ 36 ਸਾਲ ਦੇ ਲੱਗਭੱਗ ਹੋਵੇ । ਇਸ ਫੋਨ 306 514 7590 ਜਾਂ ਈ ਮੇਲ rockygs17@gmail.com ਉਪਰ ਸੰਪਰਕ ਕਰ ਸਕਦੇ ਹੋ । ***192***

### ਲੜਕੀ ਦੀ ਲੋੜ
ਇੰਡੀਆ ਰਹਿੰਦੇ ਮੰਡਾਹਰ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 26 ਸਾਲ, ਕੱਦ 6 ਫੁੱਟ 1 ਇੰਚ, ਵਿਦਿਅਕ ਯੋਗਤਾ ਬੀ ਬੀ ਏ,ਆਪਣਾ ਖੁਦ ਦਾ ਬਿਜਨਿਸ ਚਲਾ ਰਹੇ ਲਈ,ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ, ਵਿਜਟਿਰ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਵੱਡਾ ਭਰਾ ਕਨੇਡਾ ਪੱਕੇ ਤੌਰ ਤੇ ਸੈਟਲ ਹੈ ਜੋ ਵਿਆਹ ਉਪਰੰਤ ਲੜਕੇ ਨੂੰ ਸੈਟਲ ਹੋਣ ਲਈ ਮੱਦਦ ਵੀ ਕਰ ਸਕਦਾ ਹੈ। ਕਾਲ: 403 681 7586 ***190***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ, ਜੱਟ ਸਿੱਖ ਗਿੱਲ ਲੜਕਾ,ਉਮਰ 31 ਸਾਲ, ਕੱਦ ਫੁੱਟ 11 ਇੰਚ ਵਿਦਿਅਕ ਯੋਗਤਾ ਮਾਸਟਰ ਆਫ ਕੰਪਿਊਟਰ ਐਪਲੀਕੇਸ਼ਨ ਅਤੇ ਸੇਟ ਕਾਲਿਜ ਕੈਲਗਰੀ ਤੋਂ ਆਈ ਟੀ ਸਰਟੀਫਿਕੇਸ਼ਨ ਕੀਤੀ ਹੋਈ ਹੈ, ਲਈ ਚੰਗੇ ਰਿਸ਼ਤੇ ਦੀ ਲੋੜ ਹੈ, ਵਰਕ ਪਰਮਿਟ ਤੇ ਸਟੂਡੈਂਟ ਆਈ ਲੜਕੀ ਵੀ ਸੰਪਰਕ ਕਰ ਸਕਦੇ ਹਨ। ਕਾਲ: 587-323-3024, ਜਾਂ ਈਮੇਲ: rmgill0231@gmail.com ***188***

### ਲੜਕੀ ਦੀ ਲੋੜ
ਕੈਨੇਡੀਅਨ ਸਿਟੀਜ਼ਨ ਤਲਾਕਸ਼ੁਦਾ ਲੜਕਾ, ਉਮਰ 42 ਸਾਲ, ਕੱਦ 5'- 11" ਲਈ ਯੋਗ ਅਤੇ ਪਰਿਵਾਰਕ ਕੈਨੇਡਾ ਵਸਨੀਕ ਜਾਂ ਵਰਕ ਪਰਮਿਟ ਵਾਲੀ ਲੜਕੀ ਦੀ ਲੋੜ ਹੈ। ਸੰਪਰਕ:- 306-400-1004 ***188***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ, ਜੱਟ ਸਿੱਖ ਸਾਧੜਾ ਪਰਿਵਾਰ ਦੇ ਕਲੀਨ ਸੇਵ, ਤਲਾਕ ਸੁਦਾ, ਲੜਕੇ ਉਮਰ 46 ਸਾਲ ,ਕੱਦ 5 ਫੁੱਟ 7 ਇੰਚ ,ਵਿਦਿਅਕ ਯੋਗਤਾ ਬੀ ਏ ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਕੋਲ ਇੰਗਲੈਂਡ ਦੀ ਸਿਟੀਜਨਸਿੱਪ ਵੀ ਹੈ ਅਤੇ ਹੁਣ ਕਨੇਡਾ ਵਿੱਚ ਟਰੱਕਿੰਗ ਇੰਡਸਟਰੀ ਵਿੱਚ ਨੌਕਰੀ ਕਰਦਾ ਹੈ। ਬਿਨਾ ਬੱਚੇ ਤੋਂ ਵਰਕ ਪਰਮਿਟ ਜਾਂ ਵਿਜਟਿਰ ਵੀਜੇ ਉੱਪਰ ਕਨੇਡਾ ਰਹਿੰਦੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਸੰਪਰਕ: 1 306 881 1650 ***192***

### ਲੜਕੀ ਦੀ ਲੋੜ
ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਵਿਜੀਟਰ ਵੀਜੇ ਉੱਪਰ ਕਨੇਡਾ ਆਏ ਲੜਕੇ ਉਮਰ 31 ਸਾਲ, ਕੱਦ 6 ਫੁੱਟ ਲਈ ਹਾਣ-ਪਰਵਾਣ ਦੀ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਵਿੱਚ ਵੈੱਲ ਸੈੱਟਲਡ ਹੈ । ਲੜਕਾ ਇੰਡੀਆ ਵਿੱਚ ਸਰਕਾਰੀ ਨੌਕਰੀ ਕਰਦਾ ਹੋਇਆ ਆਇਆ ਹੈ। ਸੰਪਰਕ-: +1 204-951-6503,+1 431-374-4686 ***191***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ਰਾਮਗੜੀਆ ਸਿੱਖ ਪਰਿਵਾਰ ਦੇ ਲੜਕੇ ਉਮਰ 32 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ : Masters in food science ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਕਨੇਡਾ ਵਿੱਚ ਹੀ ਰਹਿੰਦੀ ਲੜਕੀ ਨੂੰ ਪਹਿਲ । ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਸੰਪਰਕ: 403 404 0022, 403 470 4136***191***

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ ਜੱਟ ਸਿੱਖ ਗਿੱਲ ਪਰਿਵਾਰ ਦੀ ਤਲਾਕ ਸੁਦਾ ਲੜਕੀ ਉਮਰ 37 ਸਾਲ, ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ ਬੀ ਏ ,ਬਿਊਟੀਸ਼ਨ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੇ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੋਲ 10 ਸਾਲ ਦਾ ਬੇਟਾ ਵੀ ਹੈ। ਤਲਾਕਸੁਦਾ ਬੱਚੇ ਵਾਲਾ ਵੈਲ ਸੈਟਲਡ ਲੜਕਾ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 1 (403) 606-4767 ***191***

### ਲੜਕੀ ਦੀ ਲੋੜ
ਸ਼ਰਮਾ ਪਰਿਵਾਰ ਦੇ ਇੰਡੀਆ ਰਹਿੰਦੇ ਪਿਊਰ ਵੈਜੀਟੇਰੀਅਨ ਮੰਗਲੀਕ ( 9 ਦਸੰਬਰ 1991) ਲੜਕੇ ਉਮਰ 30 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ ਗਰੈਜੂਏਟ,ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ । ਲੜਕੇ ਦੀ ਭੈਣ ਕਨੇਡਾ ਵਿਆਹੀ ਹੋਈ ਹੈ ਅਤੇ ਪੱਕੇ ਤੌਰ ਤੇ ਕਨੇਡਾ ਸੈਟਲ ਹੈ । ਸੰਪਰਕ: ਵਟਸਐਪ: 8725973226 ਜਾਂ 1 780 245 4555***191***

### ਲੜਕੀ ਦੀ ਲੋੜ
ਜੱਟ ਸਿੱਖ ਗਿੱਲ ਪਰਿਵਾਰ ਦੇ ਕਨੇਡੀਅਨ ਪੀ ਆਰ ਲੜਕੇ ਉਮਰ 29 ਸਾਲ ,ਕੱਦ 5 ਫੁੱਟ 10 ਇੰਚ,ਆਟੋ ਮੋਬਾਈਲ ਇੰਜੀਨੀਅਰ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਇਸ ਵੇਲੇ ਆਟੋਮੋਬਾਇਲ ਟੈਕਨੀਸ਼ੀਅਨ ਦੀ ਜੌਬ ਕਰ ਰਿਹਾ ਹੈ । ਮਾਲਵਾ ਇਲਾਕੇ ਨੂੰ ਪਹਿਲ । ਵਟਸ ਐਪ ਸੰਪਰਕ : 306 515 3985***191***

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਤਲਾਕ ਸੁਦਾ ਲੜਕੀ ਉਮਰ 38, ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ ਬੀ ਏ , ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਲੜਕੀ ਕੋਲ 4 ਸਾਲ ਦਾ ਬੇਟਾ ਹੈ। ਵਰਕ ਪਰਮਿਟ ,ਵਿਜਟਿਰ ਵੀਜੇ ਵਾਲੇ ਵੀ ਸੰਪਰਕ ਕਰ ਸਕਦੇ ਹਨ। ਕਨੇਡੀਅਨ ਪੀ ਆਰ ਜਾਂ ਸਿਟੀਜਨ ਤਲਾਕ ਸੁਦਾ ਲੜਕਾ ਜਿਹਨਾਂ ਦੇ ਭਾਵੇ ਕੋਈ ਬੱਚਾ ਵੀ ਹੋਵੇ ਉਹ ਵੀ ਸੰਪਰਕ ਕਰ ਸਕਦੇ ਹਨ। ਕਾਲ: 1 825 735 4706 ***191***

### ਲੜਕੀ ਦੀ ਲੋੜ
ਪੰਜਾਬ ਰਹਿੰਦੇ ਜੱਟ ਸਿੱਖ ਪਰਿਵਾਰ ਦੇ ਨਸ਼ਾ ਰਹਿਤ ਲੜਕੇ ਉਮਰ 35 ਸਾਲ ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਪਲੱਸ ਟੂ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਭੈਣ ਕਨੇਡੀਅਨ ਪੀ ਆਰ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ ਹੈ। ਤਲਾਕ ਸੁਦਾ ਵੀ ਸੰਪਰਕ ਕਰ ਸਕਦੇ ਹਨ। 1 825 735 4706***191***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ,ਨਸ਼ਾ ਰਹਿਤ, ਜੱਟ ਸਿੱਖ ਪਰਿਵਾਰ ਦੇ ਲੜਕੇ (ਸਾਰਟ ਮੈਰਿਜ ਡਿਵੋਰਸ) ਉਮਰ 45 ਸਾਲ, ਕੱਦ 5 ਫੁੱਟ 7 ਇੰਚ ਵਿਦਿਅਕ ਯੋਗਤਾ ਪਲੱਸ 2, ਲਈ 35 ਤੋਂ 43 ਸਾਲ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ,ਵਿਜਟਿਰ ਵੀਜਾ, ਡਿਵੋਰਸ ਅਤੇ ਬੱਚੇ ਸਮੇਤ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 587 707 3254 ***191***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ, ਜੱਟ ਸਿੱਖ ਸੰਧੂ ਪਰਿਵਾਰ ਦੇ ਲੜਕੇ, ਉਮਰ 28 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ ਮਕੈਨੀਕਲ ਇੰਜੀਨੀਅਰ ਲਈ ਕਨੇਡਾ ਤੋਂ ਹੀ ਪੜੀ ਲਿਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਕੱਦ 5 ਫੁੱਟ 6 ਇੰਚ ਤੋਂ ਲੈਕੇ 5 ਫੁੱਟ 9 ਇੰਚ ਦੇ ਵਿਚਕਾਰ ਹੋਵੇ । ਬੀ ਐਸ ਸੀ ਨਰਸਿੰਗ ਤੇ ਮਾਲਵਾ ਇਲਾਕੇ ਨੂੰ ਪਹਿਲ। ਲੜਕੇ ਦਾ ਸਾਰਾ ਪਰਿਵਾਰ ਕੈਲਗਰੀ (ਕਨੇਡਾ) ਸੈਟਲ ਹੈ। ਸੰਪਰਕ: 587 619 4311 ਜਾਂ ਵਟਸ ਐਪ 91 94642 68716 ***190***

### ਲੜਕੀ ਦੀ ਲੋੜ
ਗਰੇਵਾਲ ਜੱਟ ਸਿੱਖ ਪਰਿਵਾਰ ਦੇ ਕਨੇਡਾ ਵਰਕ ਪਰਮਿਟ ਉੱਪਰ ਆਏ ਲੜਕੇ, ਉਮਰ 31 ਸਾਲ, ਕੱਦ 5 ਫੁੱਟ 7 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਵਰਕ ਪਰਮਿਟ ਜਾਂ ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਭਰਾ ਕਨੇਡਾ ਪੱਕੇ ਤੌਰ ਤੇ ਸੈਟਲ ਹੈ ਜੋ ਕਿ ਲੜਕੇ ਨੂੰ ਸੈਟਲ ਹੋਣ ਤੇ ਆਰਥਿਕ ਤੌਰ ਤੇ ਮੱਦਦ ਵੀ ਕਰ ਸਕਦਾ ਹੈ। ਸੰਪਰਕ : 1 604 368 6214 ਜਾਂ 1 236 788 4632 ***190***

### ਲੜਕੀ ਦੀ ਲੋੜ
ਪੜੇ ਲਿਖੇ ਮਹਾਸਾ ਪਰਿਵਾਰ ਦੇ ਪੁਰਤਗਾਲ ਵਿੱਚ ਪੱਕੇ ਤੌਰ ਤੇ ਰਹਿ ਰਹੇ ਲੜਕੇ ਉਮਰ 32 ਸਾਲ , ਜਿਸ ਨੇ ਬੀ ਟੈਕ ਪੰਜਾਬ ਤੋਂ ਅਤੇ ਐਮ ਟੈਕ ਯੂਰਪ ਤੋਂ ਕੀਤੀ ਹੈ, ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸਤੇ ਦੀ ਲੋੜ ਹੈ । ਮਾਝੇ ਨੂੰ ਪਹਿਲ। ਕੋਈ ਜਾਤੀ ਬੰਧਨ ਨਹੀਂ ਹੈ। ਵਟਸਐਪ ਸੰਪਰਕ: 1 780 850 7078 ਜਾਂ 91 94 17430798 **185**

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ਜੱਟ ਸਿੱਖ ਬਰਾੜ ਪਰਿਵਾਰ ਦੇ ਸੋਹਣੇ ਸੁਨੱਖੇ ਐਡਮੰਟਨ ਵਿੱਚ ਚੰਗੀ ਜੌਬ ਕਰ ਰਹੇ ਲੜਕੇ ,ਜਨਮ 1988,ਕੱਦ 5 ਫੁੱਟ 10 ਇੰਚ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 780 762 4646 ***189***

### ਲੜਕੇ ਦੀ ਲੋੜ
ਸ਼ਰਮਾ ਪਰਿਵਾਰ ਦੀ ਇੰਡੀਆ ਰਹਿ ਰਹੀ ਤਲਾਕਸ਼ੁਦਾ ਲੜਕੀ ਉਮਰ 27 ਸਾਲ, ਕੱਦ 5 ਫੁੱਟ 6 ਇੰਚ, ਵਿਦਿਅਕ ਯੋਗਤਾ ਬੀ ਐਸ ਸੀ ਨਰਸਿੰਗ ਲਈ ਕਨੇਡਾ ਜਾਂ ਅਮਰੀਕਾ ਤੋਂ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੋਲ ਪਹਿਲੇ ਵਿਆਹ ਦਾ 4 ਸਾਲ ਦਾ ਬੇਟਾ ਵੀ ਹੈ । ਸੰਪਰਕ: 587 433 1218 ***189***

### ਲੜਕੇ ਦੀ ਲੋੜ
ਇੰਡੀਆ ਰਹਿ ਰਹੀ ਰਵੀਦਾਸੀਆ ਸਿੱਖ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਉਮਰ 28 ਸਾਲ, ਕੱਦ 5 ਫੁੱਟ 5 ਇੰਚ, ਵਿਦਿਅਕ ਯੋਗਤਾ :ਜੀ ਐਨ ਐਮ ਨਰਸਿੰਗ,ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ ਹੈ। ਤਲਾਕਸੁਦਾ ਵੀ ਸੰਪਰਕ ਕਰ ਸਕਦੇ ਹਨ। ਕਾਲ: 587 889 5313 ***189***

### ਲੜਕੇ ਦੀ ਲੋੜ
ਕਨੇਡਾ ਸਟੂਡੈਂਟ ਆਈ ਪਰ ਹੁਣ ਪੋਸਟ ਗਰੈਜੂਏਟ ਵਰਕ ਪਰਮਿਟ ਉੱਪਰ ਬਦੇਸਾ ਪਰਿਵਾਰ ਦੀ ਲੜਕੀ ਉਮਰ 31 ਸਾਲ, ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ ਐਮ ਐਸ ਸੀ , ਐਮ ਐਡ ਲਈ ਕਨੇਡਾ ਤੋਂ ਹੀ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 91 9855391591 Or e mail : saabbadesha@gmail.com ***189***

### ਲੜਕੇ ਦੀ ਲੋੜ
ਜੱਟ ਸਿੱਖ ਗਿੱਲ ਪਰਿਵਾਰ ਦੀ ਇੰਡੀਆ ਵਿੱਚ ਰਹਿੰਦੀ ਸੋਹਣੀ ਸੁਨੱਖੀ ਲੜਕੀ ਉਮਰ 37 ਸਾਲ, ਕੱਦ 5 ਫੁੱਟ 5 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਨੇ ਪਲੱਸ ਟੂ ਤੋਂ ਬਾਦ ਆਈ ਟੀ ਆਈ ਸਿਲਾਈ ਕਢਾਈ ਦਾ ਡਿਪਲੋਮਾਂ ਕੀਤਾ ਹੋਇਆ ਹੈ। ਲੜਕੀ ਦਾ ਭਰਾ ਕਨੇਡਾ ਵੈੱਲ ਸੈਟਲਡ ਹੈ। ਕੋਈ ਜਾਤੀ ਭੇਦਭਾਵ ਨਹੀਂ, ਤਲਾਕਸੂਦਾ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ: 1 647 327 0556 ਜਾਂ 437 213 6387 ***188***

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ , ਵਿਦਿਅਕ ਯੋਗਤਾ ਬੀ ਏ,ਉਮਰ 40 ਸਾਲ, ਕੱਦ 5 ਫੁੱਟ 10 ਇੰਚ, ਤਲਾਕਸੁਦਾ ਲੜਕੇ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਵਿਜਟਿਰ ਵੀਜੇ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਸੰਪਰਕ: 1 825 439 9000 ਈ ਮੇਲ: Harpreet88b@gmail.com ***188***

### ਲੜਕੀ ਦੀ ਲੋੜ
ਆਸਟਰੇਲੀਅਨ ਪੀ ਆਰ ਸ਼ਰਮਾ ਪਰਿਵਾਰ ਦੇ ਸੋਹਣੇ ਸੁਨੱਖੇ, ਨਾਨ ਡਰਿੰਕਰ, ਨਾਨ ਸਮੋਕਰ,ਲੜਕੇ ,ਉਮਰ 32 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਡਿਪਲੋਮਾਂ ਇਨ ਅਕਾਊਂਟਿੰਗ, ਲਈ ਹਾਣ ਪਰਵਾਣ ਦੀ ਕਨੇਡੀਅਨ ਪੀ ਆਰ, ਸਿਟੀਜਨ ਜਾਂ ਸਟੂਡੈਂਟ ਵੀਜਾ ਵਾਲੀ ਲੜਕੀ ਦੇ ਰਿਸਤੇ ਦੀ ਭਾਲ ਹੈ। ਲੜਕੇ ਦਾ ਪਰਿਵਾਰ ਕਨੇਡਾ ਸੈਟਲ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ ਹੈ। ਕਾਲ: (403) 890-7020 ***188***

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ ਜੱਟ ਸਿੱਖ ਸੰਧੂ ਪਰਿਵਾਰ ਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 5 ਇੰਚ, ਬਿਜਨਿਸ ਐਡਮਿਨਿਸਟਰੇਸ਼ਨ ਫਾਇਨੈਂਸ ਡਿਪਲੋਮਾ ਹੋਲਡਰ ਲਈ ਕਨੇਡਾ ਜਾਂ ਅਮਰੀਕਾ ਤੋਂ ਹੀ ਹਾਣ ਪਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਨਾਮਵਰ ਫਾਇਨੈਂਸ ਕੰਪਨੀ ਵਿੱਚ ਜੌਬ ਕਰ ਰਹੀ ਹੈ। ਵਿਜਟਿਰ ਜਾਂ ਵਰਕ ਪਰਮਿਟ ਵਾਲੇ ਸੰਪਰਕ ਨਾ ਕਰਨ । ਸੰਪਰਕ: 1 825 365 9343 ***188***

### ਲੜਕੇ ਦੀ ਲੋੜ
ਇੰਡੀਆ ਰਹਿ ਰਹੀ ਚੰਗੇ ਪੜੇ ਲਿਖੇ ਐਸ ਸੀ ਪਰਿਵਾਰ ਵਿੱਚੋਂ ਕਲਾਸ ਵਨ ਅਫਸਰ ਦੀ ਧੀ, ਉਮਰ 33 ਸਾਲ ,ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ: ਬੀ ਐਡ, ਡਬਲ ਐਮ ਏ ਹਿੰਦੀ ਅਤੇ ਇੰਗਲਿਸ਼,ਪੀ ਜੀ ਡੀ ਸੀ ਏ,ਸੋਹਣੀ ਸੁਨੱਖੀ ਲੜਕੀ ਲਈ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ , ਸਿਟੀਜਨ ਜਾਂ ਇੰਡੀਆ ਵਿੱਚ ਚੰਗੀ ਜੌਬ ਜਾਂ ਬਿਜਨਿਸ ਕਰਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਭੈਣ ਕਨੇਡਾ ਪੱਕੇ ਤੌਰ ਤੇ ਸੈਟਲ ਹੈ। ਸੰਪਰਕ: 306 737 9272 ਜਾਂ 306 737 9328 ਈ ਮੇਲ : Singhmonika651@gmail.com ***188***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ਮਜਬੀ ਸਿੱਖ ਸਹੋਤਾ ਪਰਿਵਾਰ ਦੇ ਲੜਕੇ ਉਮਰ 28 ਸਾਲ ,ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ ਡੈਂਟਲ ਹਾਈਜੀਨ ਡਿਪਲੋਮਾਂ ਹੋਲਡਰ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਬੀ ਐਸ ਸੀ ਨਰਸਿੰਗ ਵਾਲੀ ਲੜਕੀ ਨੂੰ ਪਹਿਲ । ਲੜਕੇ ਨੇ ਕਨੇਡਾ ਬਿਜਨਿਸ ਮੈਨੇਜਮੈਂਟ ਦਾ ਡਿਪਲੋਮਾਂ ਕੀਤਾ ਹੋਇਆ ਹੈ ਅਤੇ ਇਸ ਵੇਲੇ ਟਰਾਂਸਪੋਰਟ ਦੇ ਕਿੱਤੇ ਵਿੱਚ ਸਫਲ ਬਿਜਨਿਸਮੈਨ ਹੈ। ਸਾਦਾ ਵਿਆਹ, ਸਟੂਡੈਂਟ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਹੀ ਸੈਟਲ ਹੈ। 1 306 807 4758 ***188***

### ਲੜਕੇ ਦੀ ਲੋੜ
Respectable, well established, Jatt Sikh parents seeking a suitable match for their daughter, 29 yrs. old, 5'-3" tall, Canadian PR, Master's in Applied Sciences from University of Calgary, well settled as Engineer/ Analyst in Chilliwack (BC), very beautiful and family oriented. The boy should be Canadian PR/Citizen, educated from Canada/North America (Bachelor/ Master/Doctorate), smart, handsome, good looking, with modern values Jatt Sikh. Please email recent picture and biodata to: basketfiree@gmail.com or call: 1-778-539-7001 ***188***

### ਲੜਕੀ ਦੀ ਲੋੜ
Respectable, well established, Jatt Sikh parents seeking a suitable match for their son, 34 yrs. old, 5'-11" tall, Canadian Citizen, well settled as engineering professional in Edmonton, background in Master of Industrial Engineering, handsome, smart, family oriented and blend of modern and cultural values. The girl should be Canadian PR/Citizen, educated from Canada/North America (Bachelor/Master/Doctorate), smart, beautiful, well-versed in both cultures, Jatt Sikh. Please email recent picture and bio-data to: basketfiree@gmail.com or call: 1-403-404-4069 ***188***

### ਲੜਕੇ ਦੀ ਲੋੜ
ਜੱਟ ਸਿੱਖ ਬਰਾੜ ਪਰਿਵਾਰ ਦੀ ਕਨੇਡਾ ਵਿਜਟਿਰ ਵੀਜੇ ਉੱਪਰ ਆਈ ਲੜਕੀ ਉਮਰ 33 ਸਾਲ ,ਵਿਦਿਅਕ ਯੋਗਤਾ ਐਮ ਏ ਪੋਲੀਟੀਕਲ ਸਾਇੰਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੌਂ ਲੋੜ ਹੈ । ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 917 5911 ਜਾਂ 403 702 2524 ***194***

### ਲੜਕੀ ਦੀ ਲੋੜ
ਕਨੇਡਾ ਵਰਕ ਪਰਮਿਟ ਵੀਜੇ ਉੱਪਰ ਆਪਣਾ ਬਿਜਨਿਸ ਕਰ ਰਹੇ ਬਰਾੜ ਪਰਿਵਾਰ ਦੇ ਲੜਕੇ ,ਉਮਰ 30 ਸਾਲ,ਵਿਦਿਅਕ ਯੋਗਤਾ ਬੀ ਸੀ +ਐਮ ਸੀ ਏ ਡਿਗਰੀ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 587 917 5911 ਜਾਂ 403 702 2524 ***194***


"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

ਕੈਲਗਰੀ-403 640 2000

ਐਡਮਿੰਟਨ-780 599 2000 ਸੈਸਕਾਟੂਨ 639 999 1000

ਰੀਜ਼ਾਇਨਾ- 639 999 1000, ਵਿਨੀਪੈੱਗ- 431 733 3000



ਕੈਲਗਰੀ ਵਿੱਚ ਪੀਜਾ 73 ਵਿਕਾਊ ਹੈ

ਕੈਲਗਰੀ ਦੇ ਬਿਜੀ ਏਰੀਆ ਵਿੱਚ ਵਧੀਆ ਕਮਾਈ ਕਰ ਰਿਹਾ ਪੀਜਾ ਸਟੋਰ

Pizza 73

7527 Macleod trail SW Calgary ਵਿਕਾਊ ਹੈ।

Contact:

Jennifer 403 221 7373 ext. 671

Email jwensmann@pizzapizza.ca

Darshan 403 399 7046

Email Darsha_sidhu@hotmail.Com


### ਲੜਕੇ ਦੀ ਲੋੜ
ਪੰਜਾਬ ਰਹਿ ਰਹੀ ਚੰਗੀ ਪੜੀ ਲਿਖੀ, ਯੁਨੀਵਰਸਿਟੀ ਵਿੱਚ ਜੌਬ ਕਰਦੀ ਲੜਕੀ ਉਮਰ 28 ਸਾਲ, ਵਿਦਿਅਕ ਯੋਗਤਾ ਐਮ ਏ ,ਬੀ ਐਡ, ਲਈ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਦੋਵੇਂ ਭਰਾ ਕਨੇਡਾ ਵੈਲ ਸੈਟਲਡ ਹਨ। ਵਰਕ ਪਰਮਿਟ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ । ਸੰਪਰਕ: 403 702 0424 ***192***

### Need Nanny
Looking for a nanny live in or live out 5 days a week (Mon - Fri) to cook, clean, and babysit 1.5 year old baby girl & 6 year old baby boy.
Salary: $12-$15
Gurbinder Sohal
City: Regina, SK
Contact Number 306-520-4313

### Hiring !
**Daffodiĺs Cargoĺogistics Inc. isĺooking for Cĺass 1 Drivers forĺong - HauĺBest pay packages upto 58 cents per miĺe Appĺicants shouĺd have minimum of 7 - 12 months driving experience Pĺease contact with your drivingĺicense and commerciaĺdriving abstract**
**Emaiĺ: dcĺogistics4@gmaiĺ.com**
**Phone : 204-396-1696 , 204-891-0031**


ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ।

ਰੂਫਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ। ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ। ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜ਼ਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ।

ਅੱਜ ਹੀ ਕਾਲ ਕਰੋ:

403 680 0436


### Name change
I, Harjit Singh, father of Roopdeep Singh holder of Indian Passport # U0103464, issued at Vancouver, on 12/07/2019 permanent resident of Village : Kohali,Teh:Batala,Distt: Gurdaspur (PUNJAB) 143514, INDIA and presently residing at 92 Saddlebrook Cir NE, Calgary (AB) T3J0K3, Canada do hereby change the name of my son from Roopdeep Singh to Roopdeep Dhaliwal, with immediate effect.
Contact: 587 334 8985 Date: 9 Jan,2022


ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615


### Hiring
**Hair and face art saĺon isĺooking for hairdresser (NOC CODE 6341) Appĺicants shouĺd have minimum of 1-2 years of experience.**
**Number of Vacancies :2**
**Wage rate: 20/hour fuĺĺtime job**
**Interested candidates pĺease send your resume at emaiĺ: hairandfaceart994@gmaiĺ.com**

### Need Nanny
Looking for a nanny live in or live out 5 days a week (Mon - Fri) to cook, clean, and babysit 0-5 year old
baby girl.
Salary: $12-$15 Per Hour
Gurpreet Suman & Pradeep Kaur Sandhu
City: Regina, SK
Contact Number 306-621-0987

## ਸਕੂਲਾਂ ਵਿੱਚ ਅਧਿਆਪਕ ਕਰੋਨਾ ਦੀ ਵਜਾਹ ਕਾਰਣ ਗੈਰਹਾਜਿਰ ਹਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਿੱਚ ਸਕੂਲਾਂ ਦੇ ਪਹਿਲੇ ਦਿਨ ਹੀ ਕਈ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਨਾ ਆਉਣ ਲਈ ਕਹਿ ਦਿੱਤਾ ਗਿਆ ਕਿਉਂਕਿ ਸਟਾਫ਼ ਦੀ ਭਾਰੀ ਕਮੀ ਸੀ। 208 ਅਧਿਆਪਕ ਅਤੇ 436 ਸੱਪੋਰਟਿੰਗ ਸਟਾਫ਼ ਛੁੱਟੀ 'ਤੇ ਸਨ ਜਿਹਨਾਂ ਦਾ ਕੋਈ ਬਦਲ ਸਕੂਲ ਬੋਰਡ ਕੋਲ ਨਹੀਂ ਸੀ। ਉੱਧਰ, ਰਾਜਧਾਨੀ ਐਡਮੰਟਨ ਦੇ ਸਕੂਲ ਡਿਵਿਯਨ ਦਾ ਕਹਿਣਾ ਹੈ ਕਿ ਸਕੂਲ ਖੁੱਲ੍ਹਣ ਦੇ ਪਹਿਲੇ ਦਿਨ ਸੈਂਕੜੇ ਕਰਮਚਾਰੀ ਛੁੱਟੀ 'ਤੇ ਰਹੇ ਕਿਉਂਕਿ ਉਹ ਸਾਰੇ ਵਾਇਰਸ ਪੌਜ਼ਿਟਿਵ ਸਨ। ਕੁੱਲ 454 ਅਧਿਆਪਕਾਂ ਦੇ ਪਹਿਲੇ ਦਿਨ ਛੁੱਟੀ 'ਤੇ ਹੋਣ ਦੀ ਖ਼ਬਰ ਹੈ। ਕੁੱਲ 124 ਐਜੁਕੇਸ਼ਨਲ ਐਸਿਸਟੈਂਟਸ ਛੁੱਟੀ 'ਤੇ ਰਹੇ ਜਿਹਨਾਂ ਦੀ ਥਾਂ ਕੋਈ ਕਰਮਚਾਰੀ ਮੌਜੂਦ ਨਹੀਂ ਸੀ।

## ਹੁਣ ਟੌਹੜਾ ਦਾ ਦੋਹਤਰਾ ਵੀ ਭਾਜਪਾਈ ਬਣ ਗਿਐ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਭਾਰਤੀ ਸੂਬੇ ਪੰਜਾਬ ਵਿੱਚ ਵਿਧਾਨ-ਸਭਾ ਚੋਣਾਂ ਤੋਂ ਪਹਿਲਾਂ ਵਿਰੋਧੀ ਪਾਰਟੀਆਂ ਨੂੰ ਝਟਕਾ ਦਿੰਦੇ ਹੋਏ ਭਾਰਤੀ ਜਨਤਾ ਪਾਰਟੀ ਨੇ ਅਕਾਲੀ ਦਲ ਅਤੇ ਕਾਂਗਰਸ ਦੇ ਕਈ ਵੱਡੇ ਆਗੂਆਂ ਨੂੰ ਪਾਰਟੀ ਵਿੱਚ ਸ਼ਾਮਿਲ ਕਰਵਾ ਲਿਆ। ਇਹਨਾਂ ਵਿੱਚ ਸੰਗਰੂਰ ਤੋਂ ਸਾਬਕਾ ਕਾਂਗਰਸੀ ਐਮਐਲਏ ਅਰਵਿੰਦ ਖੰਨਾ, ਲੁਧਿਆਣਾ ਤੋਂ ਅਕਾਲੀ ਦਲ ਆਗੂ ਗੁਰਦੀਪ ਸਿੰਘ ਗੋਸ਼ਾ ਅਤੇ ਪਟਿਆਲਾ ਤੋਂ ਜੱਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਦੋਹਤਾ ਕੰਵਰਵੀਰ ਸਿੰਘ ਟੌਹੜਾ ਸ਼ਾਮਿਲ ਹਨ। ਮੋਗਾ ਤੋਂ ਕਾਂਗਰਸੀ ਐਮਐਲਏ ਡਾ. ਹਰਜੋਤ ਕਮਲ ਵੱਲੋਂ ਵੀ ਭਾਜਪਾ ਵਿੱਚ ਜਾਣ ਦੀ ਚਰਚਾ ਸ਼ੁਰੂ ਹੋ ਗਈ ਹੈ।

## ਡਿਜੀਟਲ ਇੰਡੀਆ ਵਿੱਚ 2000 ਕਰੋੜ ਦੀ ਲਾਗਤ ਨਾਲ ਮੂਰਤੀ ਖੜੀ ਕੀਤੀ ਜਾਵੇਗੀ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਦੇ ਮੱਧ ਪ੍ਰਦੇਸ਼ ਸੂਬੇ ਦੀ ਭਾਰਤੀ ਜਨਤਾ ਪਾਰਟੀ ਸਰਕਾਰ ਨੇ ਐਲਾਨ ਕੀਤਾ ਹੈ ਕਿ ਉਹ 2000 ਕਰੋੜ ਰੁਪਏ ਦੀ ਲਾਗਤ ਵਾਲੀ ਸ਼ੰਕਰਾਚਾਰੀਆ ਦੀ 108 ਫੁੱਟ ਉੱਚੀ ਮੂਰਤੀ ਸਥਾਪਿਤ ਕਰਨਗੇ। ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਵੱਲੋਂ ਇਸ ਗੱਲ ਦਾ ਐਲਾਨ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਗੁਜਰਾਤ ਸਰਕਾਰ ਨੇ 3 ਹਜ਼ਾਰ ਕਰੋੜ ਰੁਪਏ ਦੀ ਲਾਗਤ ਨਾਲ ਵੱਲਭ ਭਾਈ ਪਟੇਲ ਦੀ 182 ਮੀਟਰ ਉੱਚੀ ਮੂਰਤੀ ਸਥਾਪਿਤ ਕੀਤੀ ਸੀ।

## ਕਿਊਬਿਕ ਸੂਬੇ ਅੰਦਰ ਹੁਣ ਰਾਤ ਦਾ ਕਰਫਿਊ ਨਹੀਂ ਲੱਗੇਗਾ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਕਿਊਬੈਕ ਪ੍ਰੀਮੀਅਰ ਫ੍ਰਾਂਸਵਾ ਲਿਗਾਉ ਨੇ ਐਲਾਨ ਕੀਤਾ ਹੈ ਕਿ ਦਸੰਬਰ ਵਿੱਚ ਸੂਬੇ ਭਰ ਵਿੱਚ ਲਾਗੂ ਕੀਤਾ ਗਿਆ ਰਾਤ ਦਾ ਕਰਫਿਊ ਚੁੱਕ ਲਿਆ ਜਾਵੇਗਾ। ਬੀਤੀ 31 ਦਸੰਬਰ ਦੀ ਰਾਤ ਦਸ ਵਜੇ ਤੋਂ ਸਵੇਰੇ 5 ਵਜੇ ਤੱਕ ਇਹ ਕਰਫਿਊ ਹਰ ਰੋਜ਼ ਲਗਾਇਆ ਜਾ ਰਿਹਾ ਸੀ। ਉਹਨਾਂ ਕਿਹਾ ਕਿ ਵਾਇਰਸ ਦਾ ਫੈਲਾਅ ਆਪਣੇ ਸਿਖ਼ਰਲੇ ਪੜਾਅ 'ਤੇ ਪਹੁੰਚ ਗਿਆ ਹੈ ਜਿਸ ਮਗਰੋਂ ਰਾਤ ਦੇ ਕਰਫਿਊ ਨੂੰ ਖ਼ਤਮ ਕੀਤਾ ਜਾ ਰਿਹਾ ਹੈ।

## ਇੱਕੋ ਜੁੱਤੀ ਆਲਾ ਕੈਦੀ ਫਰਾਰ ਹੋ ਗਿਆ ਐ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਬ੍ਰਿਟਿਸ਼ ਕੋਲੰਬੀਆ ਦੇ ਸਰੀ ਸ਼ਹਿਰ ਵਿਚਲੇ ਪ੍ਰੀ-ਟ੍ਰਾਇਲ ਸਰਵਿਸਿਜ਼ ਸੈਂਟਰ ਤੋਂ ਇੱਕ ਕੈਦੀ ਫ਼ਰਾਰ ਹੋ ਗਿਆ ਦੱਸਿਆ ਜਾਂਦਾ ਹੈ। ਇਹ ਵਿਅਕਤੀ ਪੈਦਲ ਹੀ ਫ਼ਰਾਰ ਹੋ ਗਿਆ ਤੇ ਉਸ ਸਮੇਂ ਉਸ ਦੇ ਇੱਕ ਪੈਰ ਵਿੱਚ ਹੀ ਜੁੱਤੀ ਪਾਈ ਹੋਈ ਸੀ। 32 ਸਾਲਾ ਮਿਡਲ ਈਸਟਰਨ ਇਸ ਕੈਦੀ ਦਾ ਨਾਮ ਮੁਸਤਫਾ ਸਾਅਦਾ ਦੱਸਿਆ ਗਿਆ ਹੈ। ਉਹ ਲੁੱਟਮਾਰ ਦੀਆਂ ਹਿੰਸਕ ਵਾਰਦਾਤਾਂ ਦੇ ਸੰਬੰਧ ਵਿੱਚ ਕਾਬੂ ਕੀਤਾ ਗਿਆ ਸੀ ਤੇ ਪ੍ਰੀ-ਟ੍ਰਾਇਲ ਸੈਂਟਰ ਵਿੱਚ ਲਿਆਂਦਾ ਗਿਆ ਸੀ ਜਿੱਥੋਂ ਉਹ ਫ਼ਰਾਰ ਹੋ ਗਿਆ। ਜਾਂਚ ਕੀਤੀ ਜਾ ਰਹੀ ਹੈ।

## ਕੈਦੀਆਂ ਉੱਪਰ ਹੋਏ ਹਮਲੇ ਦੀ ਜਾਂਚ ਜਾਰੀ ਹੈ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਰਾਜਧਾਨੀ ਐਡਮੰਟਨ ਦੀ ਇੱਕ ਜੇਲ੍ਹ ਵਿੱਚ ਦੋ ਕੈਦੀਆਂ ਉੱਪਰ ਹੋਏ ਹਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਦੋਵੇਂ ਕੈਦੀ ਵੀਕ-ਐਂਡ ਦੌਰਾਨ ਹੋਈ ਘਟਨਾ ਵਿੱਚ ਜ਼ਖ਼ਮੀ ਹੋਣ ਮਗਰੋਂ ਹਸਪਤਾਲ ਪਹੁੰਚਾਏ ਗਏ ਹਨ। ਕੁਰੈਕਸ਼ਨਲ ਕੈਨੇਡਾ ਨੇ ਪੁਸ਼ਟੀ ਕੀਤੀ ਹੈ ਕਿ ਘਟਨਾ ਰਾਤ ਸਮੇਂ ਸਾਢੇ ਅੱਠ ਵਜੇ ਦੇ ਕਰੀਬ ਹੋਈ ਸੀ। ਜਿੱਥੇ ਇਹ ਘਟਨਾ ਹੋਈ ਹੈ, ਉਸ ਇਲਾਕੇ ਨੂੰ ਲੌਕ-ਡਾਊਨ ਕੀਤਾ ਗਿਆ ਹੈ ਤੇ ਜੇਲ੍ਹ ਦੇ ਬਾਕੀ ਕੈਦੀਆਂ ਅਤੇ ਸਟਾਫ਼ ਨੂੰ ਸੁਰੱਖਿਅਤ ਕੀਤਾ ਗਿਆ ਹੈ। ਇਹ ਮੈਕਸਿਮਮ ਸਿਕਿਉਰਿਟੀ ਵਾਲੀ ਜੇਲ੍ਹ ਹੈ ਤੇ ਜਾਂਚ ਮਗਰੋਂ ਜ਼ਿੰਮੇਦਾਰ ਪਾਏ ਗਏ ਵਿਅਕਤੀ ਵਿਰੁਧ ਚਾਰਜਿਜ਼ ਲੱਗਣ ਦੀ ਸੰਭਾਵਨਾ ਵੀ ਹੈ।

## 164 ਕਜ਼ਾਕਿਸਤਾਨੀਆਂ ਦੀ ਮੌਤ ਦੀ ਪੁਸ਼ਟੀ ਖੁਦ ਸਰਕਾਰ ਨੇ ਕਰ ਦਿੱਤੀ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕਜ਼ਾਕਿਸਤਾਨ ਸਰਕਾਰ ਅਨਸਾਰ ਦੇਸ਼ ਵਿੱਚ ਹੋ ਰਹੇ ਵਿਰੋਧ ਮੁਜ਼ਾਹਰਿਆਂ ਵਿੱਚ ਪਿਛਲੇ ਹਫ਼ਤੇ 164 ਲੋਕ ਮਾਰੇ ਗਏ ਹਨ। ਅਜੇ ਤੱਕ ਇਹ ਸਪੱਸ਼ਟ ਨਹੀਂ ਹੈ ਕਿ ਮੌਤ ਦੇ ਇਨ੍ਹਾਂ ਅੰਕੜਿਆਂ ਵਿੱਚ ਸਿਰਫ਼ ਆਮ ਲੋਕ ਸ਼ਾਮਲ ਹਨ ਜਾਂ ਇਸ ਵਿੱਚ ਸੁਰੱਖਿਆ ਕਰਮੀ ਵੀ ਸ਼ਾਮਲ ਹਨ। ਪਹਿਲਾਂ ਕਜ਼ਾਕਿਸਤਾਨ ਦੇ ਅਧਿਕਾਰੀਆਂ ਨੇ ਦੱਸਿਆ ਸੀ ਕਿ ਮੁਜ਼ਾਹਰਿਆਂ ਵਿੱਚ ਪੁਲਿਸ ਜਾਂ ਨੈਸ਼ਨਲ ਗਾਰਡ ਦੇ 16 ਜਵਾਨ ਮਾਰੇ ਗਏ ਹਨ। ਉੱਥੇ ਹੀ ਆਮ ਲੋਕਾਂ ਦੀ ਮੌਤ ਦਾ ਅੰਕੜਾ ਸਿਰਫ਼ 26 ਦੱਸਿਆ ਗਿਆ ਸੀ।

# ਰਾਜਨੀਤੀ ਦੇ ਚਿੱਕੜ ਵਿੱਚ ਖਿੜਿਆ ਕੰਵਲ ਦਾ ਫੁੱਲ ਹੈ, ਵਿਧਾਇਕ ਹਲਕਾ ਨਕੋਦਰ ਸ. ਗੁਰਪ੍ਰਤਾਪ ਸਿੰਘ ਵਡਾਲਾ



ਮੰਗਲ ਚੱਠਾ
403-708-1596

**1990 ਵਿੱਚ ਜਲੰਧਰ ਵਿਖੇ ਬਰਗਾੜੀ ਵਾਂਗ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਈ ਤਾਂ ਜਲੰਧਰ ਦੂਰਦਰਸ਼ਨ ਕੇਂਦਰ ਲਾਗੇ ਸਾਰੇ ਅਕਾਲੀ ਦਲਾਂ ਦਾ ਤੇ ਫੈਡਰੇਸ਼ਨਾਂ ਦਾ ਸਾਂਝਾ ਇਕੱਠ ਹੋਇਆ। 1990 ਵਿੱਚ ਭਾਰਤ ਨੂੰ ਦੋ ਪ੍ਰਧਾਨਮੰਤਰੀ ਸ਼੍ਰੀ ਵੀ ਪੀ ਸਿੰਘ ਤੇ ਸ਼੍ਰੀ ਚੰਦਰ ਸ਼ੇਖਰ ਮਿਲੇ ਤੇ ਉਹ ਪੰਥਕ ਆਗੂਆਂ ਨੂੰ ਖ਼ਾਲਿਸਤਾਨ ਦੀ ਮੰਗ ਨੂੰ ਛੱਡ ਕੇ ਕੁਝ ਹੋਰ ਮੰਗਾਂ ਦੇਣ ਲਈ ਤਿਆਰ ਸਨ ਇਸ ਲਈ ਜਦੋਂ ਸਰਦਾਰ ਵਡਾਲਾ ਨੇ ਆਨੰਦਪੁਰ ਸਾਹਿਬ ਦਾ ਮਤਾ ਪ੍ਰਧਾਨਮੰਤਰੀ ਅੱਗੇ ਰੱਖਣ ਦੀ ਪੰਥਕ ਆਗੂਆਂ ਨੂੰ ਅਪੀਲ ਕੀਤੀ ਤਾਂ ਸਟੇਜ ਤੋਂ ਹੀ ਉਨ੍ਹਾਂ ਨੂੰ ਕਾਫੀ ਵਿਰੋਧ ਦਾ ਸਾਹਮਣਾ ਕਰਨਾ ਪਿਆ ਇੱਕ ਫੈਡਰੇਸ਼ਨ ਆਗੂ ਨੇ ਤਾਂ ਇਹ ਵੀ ਆਖ ਦਿੱਤਾ ਕਿ ਜਿਸਨੇ ਵੀ ਪ੍ਰਧਾਨਮੰਤਰੀ ਨਾਲ ਖ਼ਾਲਿਸਤਾਨ ਤੋਂ ਘੱਟ ਕੋਈ ਵੀ ਗੱਲ ਕੀਤੀ ਤਾਂ ਉਸ ਦਾ ਹਸ਼ਰ ਲੌਂਗੋਵਾਲ ਵਰਗਾ ਹੋਵੇਗਾ ਪਰ ਅੱਜ ਉਹ ਫੈੱਡਰੇਸ਼ਨ ਆਗੂ ਕਾਂਗਰਸ ਵੱਲੋਂ ਐੱਮਐੱਲਏ ਬਣੇ ਹੋਏ ਹਨ ਭਾਵੇਂ ਮੈਨੂੰ ਵੀ ਉਸ ਵੇਲੇ ਸਰਦਾਰ ਵਡਾਲਾ ਦੀ ਇਹ ਗੱਲ ਚੰਗੀ ਨਹੀਂ ਸੀ ਲੱਗੀ ਕਿਉਂਕਿ ਮੈਂ ਵੀ ਜਵਾਨੀ ਵੇਲੇ ਗਰਮਦਲੀਆਂ ਵੱਲ ਜ਼ਿਆਦਾ ਹੀ ਉਲਾਰਵਾਦੀ ਸੀ ਪਰ ਅੱਜ ਇਕੱਤੀ ਸਾਲ ਬਾਅਦ ਸਰਦਾਰ ਵਡਾਲਾ ਦੀ ਗੱਲ ਬਹੁਤ ਚੰਗੀ ਲੱਗ ਰਹੀ ਹੈ**

ਜਦੋਂ ਦੁਆਬੇ ਦੇ ਤਿੰਨ ਇਮਾਨਦਾਰ ਵਿਧਾਇਕਾਂ ਦੀ ਗੱਲ ਚੱਲਦੀ ਹੈ ਤਾਂ ਸ ?ਸੁਖਪਾਲ ਸਿੰਘ ਖਹਿਰਾ,ਸ ?ਪ੍ਰਗਟ ਸਿੰਘ ਤੇ ਸ ? ਗੁਰਪ੍ਰਤਾਪ ਸਿੰਘ ਵਡਾਲਾ ਦਾ ਨਾਮ ਸਭ ਤੋਂ ਉੱਪਰ ਆਉਂਦਾ ਹੈ। ਦੂਸਰੇ ਦੋ ਵਿਧਾਇਕਾਂ ਤੇ ਵੀ ਪਾਰਟੀ ਬਦਲਣ ਦਾ ਦੋਸ਼ ਹੈ ਪਰ ਵਡਾਲਾ ਪਰਿਵਾਰ ਨੂੰ ਇਸ ਗੱਲ ਦਾ ਮਾਣ ਹੈ ਕਿ ਉਹਨਾਂ ਨੇ ਅੱਜ ਤੱਕ ਪਾਰਟੀ ਨਹੀਂ ਬਦਲੀ ਤੇ ਨਾ ਹੀ ਵਡਾਲਾ ਪਰਿਵਾਰ ਤੇ ਰੇਤ, ਬੱਜਰੀ,ਸ਼ਰਾਬ ਮਾ ?ਫੀਆ ਜਾਂ ਕਿਸੇ ਹੋਰ ਕੁਰੱਪਸ਼ਨ ਦਾ ਦੋਸ਼ ਹੈ ਤੇ ਨਾ ਹੀ ਇਸ ਪਰਿਵਾਰ ਦੀ ਕੋਈ ਟਰਾਂਸਪੋਰਟ ਚੱਲਦੀ ਹੈ। ਉਹ ਗੱਲ ਵੱਖਰੀ ਕਿ ਇਹ ਪਰਿਵਾਰ ਜੱਦੀ ਪੁਸ਼ਤੀ ਅਮੀਰ ਹੈ। ਪਾਕਿਸਤਾਨ ਤੋਂ ਆਕੇ ਪਿੰਡ ਵਡਾਲਾ ਵਿੱਚ ਅਲਾਟਮੈਂਟ ਹੋਈ 65 ਕਿੱਲੇ ਜ਼ਮੀਨ ਜਲੰਧਰ ਸ਼ਹਿਰ ਦੇ ਸੈਂਟਰ ਵਿੱਚ ਹੈ ਜਿਸਦੀ ਕੀਮਤ ਫੁੱਟਾਂ ਵਿੱਚ ਹੈ ਤੇ ਜਿਸ ਨੂੰ ਬੇਅੰਤ ਸਿੰਘ ਨੇ 1993 ਵਿੱਚ ਐਕਵਾਇਰ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਪਰ ਸਵ ? ਸ ? ਕੁਲਦੀਪ ਸਿੰਘ ਵਡਾਲਾ ਦੀ ਸ਼ਖ਼ਸੀਅਤ ਅੱਗੇ ਉਸ ਦੀ ਪੇਸ਼ ਨਾ ਗਈ। ਸ ? ਵਡਾਲਾ ਦੇ ਤਿੰਨ ਪੁੱਤਰ ਅਮਰੀਕਾ ਤੇ ਇੰਗਲੈਂਡ ਵਿੱਚ ਸੈੱਟ ਹਨ ਪਰ ਸ ? ਗੁਰਪ੍ਰਤਾਪ ਵਡਾਲਾ ਪੰਜਾਬ ਵਿੱਚ ਹੀ ਰਹਿ ਕੇ ਆਪਣੇ ਪਿਤਾ ਦੀ ਵਿਰਾਸਤ ਨੂੰ ਅੱਗੇ ਤੋਰ ਰਹੇ ਹਨ। ਇਲਾਕੇ ਵਿੱਚ ਪਿਤਾ ਤੇ ਪੁੱਤਰ ਵੱਡੇ ਵਡਾਲਾ ਤੇ ਛੋਟੇ ਵਡਾਲਾ ਨਾਲ ਜਾਣੇ ਜਾਂਦੇ ਹਨ। ਛੋਟੇ ਵਡਾਲਾ ਜੀ ਦੇ ਪੜਦਾਦਾ ਸ ? ਸਤਨਾਮ ਸਿੰਘ ਜੀ ਨੇ ਜੈਤੋ ਦੇ ਮੋਰਚੇ ਵਿੱਚ ਸ਼ਹੀਦੀ ਪ੍ਰਾਪਤ ਵੀ ਕੀਤੀ। ਜਿਵੇਂ ਕਈ ਆਗੂਆਂ ਤੇ ਅੰਗੂਠਾ ਛਾਪ ਜਾਂ ਘੱਟ ਪੜ੍ਹੇ ਲਿਖੇ ਹੋਣ ਦਾ ਦੋਸ਼ ਲੱਗਦਾ ਹੈ ਪਰ ਸ ? ਵਡਾਲਾ ਬਹੁਤ ਪੜ੍ਹੇ ਲਿਖੇ ਹਨ ਉਹਨਾਂ ਨੇ ਪੰਜਵੀਂ ਤੱਕ ਦੀ ਪੜ੍ਹਾਈ ਮਸੂਰੀ, ਦਸਵੀਂ ਤੱਕ PPS ਨਾਭਾ ਤੇ ਇਲੈਕਟਰੀਕਲ ਇੰਜਨਿਅਰਿੰਗ ਦੀ ਪੜ੍ਹਾਈ 7©5 ਲੁਧਿਆਣਾ ਤੋਂ ਕੀਤੀ ਹੈ ਜਦੋਂ ਕਿ ਵੱਡੇ ਵਡਾਲਾ BSc. ਐਗਰੀਕਲਚਰ ਸਨ। ਸਾਰੇ ਪਰਿਵਾਰ ਦੀ ਇੰਗਲਿਸ਼ ਵੀ ਫਰਾਟੇਦਾਰ ਹੈ। ਜਦੋਂ ਅਕਾਲੀ ਦਲ ਸਿਧਾਂਤ ਤੋਂ ਭਟਕਣ ਲੱਗਾ ਤਾਂ ਵੱਡੇ ਵਡਾਲਾ ਹਾਈਕਮਾਨ ਕੋਲ ਰੋਸ ਜਤਾਉਂਦੇ ਰਹੇ ਅੰਤ ਜਦੋਂ ਹਾਈਕਮਾਂਡ ਨੇ ਨਾ ਸੁਣੀ ਤਾਂ ਅਗਸਤ 1996 ਵਿੱਚ ਕਿਸੇ ਹੋਰ ਪਾਰਟੀ ਵਿੱਚ ਜਾਣ ਦੀ ਬਜਾਏ ਆਪਣਾ ਹੀ ਅਕਾਲੀ ਦਲ ਜਮਹੂਰੀਅਤ (democratic) ਬਣਾ ਲਿਆ। ਇਹਨਾਂ ਕਾਰਨ ਹੀ 1997 ਤੇ 2002 ਵਿੱਚ ਅਕਾਲੀ ਦਲ ਦਾ ਉਮੀਦਵਾਰ ਨਕੋਦਰ ਤੋਂ ਜਿੱਤ ਨਾ ਸਕਿਆ। 1999 ਵਿੱਚ ਸ ?ਕੁਲਦੀਪ ਸਿੰਘ ਵਡਾਲਾ ਨੇ ਭਾਈ ਰਣਜੀਤ ਸਿੰਘ ਦੀ ਅਗਵਾਈ ਵਿੱਚ ਪੰਥਕ ਮੋਰਚੇ ਵੱਲੋਂ ਚੋਣ ਲੜੀ। ਦਾਸ ਨੂੰ ਵੀ ਇਸ ਚੋਣ ਵਿੱਚ ਕੰਮ ਕਰਨ ਦਾ ਮੌਕਾ ਮਿਲਿਆ ਤੇ ਵਡਾਲਾ ਸਾਹਿਬ ਦੀ ਸ਼ਖ਼ਸੀਅਤ ਨੂੰ ਜਾਨਣ ਦਾ ਵੀ ਭਾਂਵੇ ਇਹ ਪਰਿਵਾਰ ਪੰਥਕ ਪਰਿਵਾਰ ਹੈ ਪਰ ਬਹੁਤਾ ਕੱਟੜ ਵੀ ਨਹੀਂ ਤੇ ਨਾ ਹੀ ਇਸ ਪਰਿਵਾਰ ਨੇ ਬਹੁਤਾ ਭੜਕਾਊ ਭਾਸ਼ਣ ਕੀਤਾ। 80ਵੇਂ ਤੇ 90ਵੇਂ ਦਹਾਕੇ ਮੈਂ ਵਡਾਲਾ ਸਾਹਿਬ ਦੇ ਕਈ ਭਾਸ਼ਣ ਸੁਣੇ। ਜਿਸ ਵੇਲੇ 1990 ਵਿੱਚ ਜਲੰਧਰ ਵਿਖੇ ਬਰਗਾੜੀ ਵਾਂਗ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਈ ਤਾਂ ਜਲੰਧਰ ਦੂਰਦਰਸ਼ਨ ਕੇਂਦਰ ਲਾਗੇ ਸਾਰੇ ਅਕਾਲੀ ਦਲਾਂ ਦਾ ਤੇ ਫੈਡਰੇਸ਼ਨਾਂ ਦਾ ਸਾਂਝਾ ਇਕੱਠ ਹੋਇਆ। 1990 ਵਿੱਚ ਭਾਰਤ ਨੂੰ ਦੋ ਪ੍ਰਧਾਨਮੰਤਰੀ ਸ਼੍ਰੀ ਵੀ ਪੀ ਸਿੰਘ ਤੇ ਸ਼੍ਰੀ ਚੰਦਰ ਸ਼ੇਖਰ ਮਿਲੇ ਤੇ ਉਹ ਪੰਥਕ ਆਗੂਆਂ ਨੂੰ



ਸਵ. ਕੁਲਦੀਪ ਸਿੰਘ ਵਡਾਲਾ

ਖ਼ਾਲਿਸਤਾਨ ਦੀ ਮੰਗ ਨੂੰ ਛੱਡ ਕੇ ਕੁਝ ਹੋਰ ਮੰਗਾਂ ਦੇਣ ਲਈ ਤਿਆਰ ਸਨ ਇਸ ਲਈ ਜਦੋਂ ਸਰਦਾਰ ਵਡਾਲਾ ਨੇ ਆਨੰਦਪੁਰ ਸਾਹਿਬ ਦਾ ਮਤਾ ਪ੍ਰਧਾਨਮੰਤਰੀ ਅੱਗੇ ਰੱਖਣ ਦੀ ਪੰਥਕ ਆਗੂਆਂ ਨੂੰ ਅਪੀਲ ਕੀਤੀ ਤਾਂ ਸਟੇਜ ਤੋਂ ਹੀ ਉਨ੍ਹਾਂ ਨੂੰ ਕਾਫੀ ਵਿਰੋਧ ਦਾ ਸਾਹਮਣਾ ਕਰਨਾ ਪਿਆ ਇੱਕ ਫੈਡਰੇਸ਼ਨ ਆਗੂ ਨੇ ਤਾਂ ਇਹ ਵੀ ਆਖ ਦਿੱਤਾ ਕਿ ਜਿਸਨੇ ਵੀ ਪ੍ਰਧਾਨਮੰਤਰੀ ਨਾਲ ਖ਼ਾਲਿਸਤਾਨ ਤੋਂ ਘੱਟ ਕੋਈ ਵੀ ਗੱਲ ਕੀਤੀ ਤਾਂ ਉਸ ਦਾ ਹਸ਼ਰ ਲੌਂਗੋਵਾਲ ਵਰਗਾ ਹੋਵੇਗਾ ਪਰ ਅੱਜ ਉਹ ਫੈੱਡਰੇਸ਼ਨ ਆਗੂ ਕਾਂਗਰਸ ਵੱਲੋਂ ਐੱਮਐੱਲਏ ਬਣੇ ਹੋਏ ਹਨ ਭਾਵੇਂ ਮੈਨੂੰ ਵੀ ਉਸ ਵੇਲੇ ਸਰਦਾਰ ਵਡਾਲਾ ਦੀ ਇਹ ਗੱਲ ਚੰਗੀ ਨਹੀਂ ਸੀ ਲੱਗੀ ਕਿਉਂਕਿ ਮੈਂ ਵੀ ਜਵਾਨੀ ਵੇਲੇ ਗਰਮਦਲੀਆਂ ਵੱਲ ਜ਼ਿਆਦਾ ਹੀ ਉਲਾਰਵਾਦੀ ਸੀ ਪਰ ਅੱਜ ਇਕੱਤੀ ਸਾਲ ਬਾਅਦ ਸਰਦਾਰ ਵਡਾਲਾ ਦੀ ਗੱਲ ਬਹੁਤ ਚੰਗੀ ਲੱਗ ਰਹੀ ਹੈ ਜੇ ਕਿਤੇ ਸਾਡੇ ਪੰਥਕ ਆਗੂ ਵੀ ਪੀ ਸਿੰਘ ਅਤੇ ਚੰਦਰ ਸੇ ?ਖਰ ਹੁਰਾਂ ਤੇ ਦਬਾਅ ਬਣਾ ਕੇ ਆਨੰਦਪੁਰ ਦੇ ਮਤੇ ਦੀਆਂ ਕੁਝ ਸ਼ਰਤਾਂ ਵੀ ਮਨਾ ਲੈਂਦੇ ਤਾਂ ਕਿੰਨਾ ਚੰਗਾ ਹੁੰਦਾ ਗੱਲ ਕੀ ਸਰਦਾਰ ਕੁਲਦੀਪ ਸਿੰਘ ਵਡਾਲਾ ਖ਼ਾਲਿਸਤਾਨ ਦੀ ਲਹਿਰ ਵੇਲੇ ਵੀ ਅਕਾਲੀ ਦਲ ਦੇ ਦੇ ਨਿਘਾਰ ਤੇ ਉਭਾਰ ਵੇਲੇ ਵੀ ਸਿਧਾਂਤ ਨਾਲ ਖੜ੍ਹੇ ਰਹੇ ਜੇ ਉਹ ਵੀ ਹੋਰ ਆਗੂਆਂ ਵਾਂਗ ਲਾਲਚੀ ਹੁੰਦੇ ਤਾਂ ਉੱਨੀ ਸੌ ਸਤੱਨਵੇ ਵਿੱਚ ਉਪ ਮੁੱਖ ਮੰਤਰੀ ਦਾ ਅਹੁਦਾ ਉਨ੍ਹਾਂ ਕੋਲ ਹੋਣਾ ਸੀ ਸੰਨ ਦੋ ਹਜਾਰ ਇੱਕ ਵਿੱਚ ਸਰਦਾਰ ਵਡਾਲਾ ਨੇ ਕਰਤਾਰਪੁਰ ਸਾਹਿਬ ਦੇ ਲਾਂਘੇ ਲਈ ਅਰਦਾਸ ਦੀ ਸ਼ੁਰੂਆਤ ਕਰਕੇ ਇੱਕ ਨਵਾਂ ਇਤਿਹਾਸ ਬਣਾ ਦਿੱਤਾ ਅੰਤਲੇ ਸਮੇਂ ਤੱਕ ਉਹਨਾਂ ਦਾ ਦ੍ਰਿੜ੍ਹ ਨਿਸ਼ਚਾ ਸੀ ਕਿ 'ਮੈਂ ਰਹਾਂ ਭਾਵੇਂ ਨਾਂ ਰਹਾਂ ਪਰ ਕਰਤਾਰ ਪੁਰ ਦਾ ਲਾਂਘਾ ਜ਼ਰੂਰ ਖੁੱਲ੍ਹੇਗਾ' ਅਤੇ ਉੱਨਾਂ ਦਾ ਇਹ ਸੁਪਨਾ ਉਹਨਾਂ ਦੇ ਜਾਣ ਤੋਂ ਬਾਅਦ ਪੂਰਾ ਹੋ ਗਿਆ। ਅੰਤ ਦੋ ਹਜਾਰ ਸੱਤ ਵਿਚ ਇਲਾਕੇ ਦੇ ਲੋਕਾਂ ਨੇ ਜ਼ਿਆਦਾ ਜ਼ੋਰ ਪਾਉਣ ਤੇ ਸਰਦਾਰ ਵਡਾਲਾ ਫੇਰ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ ਉਨ੍ਹਾਂ ਦੇ ਹਮਾਇਤੀਆਂ ਨੇ ਸਲਾਹ ਕੀਤੀ ਜਿਹੜਾ ਕੰਮ ਸਰਦਾਰ ਵਡਾਲਾ ਪਾਰਟੀ ਵਿੱਚ ਰਹਿ ਕੇ ਕਰ ਸਕਦੇ ਹਨ ਉਹ ਪਾਰਟੀ ਤੋਂ ਬਾਗੀ ਹੋ ਕੇ ਨਹੀਂ ਕਰ ਸਕਦੇ ਦੋ ਹਜਾਰ ਸੱਤ ਵਿਚ ਉਨ੍ਹਾਂ ਨੇ ਚੋਣ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਤੇ ਲੜੀ ਤੇ ਬਹੁਤ ਹੀ ਥੋੜ੍ਹੇ ਫਰਕ ਨਾਲ ਹਾਰ ਗਏ ਹਾਰ ਪਿੱਛੇ ਇੱਕ ਸੀਨੀਅਰ ਅਕਾਲੀ ਆਗੂ ਦਾ ਹੱਥ ਸੀ ਭਾਵੇਂ ਸਰਦਾਰ ਵਡਾਲਾ ਇਹ ਚੋਣ ਹਾਰ ਗਏ ਪਰ ਆਪਣੇ ਸਪੁੱਤਰ ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਲਈ ਇਕ ਵੱਡਾ ਮਹਿਲ ਤਿਆਰ ਕਰ ਗਏ



ਗੁਰਪ੍ਰਤਾਪ ਸਿੰਘ ਵਡਾਲਾ

ਦੋ ਹਜਾਰ ਬਾਰਾਂ ਵਿੱਚ ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਚੋਣ ਲੜੀ ਤਾਂ ਭਾਰੀ ਬਹੁਮਤ ਨਾਲ ਜਿੱਤੇ ਐੱਮਐੱਲਏ ਬਣਨ ਤੋਂ ਬਾਅਦ ਵਿੱਚ ਛੋਟੇ ਵਡਾਲਾ ਨੇ ਆਪਣੇ ਪਿਤਾ ਜੀ ਦੇ ਨਕਸ਼ੇ ਕਦਮਾਂ ਤੇ ਚਲਦਿਆਂ ਇਲਾਕੇ ਵਿਚ ਇਨਾ ਸਤਿਕਾਰ ਬਣਾ ਲਿਆ ਕਿ ਦੋ ਹਜਾਰ ਸਤਾਰਾਂ ਵਿਚ ਨਕੋਦਰ ਤੋਂ ਕਾਂਗਰਸ ਵੱਲੋਂ ਕੋਈ ਚੋਣ ਲੜਨ ਨੂੰ ਤਿਆਰ ਹੀ ਨਹੀਂ ਸੀ ਤੇ ਆਪ ਵੱਲੋਂ ਸਰਦਾਰ ਜਗਤਾਰ ਸਿੰਘ ਸੰਘੇੜਾ ਨੂੰ ਟਿਕਟ ਦਿੱਤੀ ਗਈ ਪਰ ਸੰਘੇੜਾ ਜੀ ਹਲਕੇ ਦਾ ਰੁਖ਼ ਦੇਖ ਕੇ ਟਿਕਟ ਵਿੱਚੇ ਛੱਡ ਗਏ ਭਾਵੇਂ ਉਸ ਵੇਲੇ ਆਪ ਦੇ ਹੱਕ ਵਿਚ ਤੂਫਾਨ ਆਇਆ ਹੋਇਆ ਸੀ ਤੇ ਅਕਾਲੀ ਦਲ ਦੀ ਹਾਲਤ ਪਤਲੀ ਸੀ ਫਿਰ ਆਪ ਨੇ ਸਰਦਾਰ ਵਡਾਲਾ ਦੀ ਸੱਜੀ ਬਾਂਹ ਸਰਦਾਰ ਸਰਵਨ ਸਿੰਘ ਹੇਅਰ ਨੂੰ ਟਿਕਟ ਦਿੱਤੀ ਉਹ ਵੀ ਹਾਰ ਗਏ ਕਾਂਗਰਸ ਵੱਲੋਂ ਚਾਰ ਵਾਰ ਲਗਾਤਾਰ ਐਮ ਐਲ ਏ ਰਹੇ ਸਰਦਾਰ ਅਮਰਜੀਤ ਸਿੰਘ ਸਮਰਾ ਸਿਹਤ ਦਾ ਬਹਾਨਾ ਲਾ ਕੇ ਕੈਪਟਨ ਕੋਲ ਹੱਥ ਜੋੜ ਗਏ ਕੈਪਟਨ ਸਾਹਿਬ ਨੇ ਆਖਿਆ ਮੁੰਡੇ ਨੂੰ ਫੇਰ ਲੜਾ ਚੋਣ ਤਾਂ ਸਰਦਾਰ ਸਮਰਾ ਜੀ ਆਖਦੇ ਕਾਕਾ ਅਜੇ ਨਿਆਣਾ ਹੈ ਜਦੋਂ ਕਿ ਕਾਕਾ ਜੀ ਪੰਜਾਹ ਸਾਲ ਦੇ ਕਰੀਬ ਹਨ ਗੱਲ ਕੀ ਜਿੱਤ ਕਿਸੇ ਪਾਸਿਓਂ ਵੀ ਦਿਸ ਨਹੀਂ ਰਹੀ ਸੀ ਫਿਰ ਪਾਰਟੀ ਨੇ ਸਰਦਾਰ ਪਰਗਟ ਸਿੰਘ ਨੂੰ ਅਪੀਲ ਕੀਤੀ ਉਹ ਵੀ ਹੱਥ ਖੜ੍ਹੇ ਕਰ ਗਏ ਤਾਂ ਫਿਰ ਪਾਰਟੀ ਨੇ ਜਲੰਧਰ ਛਾਉਣੀ ਤੋਂ ਲਿਆ ਕੇ ਸਰਦਾਰ ਜਗਬੀਰ ਸਿੰਘ ਬਰਾੜ ਦੀ ਬਲੀ ਦੇ ਦਿੱਤੀ ਜਿੱਥੇ ਪੂਰੇ ਪੰਜਾਬ ਚ ਇੱਕ ਸੌ ਸੋਲ਼ਾਂ ਹਲਕਿਆਂ ਤੋਂ ਇਕ ਅਨਾਰ ਸੌ ਬਿਮਾਰ ਵਾਲੀ ਗੱਲ ਹੋਈ ਪਈ ਸੀ ਤਿੰਨਾਂ ਹੀ ਵੱਡੀਆਂ ਪਾਰਟੀਆਂ ਦੇ ਤਿੰਨ ਤਿੰਨ ਚਾਰ ਚਾਰ ਉਮੀਦਵਾਰ ਇੱਕੋ ਸੀਟ ਤੋਂ ਚੋਣ ਲੜਨ ਲਈ ਤਿਆਰ ਸਨ ਉੱਥੇ ਨਕੋਦਰ ਤੋਂ ਨਾ ਹੀ ਅਕਾਲੀ ਦਲ ਦਾ ਕੋਈ ਬਾਗੀ ਉਮੀਦਵਾਰ ਸੀ ਤੇ ਨਾ ਹੀ ਦੂਜੀਆਂ ਦੋ ਪਾਰਟੀਆਂ ਨੂੰ ਕੋਈ ਉਮੀਦਵਾਰ ਲੱਭ ਰਿਹਾ ਸੀ ਕਾਂਗਰਸ ਦੀ ਸਥਿਤੀ ਤਾਂ ਇੰਨੀ ਹਾਸੋਹੀਣੀ ਸੀ ਪਾਰਟੀ ਜਿਸ ਨੂੰ ਵੀ ਚੋਣ ਲੜਨ ਬਾਰੇ ਕਹਿੰਦੀ ਉਹ ਕਿਸੇ ਹੋਰ ਦਾ ਨਾਂ ਲੈ ਦਿੰਦਾ ਜਿਵੇਂ ਕਿ ਪੰਜਾਬ ਵਿੱਚ ਕਾਂਗਰਸ ਦੀ ਸਥਿਤੀ ਬਹੁਤੀ ਤਰਸਯੋਗ ਨਹੀਂ ਸੀ ਇਸ ਦਾ ਵੱਡਾ ਕਾਰਨ ਸਰਦਾਰ ਬਡਾਲਾ ਨੇ ਆਪਣੇ ਪਿਤਾ ਵਾਂਗ ਪੰਜ ਸਾਲ ਵਿਚ ਆਪਣੀ ਚਿੱਟੀ ਚਾਦਰ ਨੂੰ ਦਾਗ਼ ਨਾ ਲੱਗਣ ਦੇਣਾ ਸੀ ਤੇ ਨਾ ਹੀ ਉਨ੍ਹਾਂ ਨੇ ਵੋਟਾਂ ਨਾ ਪਾਉਣ ਕਾਰਨ ਕਿਸੇ ਵੀ ਵਿਰੋਧੀ ਤੇ ਝੂਠਾ ਪਰਚਾ ਦਰਜ ਕਰਵਾਇਆ ਤੇ ਨਾ ਹੀ ਅੱਜ ਤਕ ਕਿਸੇ ਵਿਵਾਦਕ ਬਿਆਨ ਵਿੱਚ ਫਸੇ ਹਨ ਨਾ ਹੀ ਉਹ ਰਾਜੇ ਬੜਿੰਗ ਜਾਂ ਹੋਰ ਆਗੂਆਂ ਵਾਂਗ ਉਰਲੀਆਂ ਪਰਲੀਆਂ ਮਾਰਦੇ ਹਨ ਤੇ ਨਾ ਹੀ ਉਨ੍ਹਾਂ ਨੇ ਕਈ ਆਗੂਆਂ ਵਾਂਗ ਚਰਚਾ ਵਿੱਚ ਆਉਣ ਲਈ ਅੱਜ ਤਕ ਕੋਈ ਹਲਕਾ ਬਿਆਨ ਦਿੱਤਾ ਹੈ ਪੜ੍ਹੇ ਲਿਖੇ ਹੋਣ ਕਾਰਨ ਪੂਰਾ ਨਾਪ ਤੋਲ ਕੇ ਬੋਲਦੇ ਹਨ ਉਹ ਆਪਣੇ ਪਿਤਾ ਵਾਂਗ ਸਿਹਤਮੰਦ ਰਾਜਨੀਤੀ ਵਿੱਚ ਵਿਸ਼ਵਾਸ ਰੱਖਦੇ ਹਨ ਇਸੇ ਕਰਕੇ ਹੀ ਜਿੱਥੇ ਉਨ੍ਹਾਂ ਨੂੰ ਪੇਂਡੂ ਵਰਗ ਦਾ ਸਹਿਯੋਗ ਮਿਲ ਰਿਹਾ ਹੈ ਉੱਥੇ ਸ਼ਹਿਰੀ ਵਰਗ ਦੇ ਵੀ ਬਹੁਤ ਵੱਡੀ ਹਮਾਇਤ ਹਾਸਲ ਹੈ ਇਸ ਹਲਕੇ ਦੇ ਮਜ਼੍ਹਬੀ ਸਿੱਖ ਵੀਰ ਵੀ ਜਿਹੜੇ ਪਹਿਲਾਂ ਜ਼ਿਆਦਾ ਕਾਂਗਰਸ ਵੱਲ ਸਨ ਹੁਣ ਉਹ ਵਡਾਲਾ ਸਾਹਿਬ ਨਾਲ ਹਨ ਕਿਉਂਕਿ ਵਡਾਲਾ ਸਾਹਿਬ ਉਨ੍ਹਾਂ ਦੇ ਦੁੱਖ ਸੁੱਖ ਵਿੱਚ ਜਾਣਾ ਨਹੀਂ ਭੁੱਲਦੇ ਪਿਛਲੀ ਚੋਣ ਵਿੱਚ ਮੈਂ ਵੀ ਕੈਨੇਡਾ ਤੋਂ ਆਪ ਦੀ ਮਦਦ ਲਈ ਗਿਆ ਸੀ ਕਿਉਂਕਿ ਜਗਤਾਰ ਸਿੰਘ ਸੰਘੇੜਾ ਵੀ ਬਹੁਤ ਸਾਫ਼ ਸੁਥਰੇ ਅਕਸ ਵਾਲੇ ਸਨ ਪਰ ਮੇਰੇ ਜਾਂਦੇ ਨੂੰ ਸਰਦਾਰ ਸੰਘੇੜਾ ਸੀਟ ਛੱਡ ਕੇ ਚਲੇ ਗਏ ਸਨ ਤੇ ਹੋਰ ਕਈ ਪੁਰਾਣੇ ਗਰਮਦਲੀਏ ਵੀਰ ਵੀ ਸਰਦਾਰ ਵਡਾਲਾ ਦੀ ਮਦਦ ਤੇ ਬਾਹਰਲੇ ਦੇਸ਼ਾਂ ਤੋਂ ਗਏ ਹੋਏ ਸਨ ਭਾਵੇਂ ਉਨ੍ਹਾਂ ਦੇ ਹਾਈ ਕਮਾਂਡ ਨਾਲ ਮੱਤਭੇਦ ਸਨ ਵੱਡੇ ਵੀਰ ਹਰਪ੍ਰੀਤ ਸਿੰਘ ਡਿੰਪੀ ਕੈਨੇਡਾ ਤੋਂ ਮੰਗਲ ਸਿੰਘ ਯੂ ਕੇ ਤੋ ਗਏ ਹੋਏ ਸਨ ਮੇਰੇ ਪਿੰਡ ਤੋਂ ਵੀ ਦੋ ਦੋਵੇਂ ਧੜੇ ਸਰਦਾਰ ਵਡਾਲਾ ਦੀ ਸਪੋਰਟ ਵਿੱਚ ਸਨ ਫਿਰ ਮੈਨੂੰ ਵੀ ਪਿੰਡ ਵਾਸੀਆਂ ਦੇ ਨਾਲ ਚੱਲਣਾ ਪਿਆ ਨਹੀਂ ਤਾਂ ਦੋ ਹਜਾਰ ਦੋ ਤਕ ਤਾਂ ਮੈਂ ਇਕੱਲਾ ਹੀ ਮਾਨ ਦਲ ਦਾ ਬੂਥ ਲਾ ਦਿੰਦਾ ਸੀ ਦਾਸ ਨੂੰ ਵੀ ਸਰਦਾਰ ਵਡਾਲਾ ਦੀ ਟੀਮ ਨੇ ਕਾਫੀ ਮਾਣ ਦਿੱਤਾ ਉਨ੍ਹਾਂ ਦੇ ਖ਼ਾਸ ਮਿੱਤਰ ਐਡਵੋਕੇਟ ਅਵਤਾਰ ਸਿੰਘ ਕਲੇਰ ਮੇਰੇ ਘਰ ਆਏ ਤੇ ਪਹਿਲੀ ਕਾਨਫ਼ਰੰਸ ਵਿੱਚ ਬੋਲਣ ਦਾ ਸੱਦਾ ਦੇ ਕੇ ਗਏ ਕਾਨਫ਼ਰੰਸ ਤੋਂ ਬਾਅਦ ਸਰਦਾਰ ਵਡਾਲਾ ਦਾ ਮੇਰੇ ਲਈ ਇਹ ਕਹਿਣਾ ਕਿ ਛੋਟੇ ਵੀਰ ਤੈਂ ਕਈ ਕਵੀਸ਼ਰੀਆਂ ਲਿਖੀਆਂ ਭਾਵੇਂ ਸਾਡੇ ਵਿਰੋਧ ਵਿਚ ਪਰ ਲਿਖੀਆਂ ਸੱਚੀਆਂ ਮੇਰੇ ਲਈ ਮਾਣ ਵਾਲੀ ਗੱਲ ਸੀ। ਕਾਸ਼! ਕਿਧਰੇ ਸਰਦਾਰ ਬਡਾਲਾ ਜਿਹੇ ਦਸ ਪੰਦਰਾਂ ਹੋਰ ਵਿਧਾਇਕ ਅਕਾਲੀ ਦਲ ਵਿੱਚ ਹੁੰਦੇ ਤਾਂ ਅਕਾਲੀ ਦਲ ਦੀ ਸ਼ਾਨ ਬਰਕਰਾਰ ਰਹਿੰਦੀ।

## ਜੇ ਕਰੋਨਾ ਹੋ ਗਿਆ ਹੈ ਤਾਂ ਕੰਮ ਮਾਲਕ ਦੀ ਮਰਜੀ ਅਨੁਸਾਰ ਤੁਹਾਨੂੰ ਕੰਮ ਵੀ ਕਰਨਾ ਪੈ ਸਕਦਾ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)ਐਲਬਰਟਾ ਸਰਕਾਰ ਵੱਲੋਂ ਜਾਰੀ ਇੱਕ ਸੂਚਨਾ ਵਿੱਚ ਕਿਹਾ ਗਿਆ ਹੈ ਕਿ ਕੰਮ ਮਾਲਿਕਾਂ ਨੂੰ ਇਸ ਗੱਲ ਦਾ ਅਧਿਕਾਰ ਦਿੱਤਾ ਗਿਆ ਹੈ ਕਿ ਜੇ ਉਸ ਦੇ ਕਰਮਚਾਰੀ ਕੋਰੋਨਾ ਵਾਇਰਸ ਕਾਰਨ ਘਟ ਗਏ ਹਨ ਤਾਂ ਉਹ ਜ਼ਰੂਰੀ ਕੰਮ ਵਾਲੇ ਕਰਮਚਾਰੀਆਂ ਨੂੰ ਵਾਇਰਸ ਪੌਜ਼ਿਟਿਵ ਹੋਣ ਦੇ ਬਾਵਜੂਦ ਵੀ ਕੰਮ 'ਤੇ ਬੁਲਾ ਸਕਦਾ ਹੈ। 'ਕ੍ਰਿਟਿਕਲ ਵਰਕਰ ਐਕਸੈਪਸ਼ਨ' ਲਾਗੂ ਕਰਨ ਨੂੰ ਕਿਹਾ ਗਿਆ ਹੈ। ਯੂਨਿਵਰਸਿਟੀ ਔਫ਼ ਐਲਬਰਟਾ ਦੇ ਕਾਨੂੰਨ ਦੇ ਪ੍ਰੋਫੈਸਰ ਡਾ. ਉਬਾਕਾ ਓਗਬੋਗੂ ਦਾ ਕਹਿਣਾ ਹੈ ਕਿ ਸਰਕਾਰ ਦਾ ਇਹ ਫੈਸਲਾ ਮੂਰਖਾਨਾ ਹੈ ਅਤੇ ਕਰਮਚਾਰੀਆਂ ਦੇ ਅਧਿਕਾਰਾਂ ਦਾ ਘਾਣ ਕਰਦਾ ਹੈ। ਉਹਨਾਂ ਕਿਹਾ ਕਿ ਇਸ ਗੱਲ ਦਾ ਫੈਸਲਾ ਕੌਣ ਕਰੇਗਾ ਕਿ ਕੰਮ ਮਾਲਕ ਸਾਰੀਆਂ ਸ਼ਰਤਾਂ ਦਾ ਪਾਲਣ ਕਰ ਰਿਹਾ ਹੈ ਜਾਂ ਨਹੀਂ। ਕਰਮਚਾਰੀਆਂ ਦੀ ਆ ਰਹੀ ਕਮੀ ਦੇ ਮੱਦੇਨਜ਼ਰ ਇਹ ਫੈਸ਼ਲਾ ਲਿਆ ਗਿਆ ਹੈ।

ਕੈਲਗਰੀ ਵਿੱਚ ਸਰ੍ਹੋਂ ਦੇ ਖੇਤਾਂ ਵਿੱਚ
ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ



ਸੱਤੇ ਦਿਨ 13 ਘੰਟੇ ਕੰਮ ਹੋਵੇਗਾ।
ਤਨਖਾਹ ਘੰਟਿਆਂ ਦੇ ਹਿਸਾਬ ਨਾਲ ਕੰਮ
ਦਾ ਸੀਜ਼ਨ ਖਤਮ ਹੋਣ ਉਪਰੰਤ
ਸਟੈਂਪਾਂ ਵੀ ਮਿਲਣਗੀਆਂ।
ਰਹਿਣ ਅਤੇ ਖਾਣ ਦਾ ਪੂਰਾ ਪ੍ਰਬੰਧ ਹੈ।
ਕੈਮਲੂਪਸ ਏਰੀਆ ਵਿੱਚ ਜਿਨਸਿੰਗ
ਦਾ ਕੰਮ ਦਸੰਬਰ ਮਹੀਨੇ ਤੱਕ ਚੱਲੇਗਾ।
ਕਾਲ ਕਰੋ:
1 250 319 7263

## ਉੱਤਰੀ ਅਮਰੀਕਾ ਵਿਚ ਸੰਯੁਕਤ ਸਮਾਜ ਮੋਰਚੇ ਦੀ ਹਮਾਇਤ ਵਿੱਚ ਸਪੋਰਟ ਗਰੁੱਪ ਦਾ ਗਠਨ

### ਸਪੋਰਟ ਗਰੁੱਪ ਦੀ ਜ਼ੂਮ ਮੀਟਿੰਗ ਵਿਚ ਸ਼ਾਮਲ ਹੋਈਆਂ 40 ਪ੍ਰਸਿੱਧ ਸ਼ਖ਼ਸੀਅਤਾਂ

ਸਰੀ (ਹਰਦਮ ਮਾਨ)- ਪੰਜਾਬ ਦੀਆਂ ਫਰਵਰੀ 2022 ਦੀਆਂ ਚੋਣਾਂ ਵਿਚ ਸੰਯੁਕਤ ਸਮਾਜ ਮੋਰਚੇ ਦੀ ਹਮਾਇਤ ਕਰਨ ਵਾਸਤੇ ਪਰਵਾਸੀਆਂ ਵੱਲੋਂ ਉੱਤਰੀ ਅਮਰੀਕਾ ਵਿੱਚ ਸਪੋਰਟ ਗਰੁੱਪ ਗਠਿਤ ਕੀਤਾ ਗਿਆ ਹੈ। ਇਸ ਗਰੁੱਪ ਦੀ ਪਹਿਲੀ ਜ਼ੂਮ ਮੀਟਿੰਗ ਹੋਈ ਜਿਸ ਵਿਚ 40 ਦੇ ਕਰੀਬ ਉੱਘੀਆਂ ਸ਼ਖ਼ਸੀਅਤਾਂ ਨੇ ਹਿੱਸਾ ਲਿਆ।

ਗਰੁੱਪ ਦੇ ਟੋਰਾਂਟੋ ਤੋਂ ਕਨਵੀਨਰ ਪ੍ਰੋ. ਜਗੀਰ ਸਿੰਘ ਕਾਹਲੋਂ ਨੇ ਮੀਟਿੰਗ ਦੀ ਸ਼ੁਰੂਆਤ ਕਰਦਿਆਂ ਸਭਨਾਂ ਸ਼ਖ਼ਸੀਅਤਾਂ ਨਾਲ ਜਾਣ ਪਛਾਣ ਕਰਵਾਈ ਅਤੇ ਬ੍ਰਿਟਿਸ਼ ਕੋਲੰਬੀਆ ਤੋਂ ਕਨਵੀਨਰ ਡਾ. ਇੰਦਰਜੀਤ ਸਿੰਘ ਮਾਨ ਨੂੰ ਏਜੰਡਾ ਪੇਸ਼ ਕਰਨ ਲਈ ਕਿਹਾ। ਏਜੰਡੇ ਵਿੱਚ ਮੁੱਖ ਤੌਰ ਤੇ ਸ਼ਾਮਿਲ ਸੀ ਕਿ ਪੰਜਾਬੀ ਪਰਵਾਸੀਆਂ ਨਾਲ ਨਿੱਜੀ ਪੱਧਰ ਤੇ ਸੰਪਰਕ ਕੀਤਾ ਜਾਵੇ, ਜਿਸ ਵਿੱਚ ਉੱਤਰੀ ਅਮਰੀਕਾ ਤੋਂ ਖਾਸ ਕਰਕੇ ਔਰਤਾਂ, ਯੂਥ ਅਤੇ ਦਲਿਤ ਸਾਮਲ ਕੀਤੇ ਜਾਣ, ਗਰੁੱਪ ਨੂੰ ਉੱਤਰੀ ਅਮਰੀਕਾ ਤੋਂ ਇਲਾਵਾ ਯੂਰਪ, ਆਸਟਰੇਲੀਆ ਅਤੇ ਸੰਸਾਰ ਦੇ ਹੋਰ ਹਿੱਸਿਆਂ ਤਕ ਫੈਲਾਇਆ ਜਾਵੇ। ਮੋਰਚੇ ਦੀ ਹਮਾਇਤ ਵਾਸਤੇ ਦਿੱਤੇ ਠੋਸ ਸੁਝਾਵਾਂ ਵਿੱਚੋਂ ਪੰਜਾਬ ਵਿੱਚ ਫੋਨ ਕਾਲਾਂ ਕਰਨਾ ਪ੍ਰਮੁੱਖ ਸੀ।

ਐਕਸ ਸਰਵਿਸਮੈਨ ਦੇ ਆਗੂ ਬ੍ਰਿਗੇਡੀਅਰ ਨਵਾਬ ਸਿੰਘ ਹੀਰ ਨੇ ਗਰੁੱਪ ਗਠਿਤ ਕੀਤੇ ਜਾਣ ਤੇ ਪ੍ਰਬੰਧਕਾਂ ਨੂੰ ਵਧਾਈ ਦਿੱਤੀ ਅਤੇ ਇਹ ਜਾਣਕਾਰੀ ਸਾਂਝੀ ਕੀਤੀ ਕਿ 500 ਦੇ ਕਰੀਬ ਸਾਬਕਾ ਫੌਜੀ ਓਂਟਾਰੀਓ ਵਿੱਚ ਹਨ ਤੇ ਪੰਜਾਬ ਵਿੱਚ ਇਹ ਗਿਣਤੀ ਢਾਈ ਲੱਖ ਦੇ ਕਰੀਬ ਹੈ ਜਦੋਂਕਿ 90 ਹਜ਼ਾਰ ਫੌਜੀ ਸੇਵਾ ਨਿਭਾ ਰਹੇ ਹਨ। ਹੀਰ ਹੁਰਾਂ ਦੱਸਿਆ ਕਿ ਇਹ ਸਾਰੇ ਬਿਨਾਂ ਸ਼ਰਤ ਮੋਰਚੇ ਦੀ ਹਮਾਇਤ ਤੇ ਆ ਚੁੱਕੇ ਹਨ। ਇਨ੍ਹਾਂ ਨੂੰ ਟਿਕਟਾਂ ਦੇਣ ਦੀ ਸਲਾਹ ਵੀ ਦਿੱਤੀ ਗਈ।

ਮੀਟਿੰਗ ਦੌਰਾਨ ਮੀਡੀਆਕਾਰ ਰਵਿੰਦਰ ਸਿੰਘ ਪੰਨੂ ਦੁਆਰਾ ਤਿਆਰ ਕੀਤੇ ਐਪ ਦੀ ਵਰਤੋਂ ਕਰਨ ਦੀ ਪੇਸ਼ਕਸ਼ ਕੀਤੀ ਗਈ। ਅਮਰੀਕਾ ਤੋਂ ਧਰਮ ਸਿੰਘ ਗੁਰਾਇਆ ਨੇ ਸਭ ਨੂੰ ਪਰਵਾਸੀਆਂ ਨਾਲ ਪਹੁੰਚ ਕਰਨ ਦੀ ਵਕਾਲਤ ਕੀਤੀ, ਕਿਰਤਮੀਤ ਕੁਹਾੜ ਨੇ ਵਜਾਹਤ ਕੀਤੀ ਕਿ ਇਹ ਮੋਰਚਾ ਹੈ, ਰਾਜਸੀ ਪਾਰਟੀ ਨਹੀਂ ਹੈ। ਸੁਖਜੀਤ ਹੁਰਾਂ ਦਾ ਵਿਚਾਰ ਸੀ ਕਿ ਸੰਯੁਕਤ ਕਿਸਾਨ ਮੋਰਚੇ ਦੀਆਂ ਪ੍ਰਾਪਤੀਆਂ ਨੂੰ ਵੋਟਾਂ ਵਿੱਚ ਬਦਲਣ ਦੀ ਲੋੜ ਹੈ। ਰਜਿੰਦਰ ਸਿੰਘ ਦੂਹੜੇ ਨੇ ਕਿਹਾ ਕਿ ਪਰਵਾਸੀਆਂ ਨਾਲ ਪਹਿਲਾਂ ਤੋਂ ਹੀ ਧੋਖਾ ਹੁੰਦਾ ਆ ਰਿਹਾ ਹੈ, ਹੁਣ ਚੰਗਾ ਮੌਕਾ ਹੈ। ਮਲਕੀਤ ਸਿੰਘ ਜੰਡੇਰ ਨੇ ਵਿਰੋਧੀ ਪ੍ਰਚਾਰ ਦਾ ਟਾਕਰਾ ਕਰਨ ਦੀ ਸਲਾਹ ਦਿੱਤੀ। ਅਵਤਾਰ ਸਿੰਘ ਬਰਾੜ ਨੇ ਪੰਜਾਬ ਦੇ ਪਿੰਡ ਪਿੰਡ ਵਿਚ ਸੰਪਰਕ ਕਰਨ ਦਾ ਸੁਝਾਓ ਦਿੱਤਾ। ਡਾ ਸੁੱਚਾ ਸਿੰਘ ਗਿੱਲ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦੀਆਂ ਪ੍ਰਾਪਤੀਆਂ ਨੂੰ ਮੋਰਚੇ ਨਾਲ ਜੋੜਿਆ ਜਾਵੇ, ਚੋਣਾਂ ਨਾ ਲੜਨ ਵਾਲੀਆਂ ਕਿਸਾਨ ਧਿਰਾਂ ਨਾਲ ਰਾਬਤਾ ਕਾਇਮ ਕੀਤਾ ਜਾਵੇ ਕਿਉਂਕਿ ਸੰਯੁਕਤ ਸਮਾਜ ਮੋਰਚੇ ਦਾ ਏਜੰਡਾ ਕਾਫ਼ੀ ਹੱਦ ਤਕ ਸੰਯੁਕਤ ਕਿਸਾਨ ਮੋਰਚੇ ਦੇ ਵੇਲੇ ਤੋਂ ਹੀ ਬਣਿਆ ਹੋਇਆ ਹੈ, ਪ੍ਰਚਾਰ ਵਾਸਤੇ ਸਮਾਜ ਦੇ ਸਾਰੇ ਵਰਗਾਂ ਨੂੰ ਨਾਲ ਲੈ ਕੇ ਚੱਲਿਆ ਜਾਵੇ, ਅਖਬਾਰਾਂ ਵਿੱਚ ਲਿਖਿਆ ਜਾਵੇ, ਵੀਡੀਓ ਬਣਾ ਕੇ ਪਾਈਆਂ ਜਾਣ, ਭਾਵ ਸਾਰੇ ਆਧੁਨਿਕ ਢੰਗ ਤਰੀਕੇ ਅਪਣਾਏ ਜਾਣ।

ਅੰਤ ਵਿਚ ਡਾ. ਇੰਦਰਜੀਤ ਸਿੰਘ ਮਾਨ ਨੇ ਪੇਸ਼ ਕੀਤੇ ਇਨ੍ਹਾਂ ਸਭਨਾਂ ਸੁਝਾਵਾਂ ਤੇ ਵਿਚਾਰ ਕਰਕੇ ਮੋਰਚੇ ਦੇ ਏਜੰਡੇ ਵਿੱਚ ਸ਼ਾਮਲ ਕਰਨ ਦਾ ਯਕੀਨ ਦੁਆਇਆ। ਪ੍ਰੋ. ਜਗੀਰ ਸਿੰਘ ਕਾਹਲੋਂ ਨੇ ਸਭਨਾਂ ਦਾ ਧੰਨਵਾਦ ਕੀਤਾ ਅਤੇ ਦੱਸਿਆ ਕਿ ਇਸ ਗਰੁੱਪ ਦਾ ਘੇਰਾ ਦਿਨ ਬ ਦਿਨ ਵਧ ਰਿਹਾ ਹੈ। ਇਸ ਗਰੁੱਪ ਨਾਲ ਸੰਪਰਕ ਕਰਨ ਤੇ ਹਰ ਕਿਸਮ ਦੀ ਜਾਣਕਾਰੀ ਲਈ ਬ੍ਰਿਟਿਸ਼ ਕੋਲਬੀਆ ਵਿਚ ਡਾ. ਇੰਦਰਜੀਤ ਸਿੰਘ ਮਾਨ (604-725-5707) ਅਤੇ ਪਰਗਣ ਸਿੰਘ ਮੱਟੂ (604-825-3211) ਨਾਲ ਸੰਪਰਕ ਕੀਤਾ ਜਾ ਸਕਦਾ ਹੈ.

## ਲੋੜਵੰਦਾਂ ਲਈ ਰੱਖੇ 90 ਕੰਪਿਊਟਰ ਪਾਣੀ ਵਿੱਚ ਡੁੱਬ ਗਏ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)ਸਾਊਥ ਈਸਟ ਕੈਲਗਰੀ ਵਿਚਲੀ ਫੌਰੈਸਟ ਲੌਨ ਕਮਿਊਨਿਟੀ ਐਸੋਸਿਏਸ਼ਨ ਦੀ ਬਿਲਡਿੰਗ ਵਿੱਚੋਂ ਗੁਜ਼ਰਦਾ ਪਾਣੀ ਦਾ ਇਕ ਪਾਇਪ ਫਟ ਗਿਆ ਜਿਸ ਨਾਲ, ਵਿਦਿਆਰਥੀਆਂ ਨੂੰ ਦੇਣ ਵਾਸਤੇ ਉੱਥੇ ਰੱਖੇ 90 ਦੇ ਕਰੀਬ ਕੰਪਿਊਟਰ ਪਾਣੀ ਵਿੱਚ ਡੁੱਬ ਕੇ ਖ਼ਰਾਬ ਹੋ ਗਏ ਦੱਸੇ ਜਾਂਦੇ ਹਨ। ਕਮਿਊਨਿਟੀ ਲੀਡਰ ਅਤੇ ਲੋੜਵੰਦ ਬੱਚਿਆਂ ਨੂੰ ਕੰਪਿਊਟਰ ਦੇਣ ਦਾ ਉਪਰਾਲਾ ਕਰ ਰਹੇ ਗਾਰ-ਗਾਰ ਨੇ ਇਸ ਘਟਨਾ 'ਤੇ ਡੂੰਘੇ ਦੁਖ ਦਾ ਇਜ਼ਹਾਰ ਕੀਤਾ ਹੈ। ਉਸ ਦਾ ਕਹਿਣਾ ਹੈ ਕਿ ਦਾਨੀਆਂ ਵੱਲੋਂ ਇਹ ਕੰਪਿਊਟਰ ਦਾਨ ਕੀਤੇ ਗਏ ਸਨ ਤੇ ਸਕੂਲਾਂ ਵਿੱਚ ਪੜ੍ਹਾਈ ਔਨਲਾਇਨ ਕੀਤੇ ਜਾਣ 'ਤੇ ਇਹ ਕੰਪਿਊਟਰ ਬੱਚਿਆਂ ਨੂੰ ਦਿੱਤੇ ਜਾਣੇ ਸਨ।

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!
For more info call:
Sandeep Pandher
MANAGER
at 403-999-2500



## ਫਿਲਮ ਨਗਰੀ ਦੀਆਂ ਪੁਰਾਣੀਆਂ ਯਾਦਾਂ


# ਜਦੋਂ ਰਾਜਿੰਦਰ ਸਿੰਘ ਬੇਦੀ ਨੇ ਆਪਨੀ ਰੂਹਦਾਰੀ ਲਈ ਸਭ ਤੋਂ ਵੱਡਾ ਜ਼ੋਖਮ ਲਿਆ- ਦਸਤਕ -1970



ਤਰਸੇਮ ਬਸ਼ਰ

ਰਿਸ਼ੀਕੇਸ਼ ਮੁਖਰਜੀ, ਨੇ ਇੱਕ ਵਾਰ ਕਿਹਾ ਸੀ ਕਿ ਰਾਜਿੰਦਰ ਸਿੰਘ ਬੇਦੀ ਦੀ ਫ਼ਿਲਮ ਨੂੰ ਐਡਿਟ ਕਰਦਿਆਂ ਜ਼ਿਆਦਾ ਮਜ਼ਾ ਆਉਂਦਾ ਹੈ ਉਸ ਦੀ ਫ਼ਿਲਮ ਲੇਖਕ ਦੀ ਫ਼ਿਲਮ ਹੁੰਦੀ ਹੈ ਤੇ ਉਸ ਤੋਂ ਜ਼ਿਆਦਾ ਪ੍ਰਤਿਭਾਸ਼ਾਲੀ ਲੇਖਕ ਫ਼ਿਲਮੀ ਦੁਨੀਆਂ ਵਿੱਚ ਤਾਂ ਨਹੀਂ ਹੈ ਦਸਤਕ ਰਾਜਿੰਦਰ ਸਿੰਘ ਬੇਦੀ ਹੁਰਾਂ ਦੀ ਫ਼ਿਲਮ ਸੀ। ਦਰਅਸਲ ਵੱਡਾ ਵਪਾਰਕ ਜ਼ੋਖਮ ।ਮਨੋਵਿਗਿਆਨਕ ਟੁੱਟ ਭੱਜ ਨੂੰ ਫ਼ਿਲਮ ਦੇ ਪਰਦੇ ਤੇ ਉਤਾਰਨਾ ਆਸਾਨ ਨਹੀਂ ਸੀ ਪਰ ਰਾਜਿੰਦਰ ਸਿੰਘ ਬੇਦੀ ਨੇ ਇਹ ਬਾਖ਼ੂਬੀ ਕਰ ਦਿਖਾਇਆ ।ਦਸਤਕ ਨੂੰ ਕਈ ਸ਼੍ਰੇਣੀਆਂ ਵਿੱਚ ਨੈਸ਼ਨਲ ਐਵਾਰਡ ਮਿਲਿਆ ।ਸੰਜੀਵ ਕੁਮਾਰ ਨੂੰ ਸਰਵਸ੍ਰੇਸ਼ਟ ਅਭਿਨੇਤਾ ,ਰਿਹਾਨਾ ਸੁਲਤਾਨ ਨੂੰ ਸਰਵਸ੍ਰੇਸ਼ਟ ਅਭਿਨੇਤਰੀ ਮਦਨ ਮੋਹਨ ਨੂੰ ਸਰਵ ਸ੍ਰੇਸ਼ਟ ਸੰਗੀਤਕਾਰ ਅਤੇ ਕਮਲ ਬੋਸ ਨੂੰ ਸਰਵ ਸ੍ਰੇਸ਼ਟ ਸਿਨੇਮਾਟੋਗ੍ਰਾਫਰ ।ਇਸ ਫ਼ਿਲਮ ਦਾ ਵਿਸ਼ਾ ਸੁਣ ਕੇ ਤੁਸੀਂ ਸ਼ਾਇਦ ਹੈਰਾਨ ਹੋ ਜਾਵੋਗੇ ।ਫ਼ਿਲਮ ਦਾ ਵਿਸ਼ਾ ਸੀ ਕਿ ਮਾਹੌਲ ਤੁਹਾਡੇ ਤੇ ਕਿਸ ਤਰ੍ਹਾਂ ਅਸਰ ਕਰਦਾ ਹੈ । ਅਜਿਹਾ ਵਿਸ਼ਾ ਕੋਈ ਲੇਖਕ ਹੀ ਸੋਚ ਸਕਦਾ ਸੀ ↓ ਪਰ ਅਜਿਹੇ ਵਿਸ਼ੇ ਤੇ ਵੱਡੀ ਸਟਾਰਕਾਸਟ ਨੂੰ ਲੈ ਕੇ ਫਿਲਮ ਬਣਾਉਣ ਦਾ ਜਿਗਰਾ ਰਾਜਿੰਦਰ ਸਿੰਘ ਬੇਦੀ ਵਰਗਾ ਵੱਡਾ ਬੰਦਾ ਹੀ ਕਰ ਸਕਦਾ ਸੀ ।ਫਿਲਮ ਦੀ ਕਹਾਣੀ ਇੱਥੇ ਨਹੀਂ ਲਿਖਣ ਜਾ ਰਿਹਾ ..ਇਹ ਵੇਖਣ ਦਾ ਵਿਸ਼ਾ ਹੈ ।ਪਰ ਸੰਖੇਪ ਚ ਦੱਸ ਦਿਆਂ ਇਕ ਐਸੇ ਜੋੜੀ ਦੀ ਕਹਾਣੀ ਹੈ ਜੋ ਸ਼ਹਿਰ ਵਿਚ ਨਵਾਂ ਹੈ ਤੇ ਉਸ ਮੁਹੱਲੇ ਵਿਚ ਕਿਰਾਏ ਤੇ ਰਹਿਣ ਲਈ ਆ ਜਾਂਦਾ ਹੈ ਜਿੱਥੇ ਨੱਚਣ ਗਾਉਣ ਵਾਲਿਆਂ ਦਾ ਵੀ ਬਸੇਰਾ ਹੈ । ਇਥੇ ਗਾਉਣ ਵਾਲੀਆਂ ਤਵਾਇਫ਼ਾਂ ਦੇ ਘਰ ਹਨ ।ਉੱਥੋਂ ਦਾ ਵਾਯੂਮੰਡਲ ਇਨ੍ਹਾਂ ਦੇ ਘਰ ਤੇ ਕਿਵੇਂ ਅਸਰ ਕਾਰਕ ਹੁੰਦਾ ਹੈ ਫਿਲਮ ਦੀ ਕਹਾਣੀ ਇਸੇ ਵਿੱਚ ਲੁਕੀ ਹੋਈ ਹੈ ਜੋ ਹੌਲੀ ਹੌਲੀ ਉੱਭਰ ਕੇ ਸਾਹਮਣੇ ਆਉਂਦੀ ਹੈ । ਸੰਜੀਵ ਕੁਮਾਰ ਅਤੇ ਰਿਹਾਨਾ ਸੁਲਤਾਨ ਤੋਂ ਇਲਾਵਾ ਅੰਜੂ ਮਹਿੰਦਰੂ ਦਿ ਵੀ ਫ਼ਿਲਮ ਵਿਚ ਅਹਿਮ ਭੂਮਿਕਾ ਹੈ ।

ਦਸਤਕ ਦੀ ਕਹਾਣੀ ਪਿੱਛੇ ਵੀ ਇਕ ਕਹਾਣੀ ਹੈ ।ਰਾਜਿੰਦਰ ਸਿੰਘ ਬੇਦੀ ਮੁੰਬਈ ਫ਼ਿਲਮ ਜਗਤ ਵਿਚ ਮਸ਼ਹੂਰ ਲੇਖਕ ਸਨ ।ਉਨ੍ਹਾਂ ਨੇ ਬਹੁਤ ਸਾਰੀਆਂ ਫ਼ਿਲਮਾਂ ਦੇ ਸੰਵਾਦ ਲਿਖੇ । ਜਿਵੇਂ ਕਿ ਸੋਹਰਾਬ ਮੋਦੀ ਦੀ ਮਿਰਜ਼ਾ ਗ਼ਾਲਿਬ ਜਿਸ ਦੀ ਕਹਾਣੀ ਸਆਦਤ ਹਸਨ ਮੰਟੋ ਨੇ ਲਿਖੀ ਸੀ ਤੇ ਸੰਵਾਦ ਹਿੰਦੁਸਤਾਨੀ ਵਿੱਚ ਰਾਜਿੰਦਰ ਸਿੰਘ ਬੇਦੀ ਨੇ । ਬਿਮਲ ਰਾਏ ਦੀ ਦੇਵਦਾਸ ਦੇ ਸੰਵਾਦ ਵੀ
ਰਾਜਿੰਦਰ ਸਿੰਘ ਬੇਦੀ ਨੇ ਲਿਖੇ ਸਨ ।ਹੋਰ ਸੈਂਕੜੇ ਫ਼ਿਲਮਾਂ ਹਨ ਜਿਨ੍ਹਾਂ ਦੇ ਸੰਵਾਦ ਅਤੇ ਕਹਾਣੀਆਂ ਰਾਜਿੰਦਰ ਸਿੰਘ ਬੇਦੀ ਨੇ ਲਿਖੀਆਂ ਸਨ ਪਰ ਉਸ ਤੋਂ ਪਹਿਲਾਂ ਹੀ ਬਤੌਰ ਤਜਿੰਦਰ ਸਿੰਘ ਬੇਦੀ ਲੇਖਕ ਦੇ ਤੌਰ ਤੇ ਆਪਣੀ ਇੱਕ ਵੱਡੀ ਪਛਾਣ ਬਣਾ ਚੁੱਕੇ ਸਨ ।ਵੰਡ ਤੋਂ ਪਹਿਲਾਂ ਦੇ ਭਾਰਤ ਵਿਚ ਉਹ ਚੁਨਿੰਦਾ ਲੇਖਕਾਂ ਵਿਚੋਂ ਇਕ ਸਨ ।ਉਸ ਦੌਰ ਦੇ ਲੇਖਕਾਂ ਦੀ ਗੱਲ ਕਰਦੇ ਹਾਂ ਤਾਂ ਸਆਦਤ ਹਸਨ ਮੰਟੋ, ਕ੍ਰਿਸ਼ਨ ਚੰਦਰ,ਖਵਾਜਾ ਅਹਿਮਦ ਅੱਬਾਸ ਤੋਂ ਬਾਅਦ ਰਾਜਿੰਦਰ ਸਿੰਘ ਬੇਦੀ ਦੀ ਹੀ ਜ਼ਿਆਦਾ ਗੱਲ ਹੁੰਦੀ ਹੈ ।ਇਸ ਦੌਰ ਵਿੱਚ ਜਦੋਂ ਉਹ ਡਾਕ ਤਾਰ ਵਿਭਾਗ ਵਿੱਚ ਨੌਕਰੀ ਕਰਦੇ ਸਨ ਤਾਂ ਉਹ ਨਾਟਕ ਵੀ ਲਿਖਦੇ ਸਨ ਉਦੋਂ ਹੀ ਉਨ੍ਹਾਂ ਨੇ ਇਕ ਨਾਟਕ ਲਿਖਿਆ ਸੀ ਨਕਲ ਏ ਮਕਾਨੀ।




ਫਿਰ ਜਦੋਂ ਉਹ ਲਾਹੌਰ ਰੇਡੀਓ ਤੇ ਨੌਕਰੀ ਕਰਨ ਲੱਗੇ ਤਾਂ ਇਸੇ ਨਾਟਕ ਦਾ ਰੂਪਾਂਤਰਣ ਕੀਤਾ ਗਿਆ ਅਤੇ ਲਾਹੌਰ ਰੇਡੀਓ ਤੋਂ ਵੀ ਚਲਾਇਆ ਗਿਆ ਸੀ । ਇਹੀ ਨਾਟਕ ਦਸਤਕ ਫ਼ਿਲਮ ਦਾ ਮੂਲ ਕਥਾਨਕ ਹੈ ਜੋ ਉਨ੍ਹਾਂ ਨੇ ਉਨੀ ਸੌ ਚੁਤਾਲੀ ਵਿੱਚ ਲਿਖਿਆ ਸੀ ।
ਨਕਲ ਏ ਮਕਾਨੀ ↓ ਕਿਰਾਏ ਤੇ ਲਏ ਗਏ ਘਰ ਨਾਲ ਸਬੰਧਤ ਇਸ ਘਟਨਾਕ੍ਰਮ ਤੇ ਉਨ੍ਹਾਂ ਨੇ ਮਾਨਸਿਕ ਟੁੱਟ ਭੱਜ ਦੀ ਜਿਹੀ ਕਹਾਣੀ ਲਿਖੀ ਜੋ ਨਾਯਾਬ ਸੀ ਬਿਹਤਰੀਨ ਸੀ । ਰਾਜਿੰਦਰ ਸਿੰਘ ਬੇਦੀ ਪੂਰੀ ਤਰ੍ਹਾਂ ਕਲਾਤਮਕ ਇਨਸਾਨ ਸਨ ਉਨ੍ਹਾਂ ਨੂੰ ਉਰਦੂ ਦਾ ਬਹੁਤ ਵੱਡਾ ਗਲਪਕਾਰ ਮੰਨਿਆ ਜਾਂਦਾ ਸੀ....ਕਿਹਾ ਜਾਂਦਾ ਹੈ ਕਿ ਉਹ ਸਾਧਾਰਨ ਗੱਲ ਨਾ ਕਰਦੇ ਸਨ ਤੇ ਨਾ ਸੁਣਨਾ ਪਸੰਦ ਕਰਦੇ ਸਨ ।ਵੰਡ ਤੋਂ ਬਾਅਦ ਜਦੋਂ ਸੀਮਤ ਪੂੰਜੀ ਹੋਣ ਕਾਰਨ ਉਹ ਪ੍ਰੇਸ਼ਾਨ ਸਨ ਅਤੇ ਮੁੰਬਈ ਜਾਣ ਦਾ ਇਰਾਦਾ ਕਰ ਚੁੱਕੇ ਸਨ ।ਤਾਂ ਪਤਨੀ ਨੇ ਉਨ੍ਹਾਂ ਨੂੰ ਇਸ ਤੇ ਸੋਚਣ ਲਈ ਕਿਹਾ ।ਪਤਨੀ ਰਿਸ਼ਤੇਦਾਰਾਂ ਵਿੱਚੋਂ ਨਿਕਲ ਕੇ ਕਿਸੇ ਪਰਾਈ ਜਗ੍ਹਾ ਤੇ ਜਾ ਕੇ ਸਫਲ ਹੋਣ ਤੇ ਕਿੰਤੂ ਪ੍ਰੰਤੂ ਕਰ ਰਹੀ ਸੀ ।ਇਸ ਮੌਕੇ ਰਜਿੰਦਰ ਸਿੰਘ ਬੇਦੀ ਵੱਲੋਂ ਦਿੱਤਾ ਗਿਆ ਜਵਾਬ ਅੱਜ ਵੀ ਚਰਚਾ ਵਿਚ ਰਹਿੰਦਾ ਹੈ ਜਵਾਬ ਸੀ
ਇਹ ਸਾਡੇ ਜਾਣਕਾਰ ਹਨ ਰਿਸ਼ਤੇਦਾਰ ਹਨ ਮੈਂ ਇਨ੍ਹਾਂ ਨੂੰ ਨਹੀਂ ਜਿੱਤ ਸਕਦਾ ਪਰ ਇਹ ਮੈਨੂੰ ਪਤਾ ਹੈ ਕਿ ਮੈਂ ਮੁੰਬਈ ਨੂੰ ਜਿੱਤ ਸਕਦਾ ਹਾਂ ,ਜਿੱਤ ਲਵਾਂਗਾ ਤੇ ਉਨ੍ਹਾਂ ਨੇ ਮੁੰਬਈ ਨੂੰ ਜਿੱਤ ਵੀ ਲਿਆ ।ਉਨ੍ਹਾਂ ਨੂੰ ਉੱਥੇ ਜਲਦੀ ਹੀ ਬਿਮਲ ਰਾਏ, ਰਿਸ਼ੀਕੇਸ਼ ਮੁਕਰਜੀ ਆਦਿ ਵੱਡੇ ਬੰਦਿਆਂ ਦਾ ਸਾਥ ਮਿਲ ਗਿਆ ਜਿਨ੍ਹਾਂ ਨੂੰ ਉਨ੍ਹਾਂ ਦੀ ਪ੍ਰਤਿਭਾ ਬਾਰੇ ਇਲਮ ਸੀ ।ਦਸਤਕ ਰਾਜਿੰਦਰ ਸਿੰਘ ਦੀ ਆਪਣੀ ਫ਼ਿਲਮ ਸੀ ਆਪਣੀ ਰੂਹਦਾਰੀ ਵਾਸਤੇ ਬਣਾਈ ਗਈ ਫ਼ਿਲਮ । ਫ਼ਿਲਮ ਵਿੱਚ ਗੀਤਕਾਰ ਦੇ ਤੌਰ ਤੇ ਮਜਰੂਹ ਸੁਲਤਾਨਪੁਰੀ ਨੇ ਗੀਤ ਨਹੀਂ ਗ਼ਜ਼ਲਾਂ ਲਿਖੀਆਂ ↓ ਦਸਤਕ ਦਾ ਇਕ ਦਿਲਚਸਪ ਤੱਥ ਇਹ ਵੀ ਹੈ ਕਿ ਪ੍ਰਸਿੱਧ
ਸੰਗੀਤਕਾਰ ਮਦਨ ਮੋਹਨ ਨੇ ਆਪਣੀ ਆਵਾਜ਼ ਵਿੱਚ ਵੀ ਇਕ ਗੀਤ ਰਿਕਾਰਡ ਕੀਤਾ ਕੀਤਾ ਸੀ ।ਮਾਈ ਰੀ ਮੈਂ ਕਾਸੇ ਕਹੂੰ ਅਪਨੇ ਜਿਆ ਕੀ ਜੇ ਤੁਸੀਂ ਡੂੰਘੇ ਅਹਿਸਾਸਾਂ ਦੀਆਂ ਪਰਤਾਂ ਵਿੱਚ ਉਤਰ ਸਕਦੇ ਹੋ ਜੇ ਤੁਸੀਂ ਸਿਰਫ਼ ਮਨੋਰੰਜਨ ਲਈ ਹੀ ਫ਼ਿਲਮਾਂ ਨਹੀਂ ਦੇਖਦੇ ਤਾਂ ਦਸਤਕ ਤੁਹਾਡੇ ਦੇਖਣ ਵਾਲੀ ਫ਼ਿਲਮ ਹੈ ।ਤਰਾਸਦੀ ਇੱਕ ਇਹ ਵੀ ਰਹੀ ਹੈ ਕਿ ਪੰਜਾਬੀਆਂ ਨੇ ਰਾਜਿੰਦਰ ਸਿੰਘ ਬੇਦੀ ਨੂੰ ਉਹ ਮਰਤਬਾ ਨਹੀਂ ਦਿੱਤਾ ਜਿਸ ਦੇ ਉਹ ਹੱਕਦਾਰ ਸਨ ।ਉਹ ਭਾਵੇਂ ਉਰਦੂ ਦੇ ਲੇਖਕ ਸਨ ਅਸਲ ਵਿਚ ਹਿੰਦੁਸਤਾਨੀ ਦੇ ਪਰ ਉਨ੍ਹਾਂ ਦੇ ਕਿਰਦਾਰ ਪੰਜਾਬੀ ਹੁੰਦੇ ਸਨ ..ਬਹੁਤੀਆਂ ਰਚਨਾਵਾਂ ਵਿੱਚ ਉਹ ਪੰਜਾਬ ਦੇ ਦੁਖਾਂਤ ਦੀ ਗੱਲ ਕਰਦੇ ਸਨ ।ਜੇ ਇਹ ਕਿਹਾ ਜਾਂਦਾ ਹੈ ਕਿ ਹਿੰਦੁਸਤਾਨੀ ਸਿਨੇਮਾ ਦੇ ਸੁਨਹਿਰੀ ਯੁੱਗ ਵਿੱਚ ਬੰਗਲਾ ਅਤੇ ਪੰਜਾਬੀ ਲੋਕਾਂ ਦਾ ਵੱਡਾ ਅਸਰ ਰਿਹਾ ਹੈ ਤਾ ਉਸ ਵਿੱਚ ਰਾਜਿੰਦਰ ਸਿੰਘ ਬੇਦੀ ਦੀ ਨਿਭਾਈ ਭੂਮਿਕਾ ਨੂੰ ਕਦੇ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ।

# ਪੁਸਤਕ ਸਮੀਖਿਆ ਕਾਇਨਾਤ


## ਸਮੀਖਿਆਕਾਰ – ਜਗਦੇਵ ਸਿੱਧੂ

ਕੋਰੋਨਾਵਾਇਰਸ ਦੀ ਮਹਾਂਮਾਰੀ ਨੇ ਸਾਰੀ ਦੁਨੀਆਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ।ਇਸ ਬੀਮਾਰੀ ਨਾਲ ਇਲਾਜ ਖੁਣੋਂ ਹੋ ਰਹੀਆਂ ਮੌਤਾਂ ਨੇ ਸਾਰੇ ਰੀਕਾਰਡ ਮਾਤ ਪਾ ਦਿੱਤੇ। ਖਾਸ ਕਰ ਕੇ ਭਾਰਤ ਵਰਗੇ ਦੇਸ਼ ਅੰਦਰ ਜਿਸ ਤਰ੍ਹਾਂ ਗ਼ਰੀਬ ਲੋਕ ਇਸ ਬੀਮਾਰੀ ਦਾ ਸ਼ਿਕਾਰ ਹੋਏ ਤੇ ਜਿਵੇਂ ਉਨ੍ਹਾਂ ਦੀਆਂ ਲੋਥਾਂ ਰੁਲਦੀਆਂ ਦੁਨੀਆਂ ਨੇ ਸ਼ਰੇਆਮ ਦੇਖੀਆਂ, ਜਿਸ ਤਰ੍ਹਾਂ ਆਪਣੇ ਸਕਿਆਂ ਦੇ ਸਸਕਾਰ ਕਰਨ ਤੋਂ ਵੀ ਆਪਣਿਆਂ ਨੇ ਮੂੰਹ ਫੇਰ ਲਿਆ। ਉਸ ਭਿਆਨਕ ਮੰਜ਼ਰ ਨੇ ਮਨੁੱਖਤਾ ਨੂੰ ਸ਼ਰਮਸ਼ਾਰ ਤਾਂ ਕੀਤਾ ਹੀ, ਕਵੀ ਦੀ ਵੇਦਨਾ ਵੀ ਪੁਕਾਰ ਉੱਠੀ - ਹੁੰਦਿਆਂ ਸੁੰਦਿਆਂ ਭਰੇ ਪਰਵਾਰਾਂ ਦੇ \ ਹੋ ਗਈਆਂ ਨੇ ਲਾਸ਼ਾਂ ਲਾਵਾਰਿਸ। (27)। ਗੁਰਮ ਨੂੰ ਆਪਣੀ ਲਿਆਕਤ ਤੇ ਭਰੋਸਾ ਹੈ। ਉਸ ਦੇ ਸੁਪਨਮਈ ਟੀਚੇ ਪਹੁੰਚਣਯੋਗ ਹਨ। ਉਹ ਧਰਤੀ ਨਾਲ ਜੁੜਿਆ ਹੋਇਆ ਹੈ। ਉਸ ਦਾ ਇਹ ਨਿੱਜ ਸਾਰਿਆਂ ਲਈ ਸਾਰਥਕ ਸੁਨੇਹਾ ਦੇਣ ਵਾਲਾ ਹੈ - ਮੇਰੀ ਤਾਂ ਚਾਹਤ ਹੈ ਬੱਸ ਜਿਉਣ ਦੀ ਇਸੇ ਧਰਤੀ 'ਤੇ ਸਵਰਗ ਦੀ ਤਰ੍ਹਾਂ -- ਮੈਂ ਤਾਂ ਰਖਦਾ ਹਾਂ ਯਕੀਨ / ਕੁਦਰਤ ਦੇ ਅਸੂਲਾਂ'ਚ।

'ਕਾਇਨਾਤ' ਬਚਨ ਸਿੰਘ ਗੁਰਮ ਦਾ ਦੂਜਾ ਕਾਵਿ-ਸੰਗ੍ਰਹਿ ਹੈ। ਪਹਿਲੇ ਕਾਵਿ-ਸੰਗ੍ਰਹਿ 'ਦੇਖਿਆ ਪਰਖਿਆ' ਨੂੰ ਚੰਗਾ ਉਤਸ਼ਾਹਜਨਕ ਹੁੰਗਾਰਾ ਮਿਲਿਆ ਸੀ। ਇਸ ਤੋਂ ਬਿਨਾ ਉਸ ਦੇ ਤਿੰਨ ਸਾਂਝੇ ਕਾਵਿ-ਸੰਗ੍ਰਹਿ ਅਤੇ ਇੱਕ ਸਾਂਝਾ ਦੋ-ਲਿਪੀ ਗ਼ਜ਼ਲ ਸੰਗ੍ਰਹਿ ਵੀ ਛਪ ਚੁੱਕੇ ਹਨ। ਹਥਲੀ ਪੁਸਤਕ ਥੋੜ੍ਹਾ ਸਮਾਂ ਪਹਿਲਾਂ ਜ਼ੋਹਰਾ ਪਬਲੀਕੇਸ਼ਨਜ਼, ਪਟਿਆਲਾ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਹੈ। 118 ਸਫ਼ਿਆਂ ਦੀ ਇਸ ਪੁਸਤਕ ਦੀ ਕੀਮਤ 220 ਰੁਪਏ ਰੱਖੀ ਗਈ ਹੈ। ਇਸ ਵਿਚ ਕੁੱਲ 26 ਖੁੱਲ੍ਹੀਆਂ ਕਵਿਤਾਵਾਂ ਅਤੇ 44 ਗ਼ਜ਼ਲਾਂ \ ਛੰਦ-ਬੱਧ ਨਜ਼ਮਾਂ ਸ਼ਾਮਲ ਹਨ। ਆਰੰਭ ਵਿਚ ਪ੍ਰਸਿੱਧ ਸਾਹਿਤਕਾਰ ਡਾ. ਤੇਜਵੰਤ ਮਾਨ ਦੇ ਇਹ ਸ਼ਬਦ ਕਵੀ ਦੀ ਕਾਵਿ-ਸਮਰੱਥਾ ਨੂੰ ਇਉਂ ਕਲਮ-ਬੰਦ ਕਰਦੇ ਹਨ - 'ਗੁਰਮ' ਆਪਣੇ ਦੁਆਲੇ ਦੀ ਮਨੁੱਖ-ਮਾਰੂ ਮਾਨਸਿਕਤਾ ਨੂੰ ਬਦਲ ਕੇ ਇੱਕ ਇੱਛਤ ਵਾਸਤਵਿਕਤਾ ਦੀ ਮੂਰਤ ਨੂੰ ਸਾਕਾਰ ਕਰਨ ਲਈ ਅਗਰਸਰ ਹੈ। ਸੁਖਮਿੰਦਰ ਸੇਖੋਂ ਉਸ ਦੇ ਕਾਵਿ-ਸੰਸਾਰ ਬਾਰੇ ਰਾਇ ਦਿੰਦਾ ਹੈ ਕਿ ਉਸ ਦੀ ਕਵਿਤਾ ਤਰਕਮਈ ਵਿਚਾਰਾਂ ਦੇ ਆਹਰ ਵਿਚ ਰਹਿੰਦੀ ਹੈ। ਖ਼ੁਦ ਗੁਰਮ ਆਪਣੇ ਵੱਲੋਂ 'ਕੁੱਝ ਸ਼ਬਦ' ਅੰਦਰ ਜਾਣਕਾਰੀ ਦੇ ਰਿਹਾ ਹੈ ਕਿ ਉਸ ਨੇ ਲਗਾਤਾਰ ਪੰਜਾਬੀ, ਉਰਦੂ ਤੇ ਹਿੰਦੀ ਸ਼ਾਇਰੀ ਤੋਂ ਇਲਾਵਾ ਧਰਮ, ਫਲਸਫਾ ਅਤੇ ਤਰਕਵਾਦੀ ਤੇ ਨਿਰਪੱਖ ਵਿਚਾਰਾਂ ਵਾਲੇ ਵਿਦਵਾਨਾ ਦੁਆਰਾ ਰਚੇ ਸਾਹਿਤ ਦਾ ਅਧਿਅਨ ਕੀਤਾ ਹੈ। ਇੱਥੋਂ ਸਪਸ਼ਟ ਹੋ ਜਾਂਦਾ ਹੈ ਕਿ ਇਸ ਅਧਿਅਨ ਤੋਂ ਗ੍ਰਹਿਣ ਕੀਤੇ ਅਨੁਭਵ ਅਤੇ ਨਿੱਜੀ ਤਜਰਬੇ ਨਾਲ ਜੋ ਸੋਚ ਬਣੀ, ਉਹ ਉਸ ਦੀ ਕਾਵਿ-ਸਿਰਜਣਾ ਦਾ ਆਧਾਰ ਹੋ ਨਿੱਬੜੀ। ਗੰਭੀਰ ਮੁਤਾਲਿਆ, ਤੀਬਰ ਦ੍ਰਿਸ਼ਟੀ, ਵਿਗਿਆਨਕ ਪਹੁੰਚ ਅਤੇ ਤਰਕਮਈ ਸੋਚ ਨਾਲ ਨਾਲ ਵਿਕਸਤ ਹੋਈ ਸ਼ਖ਼ਸੀਅਤ ਅੰਦਰੋਂ ਜੋ ਸਿਰਜਣਾ ਪ੍ਰਗਟ ਹੋਈ ਹੈ ਉਹ ਵਾਸਤਵਿਕਤਾ ਦਾ ਪੱਲਾ ਵੀ ਫੜ ਕੇ ਰਖਦੀ ਹੈ ਅਤੇ ਨਾਲ ਹੀ ਉਸ ਨੂੰ ਪ੍ਰਗਤੀਸ਼ਾਲੀ ਅਤੇ ਆਸ਼ਾਵਾਦੀ ਸੰਭਾਵਨਾਵਾਂ ਦਾ ਧਾਰਨੀ ਬਣਾਉਂਦੀ ਹੈ। ਉਸ ਦੀਆਂ ਕਵਿਤਾਵਾਂ ਨਿਰਾਸ਼ਾਜਨਕ ਮਾਹੌਲ ਦੀ ਗੱਲ ਕਰਦਿਆਂ ਵੀ ਉਦਾਰ ਜਾਂ ਮਾਯੂਸ ਨਹੀਂ ਹੁੰਦੀਆਂ ਸਗੋਂ ਸਹੀ ਤੇ ਉਸਾਰੂ ਦਿਸ਼ਾ ਵੱਲ ਅਗਰਸਰ ਹੁੰਦੀਆਂ ਹਨ। ਗੁਰਮ ਆਪਣੀ ਕਮਾਈ ਹੋਈ ਆਜ਼ਾਦ ਤੇ ਨਿਰਪੱਖ ਅਨੁਭਵੀ ਸੋਚ ਦਾ ਮਾਲਕ ਹੈ ਜਿਸ ਤੋਂ ਕਦੇ ਵੀ ਥਿੜਕਦਾ ਨਹੀਂ ਦਿਸਦਾ।ਸਾਦਗੀ,ਸਪਸ਼ਟਤਾ, ਯਥਾਰਥ ਉਸ ਦੀਆਂ ਕਵਿਤਾਵਾਂ ਦੇ ਮੀਰੀ ਗੁਣ ਹਨ। ਉਹ ਕਵਿਤਾ ਨੂੰ ਪਾਠਕਾਂ ਦੇ ਨਾ-ਸਮਝ ਆਉਣ ਵਾਲੇ ਭੰਬਲਭੂਸੇ ਤੋਂ ਬਾਹਰ ਰੱਖ ਕੇ ਆਪਣੀ ਵੱਖਰੀ ਪਛਾਣ ਬਣਾ ਰਿਹਾ ਪ੍ਰਤੀਤ ਹੁੰਦਾ ਹੈ। ਉਸ ਦਾ ਮੁਹਾਵਰਾ ਉਸ ਦੇ ਅਨੁਭਵ ਅਤੇ ਜਜ਼ਬਾਤ ਦੇ ਮੇਚ ਦਾ ਹੈ। ਉਸ ਦੀਆਂ ਕਵਿਤਾਵਾਂ ਦੇ ਟੋਟਕੇ ਜਾਂ ਸ਼ਿਅਰ ਅੰਤਰ-ਸੰਬੰਧਤ ਹੁਦੇ ਹੋਏ ਵਿਚਾਰ ਦੀ ਪ੍ਰੋੜ੍ਹਤਾ ਕਰ ਕੇ ਮਜ਼ਬੂਤੀ ਪ੍ਰਦਾਨ ਕਰਦੇ ਹਨ। ਕਵਿਤਾ ਸ਼ੁਰੂ ਹੁੰਦੇ ਸਾਰ ਪਾਠਕ ਨੂੰ ਨਾਲ ਤੋਰ ਕੇ ਸਾਂਝ ਪਾ ਲੈਂਦੀ ਹੈ।

ਗੁਰਮ ਦੀ ਕਵਿਤਾ ਵਿੱਚ ਰਿਸ਼ਤਿਆਂ ਅਤੇ ਸੰਬੰਧਾਂ ਦੀ ਕਰੂਰਤਾ ਅਤੇ ਕੌੜਾ ਤਜਰਬਾ ਵਿਦਮਾਨ ਤਾਂ ਹੈ, ਪਰ ਇਸ ਤੋਂ ਨਿਰਾਸ਼ਾ ਨਹੀਂ ਉਪਜਦੀ ਸਗੋਂ ਆਸਵੰਦ ਹੋਕੇ ਅੱਗੇ ਵਧਣ ਦਾ ਉਪਰਾਲਾ ਲੈਕੇ ਸ਼ਾਇਰ ਦੀ ਮਾਨਸਿਕਤਾ ਪਾਠਕ ਦੀ ਮਾਨਸਿਕਤਾ ਦਾ ਅੰਗ ਬਣਦੀ ਹੈ - ਵਸਾ ਟੁੱਟੇ ਦਿਲਾਂ 'ਚ ਕੁਝ ਬਸਤੀਆਂ, ਉੱਜੜੇ ਘਰਾਂ ਨੂੰ ਮੁੜ ਅਬਾਦ ਕਰ। ( 85 )।ਜਿਹੜੇ ਮਾਨਵਤਾ ਦੇ ਸਰੋਕਾਰਾਂ ਤੋਂ ਅਵੇਸਲੇ ਰਹਿੰਦੇ ਹਨ, ਉਨ੍ਹਾਂ ਬਾਰੇ ਕਿੰਨਾ ਸਹੀ ਨਿਰਣਾ ਹੈ - ਫ਼ਰਕ ਕੀ ਪੈਂਦੈ ਉਹ ਦੇ ਹੋਣ ਜਾਂ ਨਾ ਹੋਣ ਨਾਲ 'ਗੁਰਮ,'ਆਦਮੀ ਦੇ ਦੁੱਖਾਂ ਤੋਂ ਜਿਹੜਾ ਗਾਫ਼ਲ ਹੀ ਰਹੇ। ( 79 )। ਗੁਰਮ ਦੀ ਕਾਵਿ-ਅਭਿਵਿਅਕਤੀ ਦਾ ਕੋਈ ਮਨੋਰਥ ਹੈ - ਆ ਰਿਹੈ ਹੁਣ ਸਾਨੂੰ ਜ਼ਬਾਨਾਂ ਵਾਲਿਆਂ ਨੂੰ \ ਬੇ ਜ਼ਬਾਨਾਂ ਦੀ ਮਰਜ਼ੀ ਦਾ ਵੀ ਖਿਆਲ।(26 )। ਵਕਤ ਨਾਲ ਹਰ ਖੇਤਰ ਵਿਚ ਹੋਈ ਉਥਲ-ਪੁਥਲ, ਆਮ ਜ਼ਿਦਗੀ, ਸਮਾਜਕ, ਆਰਥਕ ਸੰਦਰਭ ਵਿਚ ਬਦਲਦੇ ਸਮੀਕਰਣਾਂ ਨੂੰ ਕਵੀ ਸਾਵੀਂ ਦ੍ਰਿਸ਼ਟੀ ਨਾਲ ਘੋਖ ਕੇ ਮੂਰਤੀਮਾਨ ਕਰਦਾ ਹੈ। ਸਾਡੇ ਸਮਿਆਂ ਅੰਦਰ ਦੋ ਜਾਂ ਤਿੰਨ ਪੀੜ੍ਹੀਆਂ ਦਰਮਿਆਨ ਤੇਜ਼ੀ ਨਾਲ ਬਦਲਦੀਆਂ ਹਾਲਤਾਂ ਨੇ ਪਿਛਲੀ ਪੀੜ੍ਹੀ ਦੇ ਲਈ ਜੋ ਸੰਤਾਪ ਤੇ ਅਸਾਵਾਂਪਣ ਪੈਦਾ ਕੀਤਾ, ਅਗਲੀ ਪੀੜ੍ਹੀ ਨੂੰ ਸਮੇਂ ਦੇ ਹਾਣੀ ਬਨਾਉਣ ਲਈ ਜੋ ਕੁਛ ਪਿੰਡੇ ਤੇ ਹੰਢਾਇਆ, ਉਸ ਦਾ ਦਰਦਮਈ ਮਾਰਮਿਕ ਚਿਤਰਣ ਉਸ ਦੀ ਕਵਿਤਾ 'ਬਾਪੂ ਦੇ ਖ਼ਾਤੇ' ਵਿਚ ਬੜੇ ਕਮਾਲ ਦੀ ਕਲਾਤਮਕ ਸ਼ੈਲੀ ਰਾਹੀਂ ਮਿਲਦਾ ਹੈ। ਹਰੀ ਕ੍ਰਾਂਤੀ ਦੇ ਨਾਂ ਹੇਠ ਪੰਜਾਬ ਦੀ ਕਿਸਾਨੀ ਕਰਜ਼ਿਆਂ ਅੰਦਰ ਬੁਰੀ ਤਰ੍ਹਾਂ ਜਕੜੀ ਗਈ। ਖੇਤੀ ਦਾ ਧੰਦਾ ਲਾਹੇਵੰਦਾ ਨਹੀਂ ਰਿਹਾ। ਇਸ ਜਗਲਣ ਵਿੱਚੋਂ ਅਗਲੀ ਪੀੜ੍ਹੀ ਨੂੰ ਬਾਹਰ ਕੱਢਣ ਲਈ ਜੋ ਕੁਛ ਕਰਨਾ ਪੈ ਰਿਹਾ ਹੈ, ਦੋ ਪੀੜ੍ਹੀਆਂ ਦੇ ਜੀਵਨ-ਪੱਧਰ ਵਿਚ ਜੋ ਅੰਤਰ ਆਇਆ ਹੈ, ਉਸ ਦਾ ਪਿਛੋਕੜ ਇੱਕ ਪੀੜ੍ਹੀ ਦੀ ਹੱਡ-ਭੰਨਵੀਂ ਕਮਾਈ ਅਤੇ ਉਸ ਦੁਆਰਾ ਚੁੱਕਿਆ ਕਰਜ਼ਿਆਂ ਦਾ ਭਾਰ ਹੈ - ਬਾਪੂ ਦੇ ਖ਼ਾਤੇ ਮਹਿਜ਼ ਇੰਦਰਾਜ਼ ਨਹੀਂ \ ਬੈਂਕਾਂ ਦੀਆਂ ਕਿਤਾਬਾਂ 'ਚ \ ਸ਼ਾਹਾਂ ਦੀਆਂ ਬਹੀਆਂ ਵਿਚ \ ਤੇ \ ਉਸ ਦੀਆਂ ਆਪਣੀਆਂ ਡਾਇਰੀਆਂ ਵਿੱਚ --ਕਿਉਂ ਕਿ ਪਲ ਪਲ ਮਰਨ ਦਾ ਕੋਈ ਵੀ ਇੰਦਰਾਜ ਨਹੀਂ ਦਿਸਦਾ ਹੁੰਦਾ ਖ਼ਾਤਿਆਂ'ਚ।

ਸੂਚਨਾ ਤਕਨਾਲੋਜੀ ਅੰਦਰ ਆਏ




ਇਨਕਲਾਬ ਨੇ ਅਣ-ਕਿਆਸੀ ਤੇਜ਼ੀ ਨਾਲ ਮਨੁੱਖੀ ਸੁਭਾਅ ਨੂੰ ਵੀ ਚੁੰਧਿਆ ਕੇ ਰੱਖ ਦਿੱਤਾ ਹੈ। ਖ਼ਤ ਲਿਖਣ, ਉਡੀਕਣ, ਪੜ੍ਹਨ ਤੇ ਸਾਂਭਣ ਦਾ ਜੋ ਮਨੁੱਖੀ ਭਾਵਨਾਵਾਂ ਦੇ ਪ੍ਰਟਾਅ ਸਾਧਨ ਸੀ, ਉਸ ਦੀ ਥਾਂ ਇੰਟਰਨੈੱਟ ਨੇ ਲੈ ਲਈ ਹੈ। ਇਹ ਵਿਗੋਚਾ ਕਵੀ ਨੂੰ ਬੇ-ਚੈਨ ਕਰਦਾ ਹੈ - ਹੱਥੀਂ ਲਿਖੇ ਖ਼ਤਾਂ ਨੂੰ ਤਾਂ ਕਦੋਂ ਦੇ ਗਏ ਸੀ ਨਿਗਲ ਤੇਰੇ ਹੁੰਦਿਆਂ ਹੀ ਮੋਬਾਈਲ ਫ਼ੋਨ ਤੇ ਇੰਟਰਨੈੱਟ। (43)। ਸ਼ਾਇਦ ਅਗਲੀਆਂ ਪੀੜ੍ਹੀਆਂ ਨੂੰ ਪਤਾ ਵੀ ਨਾ ਰਹੇ ਕਿ - ਸਾਂਭੇ ਜਾਂਦੇ ਸੀ - ਅਜਿਹੇ ਖ਼ਤ ਦਸਤਾਂਵੇਜ਼ਾਂ ਵਾਂਗ। (36)। ਹੁਣ ਤਾਂ ਟਾਈਪ ਕਰੋ, ਸੇਵ ਕਰੋ, ਕਲਿੱਕ ਕਰੋ ਤੇ ਡਿਲੀਟ ਕਰ ਦਿ?, ਕੀ ਫ਼ਰਕ ਪੈਂਦਾ ਹੈ।

ਗੁਰਮ ਕਿਸੇ ਵਾਦ ਜਾਂ ਵਰਗ ਨਾਲ ਨਹੀਂ ਬੱਝਿਆ ਹੋਇਆ। ਸਾਲ ਭਰ ਚੱਲੇ ਇਤਿਹਾਸਕ ਕਿਸਾਨ ਅੰਦੋਲਨ ਦੀ ਵੰਗਾਰ ਨੂੰ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਅੱਤਿਆਚਾਰੀ ਤਾਨਾਸ਼ਾਹ ਨੂੰ ਦਿੱਤੀ ਵੰਗਾਰ ਨਾਲ ਤਸ਼ਬੀਹ ਦਿੱਤੀ ਹੈ - ਪਰ ਭੁਲਦੇ ਹੋ ਤੁਸੀਂ \ ਕਿ ਅਸੀਂ ਤਾਂ ਲਿਖਦੇ ਰਹੇ ਹਾਂ ਜ਼ਫ਼ਰਨਾਮਾ \ ਹਰ ਵਕਤ ਦੇ ਔਰੰਗਜ਼ੇਬ ਨੂੰ। (29)। ਇੱਕ ਹੋਰ ਕਵਿਤਾ 'ਸੰਗਰਾਮ' ਵਿਚ ਪੰਜਾਬੀਆਂ ਦੇ ਜੁਝਾਰੂ, ਸੰਘਰਸ਼ਮਈ, ਕੁਰਬਾਨੀਆਂ ਵਾਲੇ ਵਿਰਸੇ ਨੂੰ ਯਾਦ ਕਰਾਇਆ ਗਿਆ ਹੈ - ਸੀਸ ਦਿੱਤੇ, ਚੜ੍ਹੇ ਸੂਲੀਆਂ ਅਸੀਂ ਕੌਮ ਖ਼ਾਤਿਰ \ ਸਿਦਕ ਸਾਡਾ ਨਾ ਫੇਰ ਅਜ਼ਮਾ ਹਾਕਮ। ਸੇਵਾ-ਮੁਕਤੀ ਤੋਂ ਬਾਦ ਆਮ ਤੌਰ ਤੇ ਉਪਰਾਮਤਾ, ਨਿਰਾਸ਼ਾ ਤੇ ਬੇਚਾਰਗੀ ਦੀ ਭਾਵਨਾ ਭਾਰੂ ਹੋ ਜਾਂਦੀ ਹੈ। ਪਰ ਗੁਰਮ ਜ਼ਿੰਦਗੀ ਦੇ ਇਸ ਦੌਰ ਨੂੰ ਗੌਰਵਮਈ ਅਤੇ ਸ਼ਾਨਦਾਰ ਤਰੀਕੇ ਨਾਲ ਜਿਉਣ ਦਾ ਆਸ਼ਕ ਹੈ। ਉਹ ਤਾਂ ਮੁਸੀਬਤ ਨੂੰ ਮੌਕੇ (ਓਦਵਏਰਸਿਟੇ ਨਟੋ 'ਪਪੋਰਟੁਨਿਟੇ ) ਵਿਚ ਤਬਦੀਲ ਕਰਨ ਦਾ ਜੇਰਾ ਕਰਦਾ ਹੈ - ਸੇਵਾ-ਮੁਕਤੀ ਤਾਂ ਮੌਕਾ ਹੈ ਆਪਣੇ ਗੁਆਚੇ ਪਲਾਂ ਨੂੰ \ ਮੁੜ ਜਿਊਣ ਦਾ \ ਜ਼ਿੰਦਗੀ ਨੂੰ ਗੀਤ ਬਣਾ ਕੇ \ ਗਾਉਣ ਦਾ। (55)। ਜ਼ਿੰਦਗੀ ਦੇ ਹੁਸੀਨ ਬਨਾਮ ਦਰਦੀਲੇ ਪਲਾਂ ਦੀ ਦਾਸਤਾਨ ਇਸ ਤੋਂ ਵਧੀਆ ਤੇ ਥੋੜੇ ਸ਼ਬਦਾਂ ਵਿਚ ਅਭਿਵਿਅਕਤ ਕਿਵੇਂ ਹੋ ਸਕਦੀ ਹੈ - ਕਿ ਫ਼ਰਕ ਹੈ ਆਗਾਜ਼ ਤੇ ਅੰਜਾਮ 'ਚ ਐਨਾ \ ਜਿੰਨਾ ਹੁੰਦੈ \ ਹਾਸਿਆਂ ਤੇ ਹੌਕਿਆਂ'ਚ। (64)। ਉਹ ਸੰਵੇਦਨਸ਼ੀਲ ਸ਼ਾਇਰ ਹੋਣ ਦੇ ਨਾਤੇ ਮੰਨਦਾ ਹੈ ਕਿ ਉਸ ਕੋਲ ਕੁਛ ਕਹਿਣ ਲਈ ਪ੍ਰਭਾਵਕਾਰੀ ਮਾਧਿਅਮ ਸ਼ਾਇਰੀ ਹੀ ਹੈ - ਮੈਂ ਤਾਂ ਹੁਣ \ ਜੋ ਵੀ ਕਹਿਣਾ ਹੈ \ ਗ਼ਜ਼ਲਾਂ, ਨਜ਼ਮਾਂ 'ਚ ਹੀ ਕਹਾਂਗਾ। (63)। ਅਜੋਕੀ ਸਿਆਸੀ ਸਥਿਤੀ ਤੇ ਤਕੜਾ ਵਿਅੰਗ ਕਰਦੀ ਹੈ ਉਸ ਦੀ ਕਵਿਤਾ,'ਦੋਹਰਾ ਕਿਰਦਾਰ' - ਕਾਬਲ ਤੇ ਸਮਰੱਥ ਮਨੁੱਖਾਂ ਨੂੰ ਧੱਕ ਦੇਵਣ ਦੂਰ ਪਰੇ, \ ਅੱਗੇ ਖ਼ੁਦ ਆ ਜਾਵਣ ਨਾਲੇ, ਸਾਰੇ ਜੀਜੇ ਸਾਲੇ ਲੋਕ। (75)।

ਸਰਮਾਏਦਾਰੀ ਨਿਜ਼ਾਮ ਹੇਠ ਹੋ ਰਹੇ ਅੰਨ੍ਹੇਵਾਹ ਸ਼ਹਿਰੀਕਰਨ, ਮੰਡੀਕਰਨ, ਖ਼ਪਤਕਰਨ ਅਤੇ ਕਾਰਪੋਰੇਟੀ ਵਿਕਾਸ ਮਾਡਲ ਨੇ ਚਾਹੇ ਹਰ ਕਿਸਮ ਦੀ ਪੈਦਾਵਾਰ ਵਿਚ ਬੇ-ਤਹਾਸ਼ਾ ਵਾਧਾ ਕੀਤਾ ਹੈ ਅਤੇ ਉਸਾਰੀ ਦੇ ਖੇਤਰ ਵਿਚ ਬੜੇ ਮਾਅਰਕੇ ਮਾਰੇ ਹਨ, ਪਰ ਇਸ ਕਾਰਨ ਪੈ ਰਹੇ ਦੁਰ-ਪ੍ਰਭਾਵਾਂ ਸਦਕਾ ਪ੍ਰਦੂਸ਼ਤ ਹੋਈ ਹਵਾ ਸਾਹ ਲੈਣ ਜੋਗੀ ਨਹੀਂ ਰਹਿਣੀ, ਪਾਣੀ ਪੀਣਯੋਗ ਨਹੀਂ ਰਹਿਣਾ, ਜ਼ਮੀਨ ਉਪਜਾਉਣ ਜੋਗੀ ਨਹੀਂ ਰਹਿਣੀ ਅਤੇ ਧਰਤੀ (ਗ੍ਰਹਿ) ਵਸਣ ਜੋਗੀ ਨਹੀਂ ਰਹਿਣੀ। ਇਸ ਦੀ ਅਗਾਊਂ ਚੇਤਾਵਨੀ ਦੇਣ ਵਿਚ ਗੁਰਮ ਇੱਕ ਚੇਤੰਨ ਕਵੀ ਵਜੋਂ ਫ਼ਰਜ਼ ਨਿਭਾ ਰਿਹਾ ਹੈ - ਕੀ ਕਰਾਂਗੇ ਵੱਡੀਆਂ ਸੜਕਾਂ ਤੇ ਬਹੁਤੀਆਂ ਪੈਦਾਵਾਰਾਂ, \ ਉੱਜੜ ਗਿਆ ਜੇ ਸਭ ਕੁੱਝ ਸਾਡਾ, ਬਿਨ ਰੁੱਖਾਂ ਬਿਨ ਪਾਣੀ। (81)। ਕਵਿਤਾ'ਬੀਤਿਆ ਗੁਜ਼ਰਿਆ' ਬਿੰਬਾਂ ਨੂੰ ਸਿਰਜਦੀ ਬਹੁ-ਅਰਥੀ ਮੁਹਾਵਰਾ ਪਰੋਸ ਰਹੀ ਹੈ - ਜੜ ਦਿਉ ਸ਼ੀਸ਼ਿਆਂ ਨੂੰ ਚਾਹੇ ਸੋਨੇ ਚਾਂਦੀ 'ਚ ਸ਼ੀਸ਼ੇ ਤਾਂ ਸ਼ੀਸ਼ੇ ਨੇ, ਸਦਾ ਸੱਚ ਹੀ ਬੋਲਣਗੇ। (92)।

ਕੋਰੋਨਾਵਾਇਰਸ ਦੀ ਮਹਾਂਮਾਰੀ ਨੇ ਸਾਰੀ ਦੁਨੀਆਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ।ਇਸ ਬੀਮਾਰੀ ਨਾਲ ਇਲਾਜ ਖੁਣੋਂ ਹੋ ਰਹੀਆਂ ਮੌਤਾਂ ਨੇ ਸਾਰੇ ਰੀਕਾਰਡ ਮਾਤ ਪਾ ਦਿੱਤੇ। ਖਾਸ ਕਰ ਕੇ ਭਾਰਤ ਵਰਗੇ ਦੇਸ਼ ਅੰਦਰ ਜਿਸ ਤਰ੍ਹਾਂ ਗ਼ਰੀਬ ਲੋਕ ਇਸ ਬੀਮਾਰੀ ਦਾ ਸ਼ਿਕਾਰ ਹੋਏ ਤੇ ਜਿਵੇਂ ਉਨ੍ਹਾਂ ਦੀਆਂ ਲੋਥਾਂ ਰੁਲਦੀਆਂ ਦੁਨੀਆਂ ਨੇ ਸ਼ਰੇਆਮ ਦੇਖੀਆਂ, ਜਿਸ ਤਰ੍ਹਾਂ ਆਪਣੇ ਸਕਿਆਂ ਦੇ ਸਸਕਾਰ ਕਰਨ ਤੋਂ ਵੀ ਆਪਣਿਆਂ ਨੇ ਮੂੰਹ ਫੇਰ ਲਿਆ। ਉਸ ਭਿਆਨਕ ਮੰਜ਼ਰ ਨੇ ਮਨੁੱਖਤਾ ਨੂੰ ਸ਼ਰਮਸ਼ਾਰ ਤਾਂ ਕੀਤਾ ਹੀ, ਕਵੀ ਦੀ ਵੇਦਨਾ ਵੀ ਪੁਕਾਰ ਉੱਠੀ - ਹੁੰਦਿਆਂ ਸੁੰਦਿਆਂ ਭਰੇ ਪਰਵਾਰਾਂ ਦੇ \ ਹੋ ਗਈਆਂ ਨੇ ਲਾਸ਼ਾਂ ਲਾਵਾਰਿਸ। (27)। ਗੁਰਮ ਨੂੰ ਆਪਣੀ ਲਿਆਕਤ ਤੇ ਭਰੋਸਾ ਹੈ। ਉਸ ਦੇ ਸੁਪਨਮਈ ਟੀਚੇ ਪਹੁੰਚਣਯੋਗ ਹਨ। ਉਹ ਧਰਤੀ ਨਾਲ ਜੁੜਿਆ ਹੋਇਆ ਹੈ। ਉਸ ਦਾ ਇਹ ਨਿੱਜ ਸਾਰਿਆਂ ਲਈ ਸਾਰਥਕ ਸੁਨੇਹਾ ਦੇਣ ਵਾਲਾ ਹੈ - ਮੇਰੀ ਤਾਂ ਚਾਹਤ ਹੈ ਬੱਸ ਜਿਉਣ ਦੀ ਇਸੇ ਧਰਤੀ 'ਤੇ ਸਵਰਗ ਦੀ ਤਰ੍ਹਾਂ -- ਮੈਂ ਤਾਂ ਰਖਦਾ ਹਾਂ ਯਕੀਨ / ਕੁਦਰਤ ਦੇ ਅਸੂਲਾਂ'ਚ। (41)।

ਨੈਪੋਲੀਅਨ ਬੋਨਾਪਾਰਟ ਨੇ ਕਿਹਾ ਸੀ ਕਿ ਜਿਹੜਾ ਰੱਬ ਮਨੁੱਖਾਂ ਨੂੰ ਜਹਾਲਤ, ਬੀਮਾਰੀ ਤੇ ਹੋਰ ਕੁਦਰਤੀ ਆਫ਼ਤਾਂ ਤੋਂ ਨਹੀਂ ਬਚਾ ਸਕਦਾ, ਮੇਰਾ ਉਸ ਵਿਚ ਕੋਈ ਵਿਸ਼ਵਾਸ ਨਹੀਂ। ਇਸੇ ਤਰ੍ਹਾਂ ਅਲਬਰਟ ਆਈਨਸਟਾਈਨ ਦੇ ਵਿਚਾਰ ਸਨ ਕਿ ਜਿਹੜਾ ਰੱਬ ਸੁੱਖਣਾਂ ਪੂਰੀਆਂ ਕਰਨ ਵਾਲਾ ਹੈ, ਮਨੁੱਖ ਨੂੰ ਸਜ਼ਾ ਜਾਂ ਮੁਆਫ਼ੀ ਦਿੰਦਾ ਹੈ, ਆਪਣੀ ਪੂਜਾ ਕਰਵਾਉਂਦਾ ਹੈ, ਮੈਂ ਉਸ ਨੂੰ ਨਹੀਂ ਮੰਨਦਾ। ਗੁਰਮ ਵੀ ਇਨ੍ਹਾਂ ਤਰਕਸੰਗਤ ਵਿਚਾਰਾਂ ਦਾ ਹਾਮੀ ਹੈ - ਤਾਂ ਫੇਰ ਤੇਰੀ ਕਮਾਨ ਹੇਠ \ ਅਜ਼ਲਾਂ ਤੋਂ ਤੇਰੀ ਧਰਤੀ ਉੱਤੇ \ ਜਬਰ, ਜ਼ੁਲਮ, ਬੇਇਨਸਾਫੀਆਂ \ ਤੇ ਬੇਨਿਯਮੀਆਂ ਕਿਉਂ? \ -- ਕੀ ਪੈਂਦੈ ਫ਼ਰਕ \ ਤੇਰੇ ਹੋਣ ਜਾਂ ਨਾ ਹੋਣ ਨਾਲ। (49)।

ਗ਼ਲਤ ਸਰਕਾਰੀ ਨੀਤੀਆਂ ਅਤੇ ਵੋਟਾਂ ਦੀ ਲੁਭਾਵਣੀ ਰਾਜਨੀਤੀ ਨੇ ਪੰਜਾਬ ਦੇ ਅਰਥਚਾਰੇ, ਰੁਜ਼ਗਾਰ, ਵਪਾਰ, ਸਿੱਖਿਆ, ਸਿਹਤ ਤੇ ਕਿਸਾਨੀ ਅੰਦਰ ਜੋ ਨਿਘਾਰ ਲਿਆਂਦਾ ਹੈ, ਉਸ ਨੇ ਹਰ ਵਰਗ ਅੰਦਰ ਨਿਰਾਸ਼ਾ ਤੇ ਲਾਚਾਰੀ ਦਾ ਪਸਾਰਾ ਕੀਤਾ ਹੈ। ਇਸ ਸਥਿਤੀ ਦਾ ਸਹੀ ਲੇਖਾ-ਜੋਖਾ ਕਰਨਾ ਅਤੇ ਨਾਲ ਦੀ ਨਾਲ ਉਸਾਰੂ ਚਾਰਾਜੋਈ ਵੱਲ ਇਸ਼ਾਰਾ ਕਰਨਾ ਇਸ ਕਵੀ ਦੇ ਹਿੱਸੇ ਆਇਆ ਹੈ -- ਆਟਾ, ਦਾਲ, ਸਬਸਿਡੀਆਂ ਦੀ ਖ਼ੈਰਾਤ ਦੀ ਥਾਂ, \ ਬਿਹਤਰ ਸੀ ਜੇ ਦਿੱਤਾ ਰੁਜ਼ਗਾਰ ਹੁੰਦਾ। -- ਨਾ ਹੁੰਦੀਆਂ ਖ਼ੁਦਕੁਸ਼ੀਆਂ, ਨਾ ਵਿਕਦੀਆਂ ਜ਼ਮੀਨਾਂ, \ ਵਪਾਰ ਨਸ਼ੇ ਦਾ ਨਾ ਜੇ ਬੇ-ਮੁਹਾਰ ਹੁੰਦਾ। (78)। ਧਰਮ ਜਿਵੇਂ ਵੀ ਹੋਂਦ ਵਿਚ ਆਏ ਹੋਣ, ਇਨ੍ਹਾਂ ਦਾ ਸਹਾਰਾ ਲੈ ਕੇ ਆਮ ਲੋਕਾਂ ਨੂੰ ਡਰਾਇਆ, ਧਮਕਾਇਆ, ਦਬਾਇਆ, ਵਰਚਾਇਆ ਤੇ ਵੱਸ ਵਿਚ ਕੀਤਾ ਜਾਂਦਾ ਰਿਹਾ ਹੈ। ਧਰਮ ਦੇ ਸਹਾਰੇ ਸਾਮਰਾਜ ਖੜ੍ਹੇ ਕੀਤੇ ਗਏ, ਨਵੀਆਂ ਧਰਤੀਆਂ ਕਹਿ ਕੇ ਚੰਗੀਆਂ ਭਲੀਆਂ ਮੂਲ ਨਿਵਾਸੀਆਂ ਦੀਆਂ ਆਬਾਦੀਆਂ ਨੂੰ ਮੱਕਾਰੀ ਭਰੇ ਢੰਗ ਨਾਲ ਉਨ੍ਹਾਂ ਦਾ ਸਭ ਕੁਛ ਖੋਹ ਲਿਆ ਗਿਆ। ਲੋਕਤੰਤਰ ਵਰਗੇ ਖ਼ੂਬਸੂਰਤ ਸ਼ਬਦਾਂ ਦੀ ਆੜ ਹੇਠ ਧਰਮ ਨੂੰ ਲੋਕਾਂ ਵਿਚ ਵੰਡੀਆਂ ਪਾਉਣ ਲਈ ਅਤੇ ਵੋਟਾਂ ਵਟੋਰਨ ਲਈ ਸ਼ਰੇ ਆਮ ਵਰਤਿਆ ਜਾ ਰਿਹਾ ਹੈ। ਗੁਰਮ ਨੇ ਇਸ ਪੱਖ ਦੀ ਨਿਸ਼ਾਨਦੇਹੀ ਕਰ ਕੇ ਕਵਿਤਾਵਾਂ ਵਿਚ ਇਸ ਦਾ ਥਾਂ-ਥਾਂ ਪ੍ਰਗਟਾਵਾ ਕੀਤਾ ਹੈ -- ਸਵਾਲ ਚੁਕਦੈ ਜੇ ਕੋਈ ਦਕਿਆਨੂਸੀ ਰਵਾਇਤਾਂ ਉੱਤੇ, \ ਡੰਡਾ ਧਰਮ ਦਾ ਉਹ ਚੁੱਕਦੇ, ਉਹਨੂੰ ਡਰਾਉਣ ਦੇ ਲਈ। (76)। -- ਸਿਆਸਤ ਵਰਤੇ ਜੇ ਧਰਮ ਨੂੰ ਮਹਿਜ਼ ਸਿਆਸਤ ਲਈ, ਲੋਕ-ਮਨਾਂ'ਚ ਬਗ਼ਾਵਤ ਦਾ ਖ਼ਿਆਲ ਆ ਵੀ ਜਾਂਦਾ ਹੈ। (80)।-- ਮੁੱਦਾ ਹੋਰ ਨਾ ਜੇ ਕੋਈ ਰਹਿ ਜਾਵੇ। \ ਖ਼ਤਰਾ ਧਰਮ ਜਾਂ ਦੇਸ਼ ਨੂੰ ਪੈ ਜਾਵੇ। (94)।


ਬਚਨ ਸਿੰਘ ਦੀਆਂ ਖੁੱਲ੍ਹੀਆਂ ਕਵਿਤਾਵਾਂ ਵਿਚ ਵੀ ਸਰੋਦੀ ਗੁਣ ਹੈ, ਰਵਾਨਗੀ ਹੈ। ਇਨ੍ਹਾਂ ਵਿਚ ਸਹਿਜਤਾ, ਸਰਲਤਾ ਤੇ ਤਾਜ਼ਗੀ ਹੈ। ਅੱਜ ਕੱਲ੍ਹ ਬਹੁਤ ਮਾਤਰਾ ਵਿਚ ਪਾਠਕਾਂ ਤੋਂ ਦੂਰ ਜਾ ਰਹੀ ਤਥਾ-ਕਥਿਤ ਉੱਤਰ-ਆਧੁਨਿਕ ਕਵਿਤਾ ਰਚੀ ਜਾ ਰਹੀ ਹੈ। ਗੁਰਮ ਦੀ ਕਵਿਤਾ ਇਸ ਦੋਸ਼ ਤੋਂ ਮੁਕਤ ਹੈ। ਉਸ ਦੀ ਕਵਿਤਾ ਸੁਹਜ-ਤ੍ਰਿਪਤੀ ਕਰਦੀ ਹੋਈ ਵਿਚਾਰ ਮਗਨ ਕਰਦੀ ਹੈ। ਉਸ ਦੀਆਂ ਛੰਦ-ਬੱਧ ਕਵਿਤਾਵਾਂ ਨਜ਼ਮੀਅਤ ਅਤੇ ਗ਼ਜ਼ਲੀਅਤ ਦੇ ਦਾਇਰੇ ਵਿਚ ਆਉਂਦੀਆਂ ਹਨ। ਇਨ੍ਹਾਂ ਨੂੰ ਸਹਿਜਤਾ, ਸਰਲਤਾ, ਸਾਦਗੀ, ਵੇਗ, ਬਹਿਰ,, ਵਿਸ਼ੇ ਤੇ ਸ਼ਿਲਪ ਪੱਖੋਂ ਮਿਆਰੀ ਦਰਜੇ ਤੇ ਰੱਖਿਆ ਜਾ ਸਕਦਾ ਹੈ। ਅਜਿਹੀ ਕਵਿਤਾ ਬਾਰੇ ਕਰੀਕ ਨੇਸ਼ਨ ਦੀ ਕੈਨੇਡੀਅਨ ਕਵਿੱਤਰੀ, ਜੋਏ ਹਰਜੋ ਦਾ ਕਥਨ ਹੈ -- ਕਵਿਤਾ ਅਮਰ ਰਹਿੰਦੀ ਹੈ, ਕਿਉਂ ਕਿ ਇਹ ਕਵੀ ਜਾਂ ਲੋਕਾਂ ਦੀ ਆਵਾਜ਼ ਹੈ ਜਿਹੜੀ ਸਮੇਂ, ਸਥਾਨ, ਘਟਨਾ ਵਿਚ ਦੀ ਵਿਚਰਦੀ ਹੈ। ਇਨ੍ਹਾਂ ਕਵਿਤਾਵਾਂ ਵਿਚ ਭਾਵ ਤੇ ਵਿਚਾਰ ਦਾ ਸੰਤੁਲਿਤ ਸੰਯੋਗ ਹੈ। ਗੁਰਮ ਦੇ ਸ਼ੇਅਰ ਸੁਤੰਤਰ ਅਰਥ ਦੇ ਧਾਰਨੀ ਹਨ। ਇਹ ਕਲਾ ਵਾਚੀ ਵੀ ਹਨ ਤੇ ਸਥਾਨ ਵਾਚੀ ਵੀ। ਰਮਜ਼ਾਂ, ਇਸ਼ਾਰਿਆਂ ਤੇ ਸੰਕੇਤਾਂ ਰਾਹੀਂ ਪੁਰਲੁਤਫ਼ ਅਤੇ ਪ੍ਰਭਾਵਸ਼ਾਲੀ ਬਣਾਇਆ ਗਿਆ ਹੈ। ਸ਼ਿਅਰਾਂ ਦਾ ਆਪਸੀ ਸਬੰਧ ਖ਼ੂਬਸੂਰਤੀ ਨਾਲ ਕਾਇਮ ਰੱਖਿਆ ਹੈ। ਇਹ ਕਵਿਤਾਵਾਂ ਕਾਵਿ-ਜੁਗਤ, ਵਸਤੂ ਅਤੇ ਸੰਜਮ ਦੇ ਪੱਖ ਤੋਂ ਵੀ ਮੁੱਲਾਂਕਣ ਤੇ ਪੂਰੀਆਂ ਉਤਰਦੀਆਂ ਦਿਸਦੀਆਂ ਹਨ। ਜਿਵੇਂ ਵਿਗਿਆਨੀ ਕੁਦਰਤ ਦੇ ਗੁੱਝੇ ਭੇਤ ਲੱਭਣ ਵਿਚ ਵਿਅਸਤ ਰਹਿੰਦੇ ਹਨ, ਇਵੇਂ ਬਚਨ ਸਿੰਘ ਗੁਰਮ 'ਕਾਇਨਾਤ' ਦੇ ਵਿਭਿੰਨ ਪਹਿਲੂਆਂ ਦੀ ਖੋਜ ਵਿਚ ਸਰਗਰਮ ਹੈ। ਨਿਰਸੰਦੇਹ ਇਸ ਪੁਸਤਕ ਨਾਲ ਉਹ ਗੌਲਣਯੋਗ ਕਵੀਆਂ ਦੀ ਕਤਾਰ ਵਿਚ ਸਨਮਾਨਜਨਕ ਥਾਂ ਹਾਸਲ ਕਰ ਰਿਹਾ ਹੈ। ਸਾਹਿਤ ਪ੍ਰੇਮੀਆਂ ਨੂੰ ਉਸ ਤੋਂ ਅਜਿਹੀਆਂ ਹੋਰ ਖੋਜਾਂ ਦੇ ਕਾਵਿ-ਮਈ ਬ੍ਰਿਤਾਂਤ ਜਾਨਣ ਦੀ ਜਗਿਆਸਾ ਬਣੀ ਰਹੇਗੀ।



TDS
TICKET DISPUTE SOLUTIONS
AMARDEEP PANDHER
"Your Ticket Defender"
NO TEXTING
STOP SIGN
SPEEDING TRAFFIC TICKETS
RED LIGHT
CALL NOW
TICKET DISPUTE SOLUTIONS
PH. 780-395-0677 FAX : 780-395-0772
CELL : 780-906-1800
Email : ticketdisputesolutions@gmail.com www.ticketdisputesolutions.com
9220-34 Ave NW Edmonton, Alberta

ARROW
DRYWALL INC.
The Name You Can Trust
Products of Services:
• Insulation
• Drywall
• Taping
• Texturing
• Blow Insulation
ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ
ਇੰਸੂਲੇਸ਼ਨ
ਡਰਾਈਵਾਲ
ਟੇਪਿੰਗ
ਬਲੋ ਇੰਸੂਲੇਸ਼ਨ
ਟੈਕਸਚਰਿੰਗ
Ricky Kaler
Cell: 403-472-4243 Off: 403-483-0004 Fax: 403-532-2318
505-4655 54 Ave NE Calgary Alberta T3J 3M3 www.arrowdrywall.com




# ਓ ਲਾਲ ਮੇਰੀ ਪਤ ਰੱਖਿਓ





ਭਲਾ ਝੂਲੇ ਲਾਲਨ,
ਸਿੰਧੜੀ ਦਾ,
ਸੇਵਨ ਦਾ
ਸਖੀ ਸ਼ਾਹਬਾਜ਼ ਕਲੰਦਰ
ਦਮਾ ਦਮ ਮਸਤ ਕਲੰਦਰ

ਇਸ ਗੀਤ ਨੂੰ ਪਤਾ ਨਹੀਂ ਕਿੰਨੇ ਕੁ ਗਵਈਆਂ ਨੇ ਕਿੰਨੀ ਕੁ ਵਾਰੀ ਗਾਇਆ ਹੋਵੇਗਾ, ਪੂਰੇ ਆਵਾਮ ਨੇ ਇਸ ਗੀਤ ਨੂੰ ਸੁਣਿਆ
ਰੇਸ਼ਮਾਂ, ਨੂਰ ਜਹਾਂ, ਆਬੀਦਾ ਪ੍ਰਵੀਨ, ਇਕਬਾਲ ਬਾਨੋ ਤੋਂ, ਲੈਕੇ ਅੱਜ ਤੱਕ ਹਰ ਉਭਰਦੀ ਗਾਇਕਾ ਇਹ ਗੀਤ ਗਾਉਂਦੀ ਹੈ ਪਰ ਅਫਸੋਸ ਇਸ ਗੀਤ ਦੇ ਗੀਤਕਾਰ ਨੂੰ ਬਹੁਤ ਘੱਟ ਲੋਕ ਜਾਣਦੇ ਹਨ, ਹੋਰ ਤਾਂ ਹੋਰ ਇਸਨੂੰ ਨਾਤ ਜਾਂ ਲੋਕ-ਗੀਤ ਕਹਿਕੇ ਹੀ ਖਹਿੜਾ ਛੁਡਾ ਲਿਆ ਜਾਂਦਾ ਹੈ।

ਇਸ ਗੀਤ ਦੇ ਗੀਤਕਾਰ ਦਾ ਨਾਮ ਹੈ "ਸਾਗਰ ਸਦੀਕੀ"
ਕੌਣ ਸੀ ਸਾਗਰ ਸੱਦੀਕੀ ?
ਪੰਜਾਬ ਦੇ ਅੰਬਾਲੇ ਸ਼ਹਿਰ ਵਿੱਚ 1928 ਵਿੱਚ ਉਸਦਾ ਜਨਮ ਹੋਇਆ ਉਸਦਾ ਜਨਮ ਦਾ ਨਾਮ ਮੁਹੰਮਦ ਅਖਤਰ ਸੀ।

ਘਰ ਦੇ ਹਾਲਾਤ ਸਾਜ਼ਗਾਰ ਨਹੀਂ ਸਨ, ਸੁਰਤ ਸੰਭਾਲਦਿਆ ਹੀ ਅਖਤਰ ਘਰੋਂ ਭੱਜ ਕੇ ਅਮ੍ਰਿਤਸਰ ਪੁੱਜ ਗਿਆ, ਉੱਥੇ ਹਾਲ ਬਾਜ਼ਾਰ ਵਿੱਚ ਇੱਕ ਦੁਕਾਨਦਾਰ ਲੱਕੜੀ ਦੇ ਕੰਘੇ ਬਣਾ ਕੇ ਵੇਚਦਾ ਸੀ, ਅਖਤਰ ਨੇ ਉਸ ਕੋਲ ਨੌਕਰੀ ਕਰ ਲਈ, ਤੇ ਨਾਲ ਨਾਲ ਸ਼ੇਅਰ ਕਹਿਣ ਲੱਗ ਪਿਆ।

ਮੁਹੰਮਦ ਅਖ਼ਤਰ ਤੋਂ ਉਸਨੇ ਆਪਣਾ ਨਾਂ ਬਦਲ ਕੇ ਸਾਗਰ ਸੱਦੀਕੀ ਰੱਖ ਲਿਆ, ਸਾਹਿਤ ਰਸੀਆਂ 'ਚ ਉਸਦੀ ਮਾਮੂਲੀ ਜਿਹੀ ਗੱਲ ਤੁਰਨ ਲੱਗ ਪਈ।

1944 ਵਿੱਚ ਅਮ੍ਰਿਤਸਰ ਵਿੱਚ ਇੱਕ ਮੁਸ਼ਾਇਰਾ ਹੋਇਆ ਜਿੱਥੇ ਪ੍ਰਬੰਧਕਾਂ ਨੇ ਸਾਗਰ ਨੂੰ ਵੀ ਬੁਲਾਇਆ, ਉਸ ਮੁਸ਼ਾਇਰੇ ਵਿੱਚ ਸਾਗਰ ਨੇ ਆਪਣੀ ਪੁਰਸੋਜ਼ ਆਵਾਜ਼ ਚ ਤਰਨੁੰਮ ਵਿੱਚ ਜੋ ਸ਼ੇਅਰ ਪੜ੍ਹੇ ਸਮਝੋ ਮੁਸ਼ਇਰਾ ਲੁੱਟ ਕੇ ਲੈ ਗਿਆ। 1947 ਵਿੱਚ ਸਾਗਰ ਲਾਹੌਰ ਚਲਾ ਗਿਆ ਤੇ ਫਿਲਮਸਾਜ਼ ਅਨਵਰ ਕਮਾਲ ਪਾਸ਼ਾ ਦੀ ਸ਼ਰਨ ਵਿੱਚ ਰਿਹਾ। 1947 ਤੋਂ ਲੈਕੇ 1952 ਤੱਕ ਪਾਸ਼ਾ ਦੀਆਂ ਫਿਲਮਾਂ ਵਿੱਚ ਸਾਗਰ ਦੇ ਹੀ ਗੀਤ ਸਨ।

ਉਸਦਾ ਕਲਾਮ ਰਸਾਲਿਆਂ ਵਿੱਚ ਵੀ ਛਪਣ ਲੱਗ ਪਿਆ, ਉਹ ਬਾਗੀ ਤਬੀਅਤ ਦਾ ਮਾਲਕ ਸੀ ਤੇ ਉਸਦਾ ਸ਼ੇਅਰ ਕਹਿਣ ਦਾ ਅੰਦਾਜ਼ ਫਕੀਰਾਨਾ ਸੀ। ਸਮਾਜ ਦੀ ਮਸ਼ੀਨ ਵਿੱਚ ਉਹ ਗਰਾਰੀ ਬਣ ਕੇ ਫਿੱਟ ਨਹੀਂ ਹੋ ਸਕਿਆ, ਨਸ਼ੇ ਦਾ ਆਦੀ ਹੋ ਗਿਆ।

ਅਖੌਤੀ ਸ਼ਾਇਰ ਉਸਨੂੰ ਨਸ਼ੇ ਪੱਤੇ ਜੋਗੇ ਪੈਸੇ ਦੇ ਜਾਂਦੇ ਤੇ ਕਲਾਮ ਲਿਖਵਾ ਕੇ ਲੈ ਜਾਂਦੇ, ਸਾਗਰ ਸਦੀਕੀ ਦਾ ਕਲਾਮ ਗ਼ੁਲਾਮ ਅਲੀ, ਮੁਸਰਤ ਨਜ਼ੀਰ, ਤੇ ਮਹਿੰਦੀ ਹਸਨ ਦੀ ਆਵਾਜ਼ ਵਿੱਚ ਰਿਕਾਰਡ ਹੋਇਆ। ਉਸਦੇ ਅਨੇਕਾਂ ਈ ਗੀਤ ਪਾਕਿਸਤਾਨ ਦੇ ਸਰਕਾਰੀ ਅਦਾਰੇ (ਪੀ ਟੀ ਵੀ) ਤੇ ਵੀ ਰਿਕਾਰਡ ਹੋਏ ਚੜ੍ਹਦੇ ਵਾਲੇ ਪਾਸੇ ਸਾਗਰ ਸੱਦੀਕੀ ਦਾ ਕਲਾਮ ਏਸ਼ੀਆ ਦੇ ਪ੍ਰਸਿੱਧ ਗਜ਼ਲ ਗਾਇਕ ਜਗਜੀਤ ਸਿੰਘ ਨੇ ਵੀ ਗਾਇਆ। ਇੱਕ ਸਮਾਂ ਅਜਿਹਾ ਵੀ ਆਇਆ ਜਦੋਂ ਲਾਹੌਰ ਦੇ ਅਨਾਰਕਲੀ ਬਾਜ਼ਾਰ ਵਿੱਚ ਉਹ ਪਾਟੀ ਲੋਈ ਲਈ ਮੰਗਤਿਆਂ ਵਾਂਗੂੰ ਭਾਉਂਦਾ ਰਹਿੰਦਾ, ਪੁਰਾਣੇ ਜਾਣਕਾਰ ਉਸਨੂੰ ਚਵਨੀ ਠਿਆਨੀ ਦੇ ਜਾਂਦੇ।

ਆਖਰ 19 ਜੁਲਾਈ 1974 ਨੂੰ ਇਸ ਬੇਤਾਜ ਸ਼ਾਇਰ ਦੀ ਲਾਸ਼ ਫੁੱਟਪਾਥ ਤੇ ਮਿਲੀ ਜਿਸ ਕੋਲ ਉਸ ਵੇਲੇ ਇੱਕ ਮੈਲੀ ਕੁਚੈਲੀ ਪਾਟੀ ਲੋਈ ਤੇ ਇੱਕ ਸਾਥੀ ਕੁੱਤਾ ਸੀ।

ਲਾਹੌਰ ਦੇ ਮਿਆਨੀ ਸਾਹਿਬ ਕਬਰਸਤਾਨ ਵਿੱਚ ਸਾਗਰ ਦੀ ਲਾਸ਼ ਨੂੰ ਦਫਨਾ ਦਿੱਤਾ ਗਿਆ, ਕੁੱਝ ਦੇਰ ਬਾਅਦ ਸਾਗਰ ਦੇ ਹਮਸਫ਼ਰ ਕੁੱਤੇ ਦੀ ਵੀ ਮੌਤ ਹੋ ਗਈ।

ਜਦੋਂ ਨੁਸਰਤ ਫਤਿਹ ਅਲੀ ਖਾਨ ਦਾ ਦੌਰ ਸ਼ੁਰੂ ਹੋਇਆ ਤਾਂ ਕੈਸਿਟ ਟੇਪ ਰਿਕਾਰਡਰ ਦਾ ਯੁਗ ਸਿਖਰ ਤੇ ਸੀ, ਜੋ ਵਾਘਿਓਂ ਪਾਰ ਦੇ ਕਲਾਕਾਰਾਂ ਦੀਆਂ ਕੈਸਿਟਾਂ ਐਧਰ ਮਿਲਦੀਆ ਉਹਨਾਂ ਤੇ ਕਲਾਕਾਰ ਦਾ ਨਾਮ ਵੀ ਹੁੰਦਾ ਤੇ ਗੀਤਾਂ ਦੇ ਮੁਖੜੇ ਵੀ, ਪਰ ਗੀਤਕਾਰ ਤੇ ਸੰਗੀਤਕਾਰ ਦਾ ਜ਼ਿਕਰ ਨਹੀਂ ਮਿਲਦਾ ਸੀ। ਪਿਛਲੇ ਵਰ੍ਹੇ ਜਦੋਂ ਮੈਂ ਲੰਡਨ ਗਿਆ ਤਾਂ ਉੱਥੋਂ ਕੁੱਝ ਪਾਕਿਸਤਾਨ ਦੇ ਕਲਾਕਾਰਾਂ ਦੇ ਐਲ.ਪੀ.ਰਿਕਾਰਡ ਮਿਲੇ। ਜਿੰਨਾ 'ਚ ਨੁਸਰਤ ਫਤਿਹ ਅਲੀ ਦੇ ਵੀ ਸਨ। ਨੁਸਰਤ ਫਤਿਹ ਅਲੀ ਪੂਰੀ ਦੁਨੀਆਂ 'ਚ ਮਸ਼ਹੂਰ ਕਲਾਕਾਰ ਸੀ। ਉਸਦੇ ਗੀਤ ਮੈਂ ਵੀ ਬੜੇ ਚਾਅ ਨਾਲ ਸੁਣਦਾ ਸਾਂ। ਲੰਡਨ ਨੁਸਰਤ ਦਾ ਰਿਕਾਰਡ ਦੇਖਿਆ।

"ਵਿਗੜ ਗਈ ਏ ਥ੍ਹੋੜੇ ਦਿਨਾਂ ਤੋਂ" ਜਿਸਦੇ ਕਵਰ ਤੇ ਜਦੋਂ ਮੈਂ ਗੀਤਕਾਰਾਂ ਦੇ ਨਾਮ ਦੇਖੇ ਤਾਂ ਸੋਚਾਂ ਦੇ ਸਮੁੰਦਰ ਵਿੱਚ ਡੁੱਬ ਗਿਆ, ਇਹ ਤਫਤੀਸ਼ ਅੱਗੇ ਵਧਦੀ ਗਈ, ਜਿਉਂ ਜਿਉਂ ਤਫਤੀਸ਼ ਵਧੀ ਕਾਲਜੇ ਨੂੰ ਹੌਲ ਪੈਣ ਲੱਗ ਪਏ, ਕੁੱਝ ਸੁਆਲ ਮਨ ਵਿੱਚ ਪੈਦਾ ਹੋਏ।

* ਦਿਲ ਮਰ ਜਾਣੇ ਨੂੰ ਕੀ ਹੋਇਆ ਸੱਜਣਾ
ਅੱਜ ਜਿੰਨਾਂ ਕਦੇ ਵੀ ਨਾਂ ਰੋਇਆ ਸੱਜਣਾ
* ਹੋ ਜਾਵੇ ਜੇ ਪਿਆਰ ਤੇ ਸੌਣਾਂ ਭੁੱਲ ਜਾਂਦਾ
* ਸੁਣ ਚਰਖੇ ਦੀ ਮਿੱਠੀ ਮਿੱਠੀ ਘੂਕ ਮਾਹੀਆ ਮੈਨੂੰ ਯਾਦ ਆਂਵਦਾ
* ਮੇਲੇ ਨੇ ਵਿਛੜ ਜਾਣਾ
* ਮਸਤ ਮਸਤ ਦਮ ਮਸਤ ਕਲੰਦਰ
* ਵਿਗੜ ਗਈ ਏ ਥ੍ਹੋੜੇ ਦਿਨਾਂ ਤੋਂ
* ਯਾਰਾ ਡੱਕ ਲੈ ਖ਼ੂਨੀ ਅੱਖੀਆਂ ਨੂੰ
* ਰਾਂਝਾ ਤੇ ਮੇਰਾ ਰੱਬ ਵਰਗਾ
* ਵਾਅਦਾ ਕਰਕੇ ਸੱਜਣ ਨਹੀਂ ਆਇਆ
* ਗਿਣ ਗਿਣ ਤਾਰੇ ਲੰਘਦੀਆਂ ਰਾਤਾਂ ਸੱਪਾਂ ਵਾਂਗੂੰ ਡੰਗਦੀਆਂ ਰਾਤਾਂ
* ਕਿੰਨਾ ਸੋਹਣਾ ਤੈਨੂੰ ਰੱਬ ਨੇ ਬਣਾਇਆ
ਦਿਲ ਕਰੇ ਵੇਖਦਾ ਰਵਾਂ
* ਨੀ ਊਠਾਂ ਵਾਲੇ ਤੁਰ ਜਾਣਗੇ ਫੇਰ ਲੱਭਦੀ ਫਿਰੇਂਗੀ ਹਾਣੀ
ਨੀ ਸੱਸੀਏ ਜਾਗਦੀ ਰਹੀਂ
ਰਾਤ ਅੱਜ ਦੀ ਨੀਂਦ ਨਾ ਮਾਣੀਂ

ਪੰਜਾਬੀ ਗੀਤ ਸੰਗੀਤ ਨੂੰ ਮਾਨਣ ਵਾਲਾ ਇੱਕ ਵੀ ਵਿਅਕਤੀ ਅਜਿਹਾ ਨਹੀਂ ਜਿਸਨੇ ਇਹ ਗੀਤ ਨਾ ਸੁਣੇ ਹੋਣ, ਇੱਕ ਵੀ ਵਿਅਕਤੀ ਅਜਿਹਾ ਨਹੀਂ ਜੋ ਇਹਨਾਂ ਗੀਤਾਂ ਦੇ ਗਾਇਕ ਦਾ ਨਾਮ ਨਾ ਜਾਣਦਾ ਹੋਵੇ। ਪੰਜਾਬੀ ਦਾ ਹਰ ਨਵਾਂ ਕਲਾਕਾਰ ਨੁਸਰਤ ਫ਼ਤਹਿ ਅਲੀ ਦਾ ਨਾਮ ਬੜੇ ਅਦਬ ਨਾਲ ਲੈਂਦਾ ਹੈ, ਤੇ ਇਹ ਜਾਹਰ ਕਰਨ ਦੀ ਵੀ ਕੋਸ਼ਿਸ਼ ਕਰਦਾ ਹੈ ਕਿ ਮੈਂ ਖਾਨ ਸਾਹਿਬ ਨੂੰ ਫੋਲੋ ਕਰਦਾ ਹਾਂ।

ਪਰ ਅਫਸੋਸ ਇਹਨਾਂ ਗੀਤਾਂ ਦੇ ਰਚਨਹਾਰੇ ਦੀ ਗੱਲ ਕੋਈ ਵੀ ਨਹੀਂ ਕਰਦਾ, ਕੌਣ ਸੀ ਐਡਾ ਵੱਡਾ ਗੀਤਕਾਰ ?
ਕਿੱਥੇ ਜੰਮਿਆ ? ਕਿਵੇਂ ਜ਼ਿੰਦਗੀ ਬਸ਼ਰ ਕੀਤੀ ?
ਉਸਦੇ ਲਿਖੇ ਗੀਤਾਂ ਦਾ ਉਸਨੂੰ ਕਿੰਨਾ ਮਿਹਨਤਾਨਾ ਮਿਲਿਆ


ਇਹਨਾਂ ਗੀਤਾਂ ਦਾ ਰਚੇਤਾ ਬਰੀ ਨਿਜ਼ਾਮੀ ਹੀ ਹੈ। ਬਰੀ ਨਿਜ਼ਾਮੀਂ ਦਾ ਜਨਮ ਗੋਜਰਾ (ਟੋਬਾ ਟੇਕ ਸਿੰਘ) ਗੁਰਦੇਵ ਸਿੰਘ ਮਾਨ ਦੇ ਪਿੰਡ ਦੇ ਬਿਲਕੁਲ ਨਾਲ ਦੇ ਪਿੰਡ, ਵਿਖੇ 26 ਦਿਸੰਬਰ 1937 ਨੂੰ ਹੋਇਆ। ਬਰੀ ਦਾ ਬਚਪਨ ਦਾ ਨਾਮ ਸ਼ੇਖ ਮੁਹੰਮਦ ਸਘੀਰ ਸੀ ,ਬੜੇ ਭਰੇ ਮਨ ਨਾਲ ਲਿਖ ਰਿਹਾ ਹਾਂ ਕਿ ਬਰੀ ਨਿਜ਼ਾਮੀ ਨੇ ਸਾਰੀ ਉਮਰ ਅੱਤ ਦੀ ਗਰੀਬੀ 'ਚ ਹੰਢਾਈ। ਇਹ ਜਾਣ ਕੇ ਤਾਂ ਕਾਲਜਾ ਛਲਣੀ ਹੋ ਗਿਆ ਕਿ 14 ਮਈ 1998 ਨੂੰ ਫੈਸਲਾਬਾਦ ਵਿਖੇ ਦਵਾਈਆਂ ਦੀ ਥੁੜ ਕਾਰਨ ਬਰੀ ਨਿਜ਼ਾਮੀ ਇਸ ਜਹਾਨ ਨੂੰ ਅਲਵਿਦਾ ਕਹਿ ਗਿਆ।

ਅੱਜ ਇੱਕ ਵੀ ਗਵਈਆ ਇਹ ਕਹਿਕੇ ਗੀਤ ਸ਼ੁਰੂ ਨਹੀਂ ਕਰਦਾ ਕਿ ਲ? ਜੀ ਪੇਸ਼ ਹੈ ਜਨਾਬ ਬਰੀ ਨਿਜ਼ਾਮੀ ਜੀ ਦਾ ਗੀਤ, ਬੱਸ ਦੋਵੇਂ ਕੰਨਾਂ ਨੂੰ ਹੱਥਾਂ ਦੀਆਂ ਉਂਗਲਾ ਜੀਆਂ ਲਾਕੇ ਕਹਿਣਗੇ ਕਿ ਮੈਂ ਨੁਸਰਤ ਸਾਹਿਬ ਵਰਗਾ ਗਾ ਤੇ ਨਹੀਂ ਸਕਦਾ ਪਰ ਨੁਸਰਤ ਸਾਹਿਬ ਦਾ ਗੀਤ ਗਾਉਣ ਦੀ ਕੋਸ਼ਿਸ਼ ਕਰਦਾ ਹਾਂ।

ਸੁਆਲ ਇਹ ਐ ਕਿ ਕੀ ਗੀਤਕਾਰ ਸਦਾ ਇਹਨਾਂ ਗੀਤਾਂ ਦੇ ਆਸਰੇ ਉੱਸਰੇ ਮਹਿਲਾਂ ਦੀਆਂ ਨੀਹਾਂ ਹੇਠ ਦੱਬੇ ਜਾਣ ਵਾਲੇ ਐਡੇ ਸਸਤੇ ਰੋੜੇ ਹੁੰਦੇ ਨੇ ?

ਮਲਕੀ ਖੂਹ ਦੇ ਉੱਤੇ ਭਰਦੀ ਸੀ ਪਈ ਪਾਣੀ
ਕੀਮਾ ਕੋਲ ਆਕੇ ਬੇਨਤੀ ਗੁਜ਼ਾਰੇ

ਚਲਦੇ ਆਖੜੇ ਵਿੱਚ ਮੁਹੰਮਦ ਸਦੀਕ ਨੂੰ ਇੱਕ ਬਜ਼ੁਰਗ ਨੇ ਕਿਹਾ, "ਲੈ ਵੀ ਗਮੰਤਰੀਆ ਮਲਕੀ ਕੀਮਾ ਸੁਣਾਂ" ਅੱਗੋਂ ਸਦੀਕ ਕਹਿੰਦੇ, ਬੁਜ਼ਰਗੋ ਮਲਕੀ ਕੀਮਾ ਤਾਂ ਆਉਂਦਾ ਨਹੀਂ। ਬਜ਼ੁਰਗ ਕਹਿੰਦਾ "ਫੇਰ ਤੂੰ ਗਮੰਤਰੀ ਕਾਹਦੈ"। ਸਦੀਕ ਦੇ ਗੱਲ ਰੜਕ ਗਈ
ਸੋਹਣ ਸਿੰਘ ਸੀਤਲ ਦਾ ਲਿਖਿਆ ਗੀਤ ਕਿਵੇਂ ਸਦੀਕ ਨੇ ਲੱਭਿਆ ਕੁਮੈਂਟਰੀ ਤਿਆਰ ਕਰਕੇ ਗਾਇਆ।
ਸਦੀਕ ਤੋਂ ਪਹਿਲਾਂ ਹੋਰ ਕਿਸ ਕਲਾਕਾਰ ਨੇ ਗਾਇਆ ਤੇ ਮੌਜੂਦਾ ਦੌਰ ਵਿੱਚ ਕਿਸੇ ਕਲਾਕਾਰ ਨੇ ਗਾਇਆ
"ਕਿਤਾਬ ਮਿੱਟੀ ਨੂੰ ਫਰੋਲ ਜੋਗੀਆ "ਅਸ਼ੋਕ ਬਾਂਸਲ ਮਾਨਸਾ ਜੀ ਨੇ ਗਿਆਨੀ ਸੋਹਣ ਸਿੰਘ ਸੀਤਲ ਦੇ ਬਾਰੇ ਤੇ ਗੀਤਾਂ ਬਾਰੇ ਹੋਰ ਵੀ ਵਿਸਥਾਰ ਨਾਲ ਦੱਸਿਆ। ਨਾ ਤੇ ਮੇਰਾ ਕੋਈ ਜੂ ਟੂਪ ਤੇ ਅਜੇ ਤੱਕ ਚੈਨਲ ਐ, ਨਾ ਈ ਆਹ ਵਿਊ ਵਧਾ ਕੇ ਕੋਈ ਮੈਂ ਪੈਸੇ ਕੱਠੇ ਕਰਨੇ ਐਂ, ਨਾ ਈ ਮੈਂ ਕੋਈ ਪੰਜਾਬੀ ਬੋਲੀ ਦਾ ਸੇਵਾਦਾਰ ਆਂ, ਮੈਂ ਨੀਹਾਂ ਹੇਠਾਂ ਦੱਬੇ ਲੋਕਾਂ ਦੀਆਂ ਬਾਤਾਂ ਪਾਉਣੋਂ ਨਹੀਂ ਹੱਟਣਾ ਭਾਵੇਂ ਕਿਸੇ ਦੇ ਗਿੱਟੇ ਲੱਗੇ ਭਾਵੇਂ ਗੋਡੇ, ਆਪਾਂ ਤਾਂ ਮਿੱਟੀ ਫਰੋਲੀ ਐ ਜੋ ਤੁਹਾਡੀ ਕਚਹਿਰੀ ਵਿੱਚ ਹਾਜਿਰ ਹੈ। ਮਿੱਟੀ ਨੂੰ ਫਰੋਲ ਜੋਗੀਆ ਕਿਤਾਬ ਕੈਲਗਰੀ ਸਹਿਰ ਵਿਖੇ ਪੰਜਾਬੀ ਅਖ਼ਬਾਰ (ਫੋਨ: 403 640 2000) ਦੇ ਮੁੱਖ ਦਫਤਰ ਵਿੱਚੋਂ ਪਰਾਪਤ ਕੀਤੀ ਜਾ ਸਕਦੀ ਹੈ।




# ਉਹ ਵੇਲਾ ਯਾਦ ਕਰ




## ਏਕ ਦਿਨ ਦੇਖੇ ਥੇ ਤੇਰੀ ਆਂਖੋਂ ਮੇਂ ਦੋ ਆਂਸੂ
## ਆਜ ਤੱਕ ਅਪਨੀ ਆਂਖੋਂ ਮੇਂ ਨਮੀ ਮਹਿਸੂਸ ਕਰਤਾ ਹੂੰ।




ਇਸ ਵਾਰੀ ਮੇਰੀ ਵਤਨ ਫੇਰੀ ਪਹਿਲੀਆਂ ਨਾਲੋਂ ਵੱਖਰੀ, ਵਧੀਆ ਅਤੇ ਪੁਰਸਕੂਨ ਰਹੀ ਹੈ। ਚਲਦੇ ਕਿਸਾਨ ਅੰਦੋਲਨ ਵਿਚ ਜਾ ਉਤਰਨ ਦੀ ਲੂਹਰੀਆਂ ਵਰਗੀ ਰੀਝ ਦੇ ਪੂਰੀ ਹੋਣ ਕਰ ਕੇ ਜਾਂ ਕੋਵਿਡ ਕਰ ਕੇ -ਵਿੱਛੜੇ ਹੀ ਨਾ ਮਰ ਜਾਈਏ- ਜਿਹੇ ਖ਼ਦਸ਼ੇ ਪਾਲਦਿਆਂ ਆਪਣਿਆਂ ਨੂੰ ਦੁਬਾਰਾ ਜਾ ਮਿਲਣ ਕਰ ਕੇ ਜਾਂ ਆਪਣਾ ਆਪਾ ਖੀਣ ਹੁੰਦਾ ਵੇਖ ਕੇ ਸਮੇਂ ਦਾ ਸਦ ਉਪਯੋਗ ਹੁੰਦਾ ਵਿਚਾਰਦਿਆਂ ਉੱਥੇ ਬਿਤਾਇਆ ਹਰ ਦਿਨ ਹੀ ਅਰਥ ਭਰਪੂਰ ਲਗਦਾ ਰਿਹਾ। ਰਾਮ-ਪੁਲ ਬਣਦਿਆਂ ਕਿਸੇ ਕਾਟੋ ਦੇ ਪੂਛ ਲਿਬੇੜ ਕੇ ਰੇਤਾ ਪਾਉਣ ਜਿਹੇ ਯੋਗਦਾਨ ਵਾਂਗ ਮੈਂ ਵੀ ਅੰਦੋਲਨ ਵਿਚ ਜਾ ਸ਼ਾਮਲ ਹੋਈ ਦੀ ਕਹਾਣੀ ਸਭ ਨਾਲ ਸਾਂਝੀ ਕਰਨਾ ਚਾਹਾਂਗੀ। ਮੈਂ ਟੋਰਾਂਟੋ ਵੱਲ ਦੀ ਦਿੱਲੀ ਤੱਕ ਅਪੜਦਿਆਂ ਦੋ ਰਾਤਾਂ ਦੀ ਉਨੀਂਦਰੀ ਅਤੇ ਦਿੱਲੀ ਏਅਰ ਪੋਰਟ ਦੀ ਖੱਜਲ- ਖੁਆਰੀ ਉਪ੍ਰੰਤ ਸਿੱਧੀ ਟਿੱਕਰੀ ਬਾਡਰ ਤੱਕ ਜਾ ਅਪੜਨ ਦੀ ਕਾਹਲ ਨਾਲ ਨੇੜੇ ਹੀ ਅੱਪੜੀ ਸੀ, ਕੁੱਝ ਗਜ਼ਾਂ ਦੀ ਦੂਰੀ ਤੇ ਕੁੜੀਆਂ ਦੀ ਦਿੱਲੀ ਪੁਲੀਸ ਦੀ ਇੱਕ ਟੁਕੜੀ ਨੇ ਮੇਰੀ ਕਾਰ ਆ ਘੇਰੀ। ਮੇਰਾ ਡਰਾਈਵਰ ਉਨ੍ਹਾਂ ਨਾਲ ਤਕਰਾਰ ਕਰਦਾ ਰਿਹਾ, ਮੈਂ ਕਾਰ ਵਿਚ ਹੀ ਬੈਠੀ ਨੇ ਗਗਨਦੀਪ ਸਿੰਘ ਨੂੰ ਫ਼ੋਨ ਕੀਤਾ, ਜਿਸ ਨੂੰ ਮੈਂ ਵਿਸ਼ੇਸ਼ ਤੌਰ ਤੇ ਮਿਲਣ ਜਾ ਰਹੀ ਸੀ। ਗਗਨਦੀਪ ਮੇਰੇ ਸਹੁਰੇ ਪਿੰਡ, ਥਾਂਦੇਵਾਲਾ, ਤੋਂ ਇੱਕ ਅਨਾਥ ਨੌਜਵਾਨ ਅੰਦੋਲਨ ਦੇ ਪਹਿਲੇ ਦਿਨ ਤੋਂ ਹਰ ਟੈਂਟ ਵਿਚ ਪਾਣੀ ਪੁਚਾਉਣ ਦੀ ਸੇਵਾ ਨਿਭਾਉਂਦਾ ਆ ਰਿਹਾ ਸੀ। ਉਹ ਘਰ ਦੀ ਸਰਦਲ ਨੂੰ ਮੱਥਾ ਟੇਕ ਆਇਆ ਸੀ ਇਹ ਕਹਿ ਕੇ ਕਿ ਜਾਂ ਮੈਂ ਜਿੱਤ ਕੇ ਆਵਾਂਗਾ ਜਾਂ ਮੇਰੀ ਲੋਥ ਆਵੇਗੀ। ਮੈਂ ਮਨ ਵਿਚ ਸੋਚਦੀ ਰਹੀ ਕਿ ਗਗਨ ਇੱਕ ਗ਼ਰੀਬ ਪੇਂਡੂ ਹੈ, ਉਹ ਕਿਹੜਾ ਤੀਸਮਾਰ ਖ਼ਾਂ ਹੈ। ਪਰ ਫ਼ੋਨ ਤੇ ਉਸ ਦਾ ਇਹ ਕਹਿਣਾ ਕਿ ਰੁਕੋ, ਮੈਂ ਆਉਨਾਂ, ਮੈਨੂੰ ਅਜੀਬ ਲੱਗ ਰਿਹਾ ਸੀ। ਕੁੱਝ ਮਿੰਟਾਂ ਪਿੱਛੋਂ ਦਸ ਪੰਦਰਾਂ ਮੁੰਡੇ ਹੱਥਾਂ ਵਿਚ ਕਿਸਾਨੀ ਝੰਡੇ ਲੈ ਕੇ ਮੇਰੀ ਕਾਰ ਵੱਲ ਵਧ ਰਹੇ ਸਨ। ਮੈਂ ਉਨ੍ਹਾਂ ਵੱਲ ਵੇਖ ਕੇ ਖ਼ੁਮਾਰੀ ਮਹਿਸੂਸ ਕਰ ਰਹੀ ਸੀ। ਉਹ ਪੁਲੀਸ ਦੀ ਟੁਕੜੀ ਪਤਾ ਨਹੀਂ ਕਿਧਰ ਛਿਪਨ ਹੋ ਗਈ ਸੀ। ਉਸ ਵੇਲੇ ਕਿਸਾਨੀ ਝੰਡੇ ਦੀ ਸ਼ਰਨ ਹੇਠ ਮੈਂ ਪੂਰੀ ਮਹਿਫ਼ੂਜ਼ ਮਹਿਸੂਸ ਕਰ ਰਹੀ ਸੀ। ਖ਼ੈਰ, ਮੈਂ ਸਹੀ ਸਲਾਮਤ ਪੰਡਾਲ ਦੇ ਨੇੜੇ ਥਾਂਦੇਵਾਲੇ ਦੇ ਟੈਂਟ ਤੱਕ ਜਾ ਅੱਪੜੀ। ਗਗਨਦੀਪ ਬਾਹਾਂ ਉਲਾਰਦਾ ਹੋਇਆ ਹੋਰਾਂ ਨੂੰ ਦੱਸ ਰਿਹਾ ਸੀ - ਇਹ ਮੇਰੇ ਪਿੰਡ ਤੋਂ ਨੇ, ਮੈਨੂੰ ਕੈਨੇਡਾ ਤੋਂ ਮਿਲਣ ਆਏ ਨੇ। ਉਹ ਆਪਣੀ ਦੇਹੀ ਦੀ ਹਰ ਹਰਕਤ ਨਾਲ ਮੋਹ ਅਤੇ ਸਤਿਕਾਰ ਨਾਲ ਵਿਛ-ਵਿਛ ਜਾਂਦਾ ਲੱਗ ਰਿਹਾ ਸੀ। ਉਸ ਵੇਲੇ ਉਸ ਨੂੰ ਮੇਰੇ ਤੇ ਅਤੇ ਮੈਨੂੰ ਉਸ ਤੇ ਮਾਣ ਹੋ ਰਿਹਾ ਸੀ। ਜਾਪਦਾ ਸੀ ਜਿਵੇਂ ਮੈਂ ਉਸ ਸੇਵਾ ਦੇ ਪੁੰਜ ਅਤੇ ਆਤਮਕ ਸ਼ਕਤੀ ਦੇ ਥੰਮ ਸਾਹਮਣੇ ਹੀਣੀ ਹੋਵਾਂ, ਏਨਾ ਆਪਣਿਆਂ ਲਈ ਘੱਟ ਨਿਭੀ ਹੋਵਾਂ। ਉਸ ਨੇ ਮੈਨੂੰ ਕਿਹਾ - ਆਹ ਛਿੱਕਲੀ ( ਮਾਸਕ ) ਜੀ ਤਾਂ ਲਾਹਦੋ, ਜੀ ਏਥੇ ਬੁਰਾ ਲਗਦੈ।ਮੈਂ ਸੋਚਿਆ, ਕਾਸ਼ ਦੁਨੀਆਂ ਦੀਆਂ ਸਭ ਛਿੱਕਲੀਆਂ ਹੀ ਹਮੇਸ਼ਾ ਲਈ ਲਹਿ ਜਾਣ। ਫਿਰ ਉਹ ਮੈਨੂੰ ਪਰਸ਼ਾਦਾ ਛਕਾਉਣ ਲੰਗਰ ਵੱਲ ਲੈ ਗਿਆ। ਓਥੇ ਧੋ- ਸੰਵਾਰ ਕੇ ਰੱਖੇ ਹੋਏ ਥਾਲਾਂ ਦੇ ਢੇਰ ਤੋਂ ਇੱਕ ਥਾਲ ਚੁੱਕ ਕੇ ਉਸ ਨੇ ਆਪਣੇ ਮੈਲੇ ਝੱਗੇ ਦੇ ਮੂਹਰਲੇ ਪੱਲੇ ਨਾਲ ਪੂੰਝ ਕੇ ਸੁਕਾ ਲਿਆ। ਫਿਰ ਇਉਂ ਹੀ ਉਸ ਨੇ ਚਮਚਾ ਪੂੰਝਿਆ। ਮੈਂ ਭੀਲਣੀ ਦੇ ਜੂਠੇ ਬੇਰ ਯਾਦ ਕਰਦੀ ਕਦੇ ਕੈਨੇਡੀਅਨ ਲੋਕਾਂ ਦੀ ਸਾਫ਼-ਸਫ਼ਾਈ ਯਾਦ ਕਰਦੀ, ਕਦੇ ਧੁੜਧੁੜੀ ਲੈਂਦੀ ਤੇ ਕਦੇ ਸ਼ਰਧਾ ਵਰਗੇ ਪੰਘਰਦੇ ਮੋਹ ਨੂੰ ਮਹਿਸੂਸ ਕਰਦੀ ਨੇ ਉਹ ਪਰਸ਼ਾਦਾ ਛਕ ਲਿਆ। ਮੈਂ ਉਸ ਦੀ ਮੁੱਠੀ ਵਿਚ ਰੁਪਈਆਂ ਦੀ ਗਟੋਲੀ ਜਿਹੀ ਵੱਟ ਕੇ ਇਕੱਲਿਆਂ ਦੇ ਰਹੀ ਸੀ, ਪਰ ਉਸ ਨੇ ਹੱਥ ਪਿੱਛੇ ਖਿਚਦਿਆਂ ਕਿਹਾ, ਐਂ ਨੀ ਮੈਂ ਲੈਂਦਾ, ਮੈਨੂੰ ਸਟੇਜ ਤੇ ਜਾ ਕੇ ਜੱਗ-ਜ਼ਾਹਰ ਕਰ ਕੇ ਦਿਓ ਮੈਨੂੰ ਲੱਗਿਆ ਉਹ ਕਿੰਨੀ ਪਾਕ-ਪਵਿੱਤਰ ਪਹੁੰਚ ਰਖਦਾ ਹੈ ਜੋ ਲੁਕ ਕੇ ਪੇਸੇ ਫੜਨ ਤੋਂ ਇਨਕਾਰੀ ਹੋ ਖੜ੍ਹਾ। ਫਿਰ ਉਸ ਨੇ ਮੈਨੂੰ ਭੋਲੇ-ਭਾਅ ਪੁੱਛਿਆ, ਤੁਸੀਂ ਸਟੇਜ ਤੋਂ ਮਾੜਾ ਮੋਟਾ ਬੋਲ ਲੋਂ ਗੇ। ਮੈਂ ਹਾਸਾ ਤੇ ਖ਼ੁਸ਼ੀ ਲੁਕੋਂਦਿਆਂ ਕਿਹਾ, 'ਕੋਸ਼ਿਸ਼ ਕਰਦੀਆਂ।' ਮੈਂ ਸਟੇਜ ਉੱਤੇ ਕਿਸਾਨ ਆਗੂ ਰੁਲਦੂ ਸਿੰਘ ਮਾਨਸਾ ਅਤੇ ਡਾ. ਸਵੈਮਾਨ ਸਿੰਘ ਕੋਲ ਜਾ ਬੈਠੀ।ਅੰਦੋਲਨਕਾਰੀਆਂ ਦੀ ਉਸ ਧਰਤੀ ਦੀ ਛੋਹ ਨੇ ਮੈਨੂੰ ਅਜੀਬ ਰੱਜਵੀਂ ਤਸੱਲੀ ਬਖ਼ਸ਼ੀ ਜਿਵੇਂ ਕਾਲਜਾ ਠਰ ਗਿਆ ਹੋਵੇ। ਸਾਹਮਣੇ ਪੰਡਾਲ ਵਿਚ ਬੈਠੀ ਸੰਗਤ - ਬਜ਼ੁਰਗ ਔਰਤਾਂ ਤੇ ਮਰਦ, ਸਭ ਦੀ ਭੋਲੀ ਭਾਲੀ, ਸਰਲ ਸੂਰਤ, ਮੂੰਹ ਚੁੱਕੀ ਸਟੇਜ ਵੱਲ ਹਾਮੀ ਭਰਦੀਆਂ ਨਜ਼ਰਾਂ ਨਾਲ - ਸਤਬਚਨੀ ਹੋਈ ਬੈਠੀ ਸੀ। ਉਹ ਸਭ ਅੱਜ ਕੱਲ੍ਹ ਦੀ ਤਹਿਜ਼ੀਬ ਵਾਲੀ ਰੱਖ ਰਖਾਅ ਤੋਂ ਕੋਰੇ, ਪਾਟੀਆਂ ਬਿਆਈਆਂ ਵਾਲੇ, ਅੱਟਣਾਂ ਭਰੇ ਹੱਥਾਂ ਵਾਲੇ, ਬੱਗੀਆਂ ਦਾੜ੍ਹੀਆਂ, ਦਰਵੇਸ਼ੀ ਦਿੱਖ ਵਾਲੇ, ਸਾਡੀਆਂ ਵੈਕਸੀਨਾਂ, ਸੈਨੇਟਾਈਜ਼ਰਾਂ ਜਾਂ ਮਾਸਕਾਂ ਤੋਂ ਵਿਰਵੇ ਚਿਹਰੇ, ਮੂੰਹ ਦੀਆਂ ਝੁਰੜੀਆਂ ਓਹਲੇ ਆਪਣੀ ਮੁਸ਼ੱਕਤ ਦਾ ਇਤਿਹਾਸ ਉਲੀਕੀ ਬੈਠੇ ਰਹੇ। ਮੁਹੱਬਤੀ ਰਿਸ਼ਤਿਆਂ ਦੀ ਸਿੱਕ ਪਾਲਦੇ, ਬੇਪਰਦ ਰੂਹਾਂ ਵਾਲੇ ਲੋਕ, ਚੁੱਲ੍ਹੇ ਬਲਦੀਆਂ ਅੱਗਾਂ ਸਾਹਮਣੇ ਧੁਆਂਖੇ ਚਿਹਰੇ, ਖੌਲਦੇ ਸਮੁੰਦਰ ਵਰਗੀਆਂ ਰੀਝਾਂ ਨੂੰ, ਗਰਜ਼ਾਂ ਹਾਣ ਗਿਰਵੀ ਰੱਖੇ ਸੁਪਨੇ ਹਿੱਕ ਚ ਦਫ਼ਨ ਕਰਦੇ ਲੋਕ, ਸਭ ਇੱਕ ਦੂਜੇ ਤੇ ਨਿਰਭਰ, ਸਭ ਅੰਤਰ-ਸੰਬੰਧਤ, ਮੈਨੂੰ ਸ਼ੁੱਧ ਆਪੇ ਵਿਚ ਝਾਕਣ ਦਾ ਮੌਕਾ ਬਖ਼ਸ਼ ਰਹੇ ਸਨ। ਮੇਰਾ ਰੋਮ ਰੋਮ ਉਸ ਧਰਤ ਨੂੰ ਸਲਾਮ, ਉਸ ਲੋਕਾਈ ਨੂੰ ਸਲਾਮ ਕਰਦਾ ਰਿਹਾ। ਉੱਥੇ ਜਾ ਕੇ ਮਨ ਤੇ ਅਜੀਬ ਸਰੂਰ ਛਾ ਗਿਆ। ਸਭ ਸਹੂਲਤਾਂ ਤੋਂ ਸੱਖਣੇ ਲੋਕਾਂ ਨੇ ਪੂਰਾ ਸਾਲ ਕਿਵੇਂ ਗੁਜ਼ਾਰ ਲਿਆ, ਜਿੱਥੇ ਦੋ ਘੰਟੇ ਕੱਟਣੇ ਵੀ ਮੁਹਾਲ ਹੋ ਜਾਂਦੇ ਹਨ। ਛੋਟੇ ਹੁੰਦਿਆਂ ਮੈਂ ਪਾਕਿਸਤਾਨੀ ਰੇਡੀਓ ਤੋਂ ਕੋਈ ਸਤਰ ਸੁਣੀ ਸੀ, - ਪਤਾ ਨਹੀਂ ਕਿਹੋ ਜਿਹੇ ਲੋਕ ਸਨ ਜੋ ਕੱਚਿਆਂ ਤੇ ਝਨਾਂ ਜਾ ਤਰਦੇ ਸਨ, ਸਾਡੇ ਤੇ ਤਾਂ ਚਾਰ ਕਣੀਆਂ ਪੈ ਜਾਣ, ਇੱਕ ਗਲੀ ਟੱਪਣੀ ਵੀ ਮੁਹਾਲ ਹੋ ਜਾਂਦੀ ਹੈ।

## facebook — ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਪੰਜਾਬ ਦਾ ਰੀਸਾਈਕਲਿੰਗ ਜੁਗਾੜ



ਰੀਸਾਈਕਲਿੰਗ ਸ਼ਬਦ ਦਾ ਅੱਜ - ਕੱਲ੍ਹ ਬਹੁਤ ਬੋਲਬਾਲਾ ਹੈ। ਕੈਨੇਡਾ ਵਿੱਚ ਜਨਤਕ ਥਾਂਵਾਂ ਤੇ ਕੂੜਾ - ਕਰਕਟ ਸੁੱਟਣ ਲਈ ਅਕਸਰ ਦੋ ਡੱਬੇ ਲੱਗੇ ਹੁੰਦੇ ਹਨ, ਇੱਕ ਗਾਰਬੇਜ ਸੁੱਟਣ ਵਾਲਾ ਦੂਜਾ ਰੀਸਾਈਕਲਿੰਗ ਵਾਲਾ ਭਾਵ ਉਹ ਵਾਧੂ ਕੂੜਾ ਕਰਕਟ ਜਿਸਨੂੰ ਦੁਬਾਰਾ ਕਿਸੇ ਹੋਰ ਰੂਪ ਵਿੱਚ ਵਰਤਿਆ ਜਾ ਸਕਦਾ ਹੈ। ਮੈਂ ਸੋਚਦਾ ਹਾਂ ਇਸ ਹਿਸਾਬ ਨਾਲ ਪੰਜਾਬੀ - ਭਾਰਤੀ ਲੋਕਾਂ ਦੇ ਵਡੇਰੇ ਰੀਸਾਈਕਲਿੰਗ ਵਿਧੀ ਦੇ ਗੁਰੂ ਸਨ। ਪਸ਼ੂਆ ਦਾ ਗੋਹਾ ਤਾਂ ਫ਼ਸਲ ਲਈ ਵਧੀਆ ਦੇਸੀ ਖਾਦ ( ਰੂੜੀ ) ਬਣਦਾ ਨਾਲੇ ਦੇਸੀ ਦਾਰੂ ਦੇ ਮੱਟ ਨੱਪਣ ਦੇ ਕੰਮ ਆਉਂਦੀ ਰੂੜੀ। ਗੋਹੇ ਦੀਆਂ ਪਾਥੀਆਂ ਅਤੇ ਕੰਧਾਂ, ਕੋਠੇ, ਵਿਹੜੇ ਲਿੱਪਣ ਦੇ ਕੰਮ ਆਉਂਦਾ। ਪਾਥੀਆਂ ਦੀ ਸਵਾਹ ਭਾਂਡੇ ਮਾਂਜਣ, ਬਿਮਾਰ ਲੋਕਾਂ ਦੇ ਥੁੱਕਣ ਦੇ ਕੰਮ ਆਉਂਦੀ। ਸੁੱਕੀਆਂ ਰੋਟੀਆਂ ਪਸ਼ੂਆਂ ਦੇ ਵੰਡ ਵਿੱਚ ਕੰਮ ਆਉਂਦੀਆਂ ਜਾਂ ਛਾਣ - ਬੂਰਾ ਅਤੇ ਰੋਟੀਆਂ ਸ਼ਹਿਰਾਂ ਵਿੱਚ ਸਾਈਕਲਾਂ ਤੇ ਤੁਰੇ ਫਿਰਦੇ ਲੋਕ ਖਰੀਦ ਕੇ ਲੈ ਜਾਂਦੇ। ਅਖ਼ਬਾਰਾਂ ਦੇ ਲਿਫ਼ਾਫ਼ੇ ਬਣ ਜਾਂਦੇ। ਖਾਲੀ ਬੋਰੀਆਂ ਨੂੰ ਖੋਲ੍ਹ ਕੇ ਡੰਗਰਾਂ ਦੇ ਝੁੱਲ ਜਾਂ ਤੱਪੜ ਆਦਿ ਬਣ ਜਾਂਦੇ। ਗਲੀ ਮੁਹੱਲਿਆਂ ਵਿੱਚ ਹੋਕਾ ਦੇਣ ਵਾਲੇ ਛੋਟੇ ਕਬਾੜੀਏ ਜਾਂ ਛਾਣ - ਬੂਰੇ ਵਾਲੇ ਘਰ ਵਿੱਚ ਪੀਤੀ ਗਈ ਸ਼ਰਾਬ ਦੇ ਪਊਏ ਤੋਂ ਲੈ ਕੇ ਹਰ ਧਾਤ ਜਾਂ ਪਲਾਸਟਿਕ ਜਾਂ ਰਬੜ ਦੀ ਚੀਜ਼ ਦਾ ਸੌਦਾ ਮਾਰ ਲੈਂਦੇ। ਪਤਲੇ ਟਾਇਰਾਂ ਨੂੰ ਕੱਟ ਕੇ ਮੋਚੀ ਪੰਜਾਬੀ ਜੁੱਤੀ ਜਾਂ ਹੋਰ ਜੁੱਤੀਆਂ ਦੇ ਤਲੇ ਦੇ ਹੇਠਾਂ ਵਰਤ ਲੈਂਦੇ।

ਮੋਬਿਲ ਆਇਲ ਦੇ ਲੀਟਰ ਵਾਲੇ ਡੱਬੇ ਲੋਕ ਮੋਟਰਾਂ ਤੇ ਜਾਂ ਘਰਾਂ ਵਿੱਚ ਨਹਾਉਣ ਲਈ ਜਾਂ ਬਾਹਰ ਜੰਗਲ - ਪਾਣੀ ਜਾਣ ਲਈ ਵਰਤ ਲੈਂਦੇ। ਸੰਤਰੇ ਵਾਲੀ ਬੋਤਲ ਜਿਹੜੀ ਬਾਪੂ ਨੇ ਪੀ ਕੇ ਖ਼ਤਮ ਕੀਤੀ ਹੁੰਦੀ, ਉਸੇ ਬੋਤਲ ਨੂੰ ਧੋ - ਸੰਵਾਰ ਕੇ ਬੇਬੇ ਦੁੱਧ ਦੀ ਭਰ ਕੇ ਗੁਰਦੁਆਰੇ ਲੰਗਰ ਲਈ ਭੇਜ ਦਿੰਦੀ। ਮਸ਼ੀਨਰੀ ਦੇ ਖੇਤਰ ਵਿੱਚ ਫ਼ੌਜ ਦੀਆਂ ਪੁਰਾਣੀਆਂ ਜੀਪਾਂ ਨੂੰ ਬੋਲੀ ਤੋ ਖ਼ਰੀਦ ਕੇ ਜਾਂ ਹੋਰ ਕਈ ਕਿਸਮ ਦੇ ਸਕੂਟਰਾਂ, ਪੀਟਰ ਇੰਜਣਾਂ ਆਦਿ ਨੂੰ ਮਕੈਨਿਕ ਫਿਰ ਨਵਾਂ ਬਣਾ ਦਿੰਦੇ। ਪੁਰਾਣੀਆਂ ਛੱਤਾਂ ਜਿੱਥੇ ਲੈਂਟਰ ਪੈ ਗਏ ਉਨ੍ਹਾਂ ਵਿੱਚੋਂ ਨਿੱਕਲੇ ਸ਼ਤੀਰਾਂ, ਬਾਲਿਆਂ ਨੇ ਲੱਖਾਂ ਲੋਕਾਂ ਨੂੰ ਚੁੱਲ੍ਹੇ ਦਾ ਬਾਲਣ ਬਣਕੇ ਸਾਗ ਦਾ ਸਵਾਦ ਦਿੱਤਾ ਹੋਵੇਗਾ। ਪੁਰਾਣੀਆਂ ਕਾਪੀਆਂ ਕਿਤਾਬਾਂ ਨੂੰ ਰੇਹੜੀਆਂ ਵਾਲੇ ਜਾਂ ਛੋਟੇ ਪਰਚੂਨ ਵਾਲੇ ਆਪਣਾ ਸਮਾਨ ਵੇਚਣ ਲਈ ਖਰੀਦ ਲੈਂਦੇ। ਪੁਰਾਣੀਆਂ ਬਾਲਟੀਆਂ ਦੇ ਜਦ ਥੱਲੇ ਗਲ ਜਾਂਦੇ ਤਾਂ ਲੁਹਾਰ ਉਸਦੀ ਅੰਗੀਠੀ - ਚੁੱਲ੍ਹਾ ਬਣਾ ਦਿੰਦੇ ਜਾਂ ਥੱਲਾ ਲਾ ਦਿੰਦੇ। ਉਹ ਛਿੱਤਰ ਜਿਹੜੇ ਉੱਕਾ ਹੀ ਘਸ ਜਾਂਦੇ ਤਾਂ ਬੁਰੀ ਨਜ਼ਰ ਵਾਲੇ ਦੇ ਮੱਥੇ ਵਿੱਚ ਮਾਰਨ ਲਈ ਉਸਨੂੰ ਨਵੇਂ ਘਰ ਦੇ ਬਨੇਰੇ ਤੇ ਟੰਗ ਦਿੱਤਾ ਜਾਂਦਾ। ਪੁਰਾਣੀਆਂ ਇੱਟਾਂ ਦੀ ਰੋੜੀ ਬਣ ਜਾਂਦੀ। ਪੀਤੀਆਂ ਹੋਈਆਂ ਉਹ ਬੋਤਲਾਂ ਜਿਹੜੀਆਂ ਨਾਂ ਵਿਕਦੀਆਂ ਤੇ ਰਾਜ ਮਿਸਤਰੀ ਉਨ੍ਹਾਂ ਦੇ ਟੁਕੜੇ ਕੰਧਾਂ ਤੇ ਸੀਮੈਂਟ ਨਾਲ ਦੱਬ ਦਿੰਦੇ ਤਾਂ ਕੋਈ ਚੋਰ - ਉਚੱਕਾ ਟੱਪ ਕੇ ਨਾ ਆ ਸਕੇ। ਪਾਟੇ - ਪੁਰਾਣੇ ਕੱਪੜੇ ਘਰਦੇ ਫਰਸ਼ ਨੂੰ ਪੋਚਾ ਲਗਾਉਣ ਜਾਂ ਸਾਈਕਲ, ਸਕੂਟਰ, ਟਰੈਕਟਰ ਆਦਿ ਨੂੰ ਧੋਣ - ਸਾਫ਼ ਕਰਨ ਲਈ ਵਰਤ ਲਏ ਜਾਂਦੇ। ਇਸ ਤੋਂ ਬਿਨਾ ਹੋਰ ਵੀ ਬਹੁਤ ਉਦਾਹਰਨਾਂ ਹਨ ਜਿਹੜੀਆਂ ਰੀਸਾਈਕਲਿੰਗ ਸੰਸਾਰ ਦੀਆਂ ਜੜ੍ਹਾਂ ਸਾਡੇ ਪੰਜਾਬੀ ਵਿਰਸੇ ਨਾਲ ਜਾ ਜੁੜਦੀਆਂ ਹਨ।

( ਜਸਵਿੰਦਰ ਸਿੱਧੂ ਦੀ ਫੇਸ ਬੁੱਕ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ )

ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ
17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।
ਇਹਨਾਂ ਨੂੰ ਸੁਪਰਵਾਈਜਰ/ਬੋਤਲ ਸੌਰਟਰ
ਵਰਕਰਾਂ ਦੀ ਵੀ ਲੋੜ ਹੈ
ਪੰਜਾਬੀ ਬੋਲਣ ਵਾਲਾ ਸਟਾਫ
East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)

ਪੰਜਾਬ ਤੋਂ ਪੰਜਾਬੀ ਸਟਾਈਲ ਦੇ ਸੂਟ
ਵਿਆਹ ਭਾਂਵੇ ਕਨੇਡਾ ਹੋਵੇ ਜਾਂ ਪੰਜਾਬ ਜਾਕੇ ਕਰਨਾ ਐ !
ਬਠਿੰਡਾ ਨੇਹਚਲ ਸਟੂਡਿਓ ਤਾਂ ਵਿਆਹ ਵਿੱਚ
ਸ਼ਾਮਿਲ ਜਰੂਰ ਹੋਵੇਗਾ ਕਿਉਂਕਿ ਉਹ ਜਿਹੇ ਸੂਟ
ਤੁਹਾਨੂੰ ਹੋਰ ਕਿਤੋਂ ਮਿਲ ਈ ਨਹੀਂ ਸਕਦੇ
Nehchhal Vogue Studio
Bathinda (PB)
ਰੇਟ ਤੁਹਾਡੀ ਜੇਬ ਦੇ ਹਾਣੀ ਹੋਣਗੇ
Hand- Machine Embroidery,
Indian Bridal Lehnga's, Tailoring,
(Hand, Block, Screen Painting), Sarees.....
Enjoy The Boutique Designer Attires
But Not At Boutique Price
73407 84137
ਆਨ ਲਾਈਨ ਆਰਡਰ ਅਤੇ ਹਵਾ ਦੇ ਬੁੱਲਿਆਂ ਵਾਂਗ ਡਲਿਵਰੀ ਤੁਹਾਡੇ ਘਰ ਹੁੰਦੀ ਹੈ





# ਸਾਹਨੇਵਾਲ ਤੋਂ 31 ਕਾਂਗਰਸੀ ਆਗੂਆਂ ਵੱਲੋਂ ਦਾਅਵੇਦਾਰੀ ਜਤਾਉਣ ਕਾਰਨ ਟਿਕਟ ਦੇ ਐਲਾਨ 'ਚ ਫ਼ਸਿਆ ਪੇਚ

ਮਾਛੀਵਾੜਾ ਸਾਹਿਬ (ਪੰਜਾਬੀ ਅਖਬਾਰ ਬਿਊਰੋ)– ਪੰਜਾਬ ਦੀ ਕਾਂਗਰਸ ਹਾਈਕਮਾਂਡ ਵੱਲੋਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ 86 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ ਪਰ ਹਲਕਾ ਸਾਹਨੇਵਾਲ ਵਿੱਚ ਸੂਬੇ ਦੇ ਸਭ ਤੋਂ ਵੱਧ ਕਾਂਗਰਸੀ 31 ਸੰਭਾਵੀ ਉਮੀਦਵਾਰਾਂ ਨੇ ਇੱਥੋਂ ਚੋਣ ਲੜਨ ਦੀ ਦਾਅਵੇਦਾਰੀ ਪੇਸ਼ ਕਰਨ 'ਤੇ ਹਾਈਕਮਾਂਡ ਵੀ ਭੰਬਲਭੂਸੇ ਵਿੱਚ ਪੈ ਗਈ ਹੈ ਕਿ ਇੱਥੋਂ ਕਿਸ ਨੂੰ ਮੈਦਾਨ ਵਿੱਚ ਉਤਾਰਿਆ ਜਾਵੇ। ਹਲਕਾ ਸਾਹਨੇਵਾਲ ਤੋਂ ਸ਼੍ਰੋਮਣੀ ਅਕਾਲੀ ਦਲ+ਬਸਪਾ ਗਠਜੋੜ ਅਤੇ 'ਆਪ' ਵੱਲੋਂ ਉਮੀਦਵਾਰਾਂ ਨੂੰ ਚੋਣ ਮੈਦਾਨ ਵਿੱਚ ਉਤਾਰ ਦਿੱਤਾ ਗਿਆ ਹੈ ਪਰ ਕਾਂਗਰਸ ਦੀ ਟਿਕਟ ਨੂੰ ਲੈ ਕੇ 31 ਉਮੀਦਵਾਰ ਹੋਣ ਕਾਰਨ ਪੇਚ ਫ਼ਸਿਆ ਦਿਖਾਈ ਦੇ ਰਿਹਾ ਹੈ। ਇਸ ਹਲਕੇ ਤੋਂ 31 ਸੰਭਾਵੀ ਕਾਂਗਰਸੀ ਉਮੀਦਵਾਰਾਂ 'ਤੇ ਜੇਕਰ ਨਜ਼ਰ ਮਾਰੀ ਜਾਵੇ ਤਾਂ 2012 ਦੀਆਂ ਵਿਧਾਨ ਸਭਾ ਚੋਣਾਂ ਲੜ ਚੁੱਕੇ ਵਿਕਰਮ ਸਿੰਘ ਬਾਜਵਾ ਕਾਫ਼ੀ ਸਰਗਰਮ ਹਨ ਅਤੇ ਟਿਕਟ ਦੇ ਮਜ਼ਬੂਤ ਦਾਅਵੇਦਾਰ ਮੰਨੇ ਜਾ ਰਹੇ ਹਨ।

ਬਾਜਵਾ ਪਿਛਲੇ 10 ਸਾਲਾਂ ਤੋਂ ਹਲਕਾ ਸਾਹਨੇਵਾਲ 'ਚ ਲੋਕਾਂ ਦੇ ਸੁੱਖ-ਦੁੱਖ ਵਿੱਚ ਵਿਚਰ ਰਹੇ ਹਨ ਤੇ ਉਨ੍ਹਾਂ ਦੀ ਪਕੜ ਵੀ ਕਾਫ਼ੀ ਮਜ਼ਬੂਤ ਹੈ ਅਤੇ ਲੋਕ ਚਰਚਾ ਅਨੁਸਾਰ ਉਹ ਵਿਰੋਧੀ ਸਿਆਸੀ ਪਾਰਟੀਆਂ ਦਾ ਡੱਟ ਕੇ ਮੁਕਾਬਲਾ ਕਰ ਸਕਦੇ ਹਨ। ਪਿਛਲੇ ਇੱਕ ਸਾਲ ਤੋਂ ਹਲਕੇ 'ਚ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਵੀ ਆਪਣੀਆਂ ਸਰਗਰਮੀਆਂ ਕਾਫ਼ੀ ਵਧਾਈਆਂ ਹਨ ਜੋ ਕਾਂਗਰਸ ਦੇ ਹੀ ਸਾਬਕਾ ਮੰਤਰੀ ਸਵ. ਕਰਮ ਸਿੰਘ ਗਿੱਲ ਦੇ ਸਪੁੱਤਰ ਅਤੇ ਕੈਬਨਿਟ ਮੰਤਰੀ ਗੁਰਕੀਰਤ ਸਿੰਘ ਕੋਟਲੀ ਦੇ ਨਜ਼ਦੀਕੀ ਰਿਸ਼ਤੇਦਾਰ ਹਨ। ਕੈਬਨਿਟ ਮੰਤਰੀ ਕੋਟਲੀ ਅਤੇ ਹਲਕਾ ਪਾਇਲ ਦੇ ਵਿਧਾਇਕ ਲਖਵੀਰ ਸਿੰਘ ਲੱਖਾ ਵੱਲੋਂ ਸਾਹਨੇਵਾਲ ਵਿੱਚ ਉਨ੍ਹਾਂ ਦੀਆਂ ਸਰਗਰਮੀਆਂ ਨੂੰ ਕਾਫ਼ੀ ਹੁਲਾਰਾ ਦਿੱਤਾ ਜਿਸ ਕਾਰਨ ਇਹ ਸਾਰੇ ਕਾਂਗਰਸ ਹਾਈਕਮਾਂਡ ਨੂੰ ਵੀ ਰਾਜਾ ਗਿੱਲ ਨੂੰ ਟਿਕਟ ਦੇਣ ਦੀ ਸਿਫ਼ਾਰਿਸ਼ ਕਰ ਰਹੇ ਹਨ ਅਤੇ ਚਰਚਾਵਾਂ ਅਨੁਸਾਰ ਉਹ ਆਪਣੀ ਟਿਕਟ ਪੱਕੀ ਮੰਨ ਰਹੇ ਹਨ। ਰਾਜਾ ਗਿੱਲ ਨੇ ਹਲਕੇ 'ਚ ਆਪਣੀਆਂ ਗਤੀਵਿਧੀਆਂ ਬੜੇ ਯੋਜਨਾਬੱਧ ਢੰਗ ਨਾਲ ਵਿੱਢੀਆਂ ਹੋਈਆਂ ਹਨ ਅਤੇ ਮਜ਼ਬੂਤ ਉਮੀਦਵਾਰ ਵਜੋਂ ਉੱਭਰ ਕੇ ਸਾਹਮਣੇ ਆਏ ਹਨ। 2017 ਦੀਆਂ



ਵਿਧਾਨ ਸਭਾ ਚੋਣਾਂ 'ਚ ਕਾਂਗਰਸ ਵੱਲੋਂ ਚੋਣ ਲੜ ਚੁੱਕੀ ਸਤਵਿੰਦਰ ਕੌਰ ਬਿੱਟੀ ਵੀ ਇਸ ਵਾਰ ਮੁੜ 2022 'ਚ ਟਿਕਟ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੀ ਹੈ ਪਰ ਉਹ ਹਲਕੇ ਵਿੱਚ ਪਾਰਟੀ ਦੀ ਧੜੇਬੰਦੀ ਖ਼ਤਮ ਕਰਨ ਵਿੱਚ ਨਾਕਾਮ ਰਹੀ। ਜੇਕਰ ਕਾਂਗਰਸ ਹਾਈਕਮਾਂਡ ਇਨ੍ਹਾਂ ਚੋਣਾਂ ਵਿੱਚ ਔਰਤਾਂ ਨੂੰ ਤਰਜੀਹ ਦਿੰਦੀ ਹੈ ਤਾਂ ਬਿੱਟੀ ਇਸ ਹਲਕੇ ਤੋਂ ਦੁਬਾਰਾ ਟਿਕਟ ਲਈ ਆਸਵੰਦ ਹਨ।

ਇਸ ਤੋਂ ਇਲਾਵਾ ਲੁਧਿਆਣਾ ਨਗਰ ਨਿਗਮ ਵਿੱਚ ਕੌਂਸਲਰ ਪਾਲ ਸਿੰਘ ਗਰੇਵਾਲ ਵੱਲੋਂ ਵੀ ਹਲਕੇ ਵਿੱਚ ਕਾਫ਼ੀ ਵੱਡੇ-ਵੱਡੇ ਹੋਰਡਿੰਗਜ਼ ਲਗਾ ਕੇ ਆਪਣੀ ਦਾਅਵੇਦਾਰੀ ਜਿਤਾਈ ਜਾ ਰਹੀ ਹੈ ਕਿਉਂਕਿ ਉਹ ਸ਼ਹਿਰੀ ਵੋਟ 'ਤੇ ਆਪਣਾ ਚੰਗਾ ਆਧਾਰ ਮੰਨ ਰਹੇ ਹਨ। ਨੌਜਵਾਨ ਵਰਗ ਦੀ ਗੱਲ ਕੀਤੀ ਜਾਵੇ ਤਾਂ 'ਨੈਸ਼ਨਲ ਸਟੂਡੈਂਟ ਯੂਨੀਅਨ ਔਫ਼ ਇੰਡੀਆ' ਦੇ ਸਾਬਕਾ ਪ੍ਰਧਾਨ ਇਕਬਾਲ ਸਿੰਘ ਗਰੇਵਾਲ ਨੇ ਵੀ ਕਾਂਗਰਸ ਹਾਈਕਮਾਂਡ ਕੋਲ ਇਸ ਹਲਕੇ ਤੋਂ ਚੋਣ ਲੜਨ ਦੀ ਇੱਛਾ ਪ੍ਰਗਟਾਈ ਹੈ। ਇਕਬਾਲ ਸਿੰਘ ਗਰੇਵਾਲ ਜਿੱਥੇ ਨੌਜਵਾਨ ਵਰਗ 'ਚ ਆਪਣਾ ਚੰਗਾ ਪ੍ਰਭਾਵ ਰੱਖਦੇ ਹਨ, ਉੱਥੇ ਉਹ ਇੱਕ ਵੱਡੇ ਕਿਸਾਨ ਪਰਿਵਾਰ ਨਾਲ ਵੀ ਸਬੰਧ ਰੱਖਦੇ ਹਨ। ਨੌਜਵਾਨਾਂ 'ਚ ਯੂਥ ਕਾਂਗਰਸ ਦਿਹਾਤੀ ਦੇ ਪ੍ਰਧਾਨ ਲੱਕੀ ਸੰਧੂ ਅਤੇ ਜ਼ਿਲਾ ਪ੍ਰੀਸ਼ਦ ਮੈਂਬਰ ਰਮਨੀਤ ਸਿੰਘ ਗਿੱਲ ਵੀ ਟਿਕਟ ਲੈਣ ਲਈ ਕਾਫ਼ੀ ਜੱਦੋ-ਜ਼ਹਿਦ 'ਚ ਲੱਗੇ ਹੋਏ ਹਨ ਪਰ 31 ਸੰਭਾਵੀ ਉਮੀਦਵਾਰਾਂ ਦੀ ਸੂਚੀ ਵਿੱਚ ਕਿਸ ਨੂੰ ਟਿਕਟ ਮਿਲਦੀ ਹੈ ਅਤੇ ਕੌਣ ਅਕਾਲੀ ਦਲ ਤੇ 'ਆਪ' ਦਾ ਡੱਟ ਕੇ ਮੁਕਾਬਲਾ ਕਰੇਗਾ, ਇਹ ਤਾਂ ਆਉਣ ਵਾਲੇ 1-2 ਵਿੱਚ ਕਾਂਗਰਸ ਹਾਈਕਮਾਂਡ ਵੱਲੋਂ ਦੂਜੀ ਲਿਸਟ ਜਾਰੀ ਕਰਨ 'ਤੇ ਹੀ ਪਤਾ ਲੱਗ ਸਕੇਗਾ। ਹਲਕਾ ਸਾਹਨੇਵਾਲ ਤੋਂ 31 ਕਾਂਗਰਸੀ ਆਗੂਆਂ ਨੇ ਚੋਣ ਲੜਨ ਦੀ ਇੱਛਾ ਪ੍ਰਗਟਾਈ ਹੈ ਜਿਸ ਕਾਰਨ ਕਾਂਗਰਸ ਹਾਈਕਮਾਂਡ ਨੂੰ ਇਸ 'ਤੇ ਫ਼ੈਸਲਾ ਕਰਨਾ ਥੋੜ੍ਹਾ ਜਿਹਾ ਔਖਾ ਮਹਿਸੂਸ ਹੋ ਰਿਹਾ ਹੈ ਪਰ ਚਰਚਾਵਾਂ ਇਹ ਹਨ ਕਿ ਕਿਤੇ ਇਨ੍ਹਾਂ 31 ਦੀ ਬਜਾਏ ਕੋਈ ਹੋਰ ਨਾ ਬਾਜ਼ੀ ਮਾਰ ਜਾਵੇ ਕਿਉਂਕਿ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਅੱਜਕੱਲ੍ਹ ਹਲਕੇ ਨਾਲ ਸਬੰਧਤ ਪਿੰਡ ਕੂੰਮਕਲਾਂ ਦੇ ਜੰਮਪਲ ਪ੍ਰਸਿੱਧ ਗਾਇਕ ਗਿੱਪੀ ਗਰੇਵਾਲ ਨਾਲ ਕਾਫ਼ੀ ਨਜ਼ਦੀਕੀਆਂ ਦਿਖਾਈ ਦੇ ਰਹੀਆਂ ਹਨ। ਕਾਂਗਰਸ ਹਾਈਕਮਾਂਡ ਰੇੜਕਾ ਮੁਕਾਉਣ ਲਈ ਜੇਕਰ ਗਿੱਪੀ ਗਰੇਵਾਲ ਨੂੰ ਚੋਣ ਮੈਦਾਨ ਵਿੱਚ ਉਤਾਰ ਦਿੰਦੀ ਹੈ ਤਾਂ ਸਾਰੇ ਸਿਆਸੀ ਸਮੀਕਰਨ ਬਦਲ ਸਕਦੇ ਹਨ।

## 'ਆਪ' 'ਤੇ ਰੰਧਾਵਾ ਦਾ ਵੱਡਾ ਹਮਲਾ, ਕਿਹਾ-ਕੇਜਰੀਵਾਲ ਬਾਹਰਲੇ ਵਿਅਕਤੀ, ਪੰਜਾਬੀਅਤ ਦੀ ਹੋਂਦ ਖ਼ਤਰੇ 'ਚ ਨਹੀਂ ਪਵੇਗੀ

ਜਲੰਧਰ (ਪੰਜਾਬੀ ਅਖਬਾਰ ਬਿਊਰੋ)- ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵਲੋਂ ਵਾਰ-ਵਾਰ 'ਇੱਕ ਮੌਕਾ ਕੇਜਰੀਵਾਲ ਨੂੰ' ਸਬੰਧੀ ਕੀਤੇ ਜਾ ਰਹੇ ਦਾਅਵਿਆਂ ਦਰਮਿਆਨ ਪੰਜਾਬ ਦੇ ਉੱਪਮੁੱਖ ਮੰਤਰੀ (ਗ੍ਰਿਹ) ਸੁਖਜਿੰਦਰ ਸਿੰਘ ਰੰਧਾਵਾ ਨੇ ਆਮ ਆਦਮੀ ਪਾਰਟੀ 'ਤੇ ਜ਼ੋਰਦਾਰ ਹਮਲਾ ਬੋਲਦੇ ਹੋਏ ਕਿਹਾ ਕਿ ਕੇਜਰੀਵਾਲ ਬਾਹਰਲੇ ਵਿਅਕਤੀ ਹਨ। ਇਸ ਕਾਰਨ 2017 ਵਿੱਚ ਵੀ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਰਿਜੈਕਟ ਕਰ ਦਿੱਤਾ ਸੀ। ਰੰਧਾਵਾ ਨੇ ਕਿਹਾ ਕਿ ਸੂਬੇ ਦੇ ਲੋਕ ਸੂਝਵਾਨ ਹਨ ਅਤੇ ਪੰਜਾਬੀਅਤ ਕਿਸੇ ਵੀ ਹਾਲਤ ਵਿੱਚ ਖ਼ਤਰੇ 'ਚ ਨਹੀਂ ਪਵੇਗੀ। ਉਨ੍ਹਾਂ ਕਿਹਾ ਕਿ ਬਾਹਰਲੀ ਪਾਰਟੀ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ ਹੈ ਅਤੇ ਆਮ ਆਦਮੀ ਪਾਰਟੀ ਦਾ ਪੰਜਾਬ ਵਿੱਚ ਇਤਿਹਾਸ ਲੋਕਾਂ ਦੇ ਸਾਹਮਣੇ ਹੈ। 'ਆਪ' ਦੇ ਵਿਧਾਇਕਾਂ ਨੇ ਹੀ ਕੇਜਰੀਵਾਲ ਦੀਆਂ ਨੀਤੀਆਂ ਤੋਂ ਤੰਗ ਆ ਕੇ ਉਨ੍ਹਾਂ ਦਾ ਸਾਥ ਛੱਡ ਦਿੱਤਾ ਸੀ। ਉੱਪ-ਮੁੱਖ ਮੰਤਰੀ ਨੇ ਕਿਹਾ ਕਿ ਇਸ ਸਮੇਂ ਪੰਜਾਬੀਆਂ ਨੂੰ ਬਹੁਤ ਸੋਚ-ਸਮਝ ਕੇ ਫ਼ੈਸਲਾ ਲੈਣ ਦੀ ਲੋੜ ਹੈ। ਲੋਕਾਂ ਨੇ ਉਸ ਪਾਰਟੀ ਦੇ ਹੱਥਾਂ ਵਿੱਚ ਸੱਤਾ ਦੇਣੀ ਹੈ ਜਿਸ 'ਤੇ ਉਹ ਭਰੋਸਾ ਕਰ ਸਕਦੇ ਹਨ।

ਕਾਂਗਰਸ ਦੀ ਚਰਚਾ ਕਰਦੇ ਹੋਏ ਰੰਧਾਵਾ ਨੇ ਕਿਹਾ ਕਿ ਸਾਡੀ ਪਾਰਟੀ ਨੇ ਅਤਿਵਾਦ ਦੇ ਦੌਰ 'ਚ ਸੂਬੇ ਦੀ ਅਮਨ-ਸ਼ਾਂਤੀ ਲਈ ਹਜ਼ਾਰਾਂ ਕੁਰਬਾਨੀਆਂ ਦਿੱਤੀਆਂ ਹਨ ਸੂਬੇ ਵਿੱਚ ਅਮਨ-ਸ਼ਾਂਤੀ ਅਤੇ ਸੁਰੱਖਿਆ ਨੂੰ ਬਣਾ ਕੇ ਰੱਖਣ ਲਈ ਕਾਂਗਰਸੀ ਅੱਜ ਵੀ ਆਪਣੇ ਲਹੂ ਦਾ ਕਤਰਾ-ਕਤਰਾ ਵਹਾਉਣ ਲਈ ਤਿਆਰ ਹਨ। ਉੱਪਮੁੱਖ ਮੰਤਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਕਥਨੀ ਅਤੇ ਕਰਨੀ 'ਚ ਭਾਰੀ ਫ਼ਰਕ ਹੈ। ਉਨ੍ਹਾਂ ਕਿਹਾ ਕਿ ਕੇਜਰੀਵਾਲ ਦਿੱਲੀ ਨੂੰ ਲੈ ਕੇ ਵੱਡੇ-ਵੱਡੇ ਦਾਅਵੇ ਕਰਦੇ ਹਨ ਪਰ ਦਿੱਲੀ ਵਿੱਚ ਜੋ ਵੀ ਵਿਕਾਸ ਹੋਇਆ ਹੈ, ਉਹ ਸਾਬਕਾ ਮੁੱਖ ਮੰਤਰੀ ਸਵ. ਸ਼ੀਲਾ ਦੀਕਸ਼ਿਤ ਨੇ ਹੀ ਕਰਵਾਇਆ ਸੀ। ਦਿੱਲੀ ਵਿੱਚ ਅੱਜ ਜੋ ਵੀ ਫ਼ਲਾਈ ਓਵਰ ਬਣੇ ਹੋਏ ਹਨ, ਉਹ ਕਾਂਗਰਸ ਦੀ ਦੇਣ ਹੈ। ਉਨ੍ਹਾਂ ਕੇਜਰੀਵਾਲ ਨੂੰ ਪੁੱਛਿਆ ਕਿ ਉਨ੍ਹਾਂ ਨੇ ਆਪਣੇ ਕਾਰਜ ਕਾਲ ਦੌਰਾਨ ਕੀ ਕੋਈ ਨਵਾਂ ਫ਼ਲਾਈ ਓਵਰ ਦਿੱਲੀ ਵਿੱਚ ਬਣਵਾਇਆ ਹੈ?

ਉਨ੍ਹਾਂ ਕਿਹਾ ਕਿ ਬਾਹਰਲੀਆਂ ਪਾਰਟੀਆਂ ਦੇ ਹੱਥਾਂ 'ਚ ਸੂਬੇ ਦੀ ਸੱਤਾ ਨਹੀਂ ਸੌਂਪੀ ਜਾ ਸਕਦੀ। ਉਨ੍ਹਾਂ ਦਾਅਵਾ ਕੀਤਾ ਕਿ ਕਾਂਗਰਸ ਲੋਕਾਂ ਦੇ ਸਹਿਯੋਗ ਨਾਲ ਇੱਕ ਵਾਰ ਮੁੜ ਸੱਤਾ ਵਿੱਚ ਆ ਕੇ ਨਵਾਂ ਇਤਿਹਾਸ ਸਿਰਜੇਗੀ।

## ਕਾਂਗਰਸ ਮੁੜ ਸੱਤਾ 'ਚ ਆਈ ਤਾਂ 'ਮਾਫ਼ੀਆ ਰਾਜ' ਦਾ ਭੋਗ ਪਏਗਾ: ਸਿੱਧੂ

ਅੰਮ੍ਰਿਤਸਰ (ਪੰਜਾਬੀ ਅਖਬਾਰ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨ ਇਥੇ ਵਾਅਦਾ ਕੀਤਾ ਕਿ ਜੇਕਰ ਕਾਂਗਰਸ ਮੁੜ ਸੱਤਾ ਵਿੱਚ ਆਈ ਤਾਂ ਹਰ ਤਰ੍ਹਾਂ ਦਾ ਮਾਫ਼ੀਆ ਰਾਜ ਖ਼ਤਮ ਹੋਵੇਗਾ। ਉਨ੍ਹਾਂ ਕਿਹਾ ਕਿ 'ਜਾਂ ਸਿੱਧੂ ਰਹੇਗਾ ਜਾਂ ਮਾਫ਼ੀਆ ਰਾਜ'। ਉਨ੍ਹਾਂ ਕਿਹਾ ਕਿ ਬਕਾਇਆ 13 ਨੁਕਾਤੀ ਏਜੰਡਾ ਕਾਂਗਰਸ ਦੇ ਚੋਣ ਮਨੋਰਥ ਪੱਤਰ ਦਾ ਹਿੱਸਾ ਹੋਵੇਗਾ। ਸਿੱਧੂ ਆਪਣੇ ਗ੍ਰਹਿ ਵਿਖੇ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਬਸਪਾ ਆਗੂ ਤਰਸੇਮ ਸਿੰਘ ਭੋਲਾ ਨੂੰ ਸਾਥੀਆਂ ਸਮੇਤ ਕਾਂਗਰਸ ਵਿੱਚ 'ਜੀ ਆਇਆਂ' ਆਖਿਆ। ਉਨ੍ਹਾਂ ਪੰਜਾਬ ਵਿਧਾਨ ਸਭਾ ਚੋਣਾਂ 14 ਫ਼ਰਵਰੀ ਦੀ ਥਾਂ 20 ਫ਼ਰਵਰੀ ਨੂੰ ਕਰਵਾਉਣ ਦੇ ਚੋਣ ਕਮਿਸ਼ਨ ਦੇ ਫ਼ੈਸਲੇ ਦਾ ਸਵਾਗਤ ਕੀਤਾ ਹੈ। ਸ੍ਰੀ ਸਿੱਧੂ ਨੇ ਕਿਹਾ ਕਿ ਕਾਂਗਰਸ ਦਾ ਬਕਾਇਆ 13 ਨੁਕਾਤੀ ਏਜੰਡਾ ਪੰਜਾਬ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਦੇ ਚੋਣ ਮਨੋਰਥ ਪੱਤਰ ਦਾ ਹਿੱਸਾ ਹੋਵੇਗਾ। ਉਨ੍ਹਾਂ ਕਿਹਾ ਕਿ ਕਾਂਗਰਸ ਹਾਈਕਮਾਂਡ ਨਾਲ ਗੱਲ ਹੋਣ ਤੋਂ ਬਾਅਦ ਹੀ ਉਨ੍ਹਾਂ ਇਹ ਖ਼ੁਲਾਸਾ ਕੀਤਾ ਹੈ ਜਦੋਂਕਿ 'ਪੰਜਾਬ ਮਾਡਲ' ਦੇ ਦੂਜੇ ਹਿੱਸੇ ਦਾ ਖ਼ੁਲਾਸਾ ਵੀ ਜਲਦੀ ਕਰਨਗੇ। ਪੰਜਾਬ ਦੇ ਲੋਕਾਂ ਨੂੰ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਦਿੱਤਾ ਜਾਵੇਗਾ, ਨਸ਼ੇ ਤੇ ਮਾਫ਼ੀਆ ਰਾਜ ਨੂੰ ਖ਼ਤਮ ਕੀਤਾ ਜਾਵੇਗਾ। ਲੋਕਾਂ ਦੇ ਕੰਮ ਤੁਰੰਤ ਕਰਨ ਲਈ ਈ-ਪੋਰਟਲ ਸਿਸਟਮ ਲਾਗੂ ਕੀਤਾ ਜਾਵੇਗਾ।

ਚੋਰਮੋਰੀਆਂ ਬੰਦ ਕਰ ਕੇ ਪੰਜਾਬ ਦੀ ਆਮਦਨ



ਨੂੰ ਵਧਾਇਆ ਜਾਵੇਗਾ, ਜਿਸ ਨੂੰ ਲੋਕ ਭਲਾਈ ਕਾਰਜਾਂ ਵਾਸਤੇ ਖ਼ਰਚ ਕੀਤਾ ਜਾਵੇਗਾ। ਪੰਜਾਬ ਮਾਡਲ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ 13 ਨੁਕਾਤੀ ਏਜੰਡੇ ਤਹਿਤ ਸ਼ਰਾਬ, ਰੇਤ ਅਤੇ ਭੂ ਮਾਫ਼ੀਆ ਨੂੰ ਖ਼ਤਮ ਕਰ ਕੇ ਸਰਕਾਰੀ ਖਜਾਨਾ ਭਰਿਆ ਜਾਵੇਗਾ। ਇਸ ਨਾਲ ਸਰਕਾਰ ਨੂੰ ਲੱਗਭਗ 50 ਹਜ਼ਾਰ ਕਰੋੜ ਰੁਪਏ ਦਾ ਮਾਲੀਆ ਪ੍ਰਾਪਤ ਹੋਵੇਗਾ, ਜਿਸ ਨੂੰ ਅਗਾਂਹ ਸਰਕਾਰੀ ਯੋਜਨਾਵਾਂ ਲਈ ਨਿਵੇਸ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਪਲਾਨਿੰਗ ਕਮਿਸ਼ਨ ਦਾ ਮੁੜ ਤੋਂ ਗਠਨ ਕੀਤਾ ਜਾਵੇਗਾ, ਜਿਸ ਰਾਹੀਂ ਸੂਬੇ ਵਿੱਚ 'ਈ ਗਵਰਨੈਂਸ' ਦਿੱਤੀ ਜਾਵੇਗੀ। ਲੱਗਭਗ 170 ਸੇਵਾਵਾਂ ਲੋਕਾਂ ਨੂੰ ਘਰ ਬੈਠਿਆਂ ਮਿਲ ਸਕਣਗੀਆਂ। ਉਨ੍ਹਾਂ ਕਿਹਾ ਕਿ ਕੇਬਲ ਅਤੇ ਟਰਾਂਸਪੋਰਟ ਪ੍ਰਣਾਲੀ ਨੂੰ ਪਾਰਦਰਸ਼ੀ ਬਣਾਇਆ ਜਾਵੇਗਾ। ਇਸ ਮੌਕੇ ਉਨ੍ਹਾਂ ਨਾਲ ਹੋਰ ਵੀ ਕਈ ਕਾਂਗਰਸੀ ਆਗੂ ਹਾਜ਼ਰ ਸਨ।

ਕੇਜਰੀਵਾਲ 'ਸਿਆਸੀ ਯਾਤਰੂ ਤੇ ਪਰਵਾਸੀ ਪੰਛੀ'- ਸਿੱਧੂ ਨੇ 'ਆਪ' ਮੁੱਖੀ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ 'ਤੇ ਨਿਸ਼ਾਨਾ ਸੇਧਦਿਆਂ ਉਸ ਨੂੰ 'ਸਿਆਸੀ ਯਾਤਰੂ ਅਤੇ ਪ੍ਰਵਾਸੀ ਪੰਛੀ' ਕਰਾਰ ਦਿੱਤਾ। ਉਨ੍ਹਾਂ ਦੋਸ਼ ਲਾਇਆ ਕਿ ਉਹ ਕਾਂਗਰਸ ਦੇ ਪੰਜਾਬ ਮਾਡਲ ਦੀ ਨਕਲ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕੇਜਰੀਵਾਲ ਨੇ ਤਕ ਪੰਜਾਬ ਵਾਸੀਆਂ ਨੂੰ ਇਹ ਨਹੀਂ ਦੱਸਿਆ ਕਿ ਉਨ੍ਹਾਂ ਵਲੋਂ ਦਿੱਤੀਆਂ ਜਾ ਰਹੀਆਂ ਗਰੰਟੀਆਂ ਲਈ ਰਕਮ ਕਿੱਥੋਂ ਆਵੇਗੀ। ਉਨ੍ਹਾਂ ਦੋਸ਼ ਲਾਇਆ ਕਿ ਉਹ ਹੁਣ ਤਕ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵੇਲੇ ਪਰਵਾਸੀ ਪੰਜਾਬੀਆਂ ਵੱਲੋਂ ਭੇਜੇ ਪੈਸੇ ਦਾ ਲੇਖਾ- ਜੋਖਾ ਵੀ ਨਹੀਂ ਦੇ ਸਕੇ ਹਨ।

## ਆਪਣੇ ਨਾਰਾਜ਼ ਭਰਾ ਨੂੰ ਮਨਾ ਲਵਾਂਗਾ- ਚੰਨੀ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਾਂਗਰਸੀ ਉਮੀਦਵਾਰਾਂ ਦੀ ਪਹਿਲੀ ਸੂਚੀ ਮਗਰੋਂ ਉਠੀਆਂ ਬਗਾਵਤੀ ਸੁਰਾਂ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਉਹ ਆਪਣੇ ਭਰਾ ਡਾ. ਮਨੋਹਰ ਸਿੰਘ ਨੂੰ ਆਜ਼ਾਦ ਚੋਣ ਲੜਨ ਤੋਂ ਰੋਕਣ ਲਈ ਰਜ਼ਾਮੰਦ ਕਰ ਲੈਣਗੇ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦਾ ਭਰਾ ਉਨ੍ਹਾਂ ਦੇ ਕਹਿਣੇ ਤੋਂ ਬਾਹਰ ਨਹੀਂ ਅਤੇ ਬਸੀ ਪਠਾਣਾਂ ਤੋਂ ਪਾਰਟੀ ਉਮੀਦਵਾਰ ਗੁਰਪ੍ਰੀਤ ਸਿੰਘ ਜੀ.ਪੀ. ਵੀ ਸਾਡਾ ਭਰਾ ਹੀ ਹੈ. ਦੋਵਾਂ ਨੂੰ ਬਿਠਾ ਕੇ ਗੱਲਬਾਤ ਕੀਤੀ ਜਾਵੇਗੀ ਅਤੇ ਮਸਲਾ ਹੱਲ ਕਰ ਲਿਆ ਜਾਵੇਗਾ.

ਬਸੀ ਪਠਾਣਾਂ ਤੋਂ ਚੰਨੀ ਦੇ ਭਰਾ ਮਨੋਹਰ ਸਿੰਘ ਨੇ ਟਿਕਟ ਨਾ ਮਿਲਣ ਮਗਰੋਂ ਆਜ਼ਾਦ ਚੋਣ ਲੜਨ ਦਾ ਐਲਾਨ ਕੀਤਾ ਹੋਇਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਹ ਆਪਣੇ ਭਰਾ ਨਾਲ ਗੱਲ ਕਰਨਗੇ. ਚੰਨੀ ਨੇ ਕਿਹਾ ਕਿ ਉਸ ਦਾ ਭਰਾ ਸਰਕਾਰੀ ਨੌਕਰੀ ਕਰਦਾ ਸੀ ਅਤੇ ਹਲਕੇ ਦੇ ਵਿਧਾਇਕ ਜੀ.ਪੀ. ਨੇ ਉਸ ਦੀ ਬਦਲੀ ਕਰਾ ਦਿੱਤੀ ਜਿਸ ਮਗਰੋਂ ਉਸ ਨੇ ਨੌਕਰੀ ਹੀ ਛੱਡ ਦਿੱਤੀ। ਉਨ੍ਹਾਂ ਕਿਹਾ ਕਿ ਇਸ ਮਗਰੋਂ ਉਨ੍ਹਾਂ ਦੇ ਭਰਾ ਨੂੰ ਲੋਕਾਂ ਨੇ ਚੋਣ ਲੜਨ ਲਈ ਆਖ ਦਿੱਤਾ। ਚੰਨੀ ਨੇ ਆਦਮਪੁਰ



ਹਲਕੇ ਤੋਂ ਟਿਕਟ ਦੇ ਦਾਅਵੇਦਾਰ ਮਹਿੰਦਰ ਸਿੰਘ ਕੇਪੀ ਬਾਰੇ ਕਿਹਾ ਕਿ ਕੇ.ਪੀ. ਪਾਰਟੀ ਦੇ ਸਾਬਕਾ ਪ੍ਰਧਾਨ ਰਹਿ ਚੁੱਕੇ ਹਨ ਅਤੇ ਟਿਕਟ ਕੱਟੇ ਜਾਣ ਕਰਕੇ ਉਨ੍ਹਾਂ ਦੀ ਨਾਰਾਜ਼ਗੀ ਜਾਇਜ਼ ਹੈ ਜਿਸ ਬਾਰੇ ਪਾਰਟੀ ਜਰੂਰ ਸੋਚੇਗੀ। ਮੁੱਖ ਮੰਤਰੀ ਨੇ ਪ੍ਰੈੱਸ ਕਾਨਫ਼ਰੰਸ ਕਰ ਕੇ ਹਲਕਾ ਫ਼ਿਰੋਜ਼ਪੁਰ ਦਿਹਾਤੀ ਤੋਂ 'ਆਪ' ਦੇ ਐਲਾਨੇ ਉਮੀਦਵਾਰ ਆਸ਼ੂ ਬੰਗੜ ਜਿਨ੍ਹਾਂ ਨੇ 'ਆਪ' ਤੋਂ ਅਸਤੀਫ਼ਾ ਦੇ ਦਿੱਤਾ ਸੀ, ਨੂੰ ਕਾਂਗਰਸ ਪਾਰਟੀ ਵਿੱਚ ਸਾਮਲ ਕਰਾਇਆ. ਮੁੱਖ ਮੰਤਰੀ ਨੇ ਕਿਹਾ ਕਿ ਹਲਕਾ ਦਿਹਾਤੀ ਤੋਂ ਹੁਣ ਆਸ਼ੂ ਬੰਗੜ ਨੂੰ ਚੋਣ ਲੜਾਈ ਜਾਵੇਗੀ। ਚੰਨੀ ਦੇ ਇਸ ਐਲਾਨ ਤੋਂ ਸਾਫ਼ ਹੈ ਕਿ ਹਲਕਾ ਦਿਹਾਤੀ ਤੋਂ ਵਿਧਾਇਕ ਸਤਿਕਾਰ ਕੌਰ ਦੀ ਟਿਕਟ ਕੱਟੀ ਜਾਣੀ ਤੈਅ ਹੈ।

ਕਾਂਗਰਸ ਪਾਰਟੀ ਵਿੱਚ ਇਸ ਮੌਕੇ 'ਆਪ' ਦੇ ਜਨਰਲ ਸਕੱਤਰ ਅਜਮੇਰ ਸਿੰਘ ਵੀ ਸ਼ਾਮਲ ਹੋਏ। ਮੁੱਖ ਮੰਤਰੀ ਨੇ ਆਸ਼ੂ ਬੰਗੜ ਦਾ ਸਵਾਗਤ ਕਰਦਿਆਂ ਕਿਹਾ ਕਿ ਪੰਜਾਬ ਵਿੱਚ 'ਆਪ' ਦਾ ਅਖਾੜਾ ਉੱਖੜ ਗਿਆ ਹੈ।

**ਚੰਨੀ ਨਾਲ ਮੁਲਾਕਾਤ ਤੋਂ ਬਾਅਦ ਸ਼ੁੱਭ ਖ਼ਬਰ**

ਮੁੱਖ ਮੰਤਰੀ ਚੰਨੀ ਨੇ ਦੱਸਿਆ ਕਿ ਜੀਰਾ ਇਲਾਕੇ ਤੋਂ ਕੁਝ ਅਕਾਲੀ ਆਗੂ ਖਰੜ ਆਏ ਸਨ ਜਿਨ੍ਹਾਂ ਨੇ ਕਾਂਗਰਸ ਪਾਰਟੀ ਜੁਆਇਨ ਕੀਤੀ ਹੈ. ਇਨ੍ਹਾਂ ਅਕਾਲੀ ਆਗੂਆਂ ਦਾ ਪਾਰਟੀ ਵਿੱਚ ਸਵਾਗਤ ਕੀਤਾ ਗਿਆ। ਚੰਨੀ ਨੇ ਦੱਸਿਆ ਕਿ ਇੱਕ ਘੰਟੇ ਮਗਰੋਂ ਕਾਂਗਰਸ 'ਚ ਸ਼ਾਮਲ ਹੋਣ ਵਾਲੇ ਆਗੂ ਦਾ ਫ਼ੋਨ ਆਖਿਆ ਜਿਸ ਨੇ ਖ਼ੁਸ਼ੀ ਸਾਂਝੀ ਕਰਦਿਆਂ ਕਿਹਾ ਕਿ ਅੱਜ ਤੁਹਾਡੇ ਨਾਲ ਮੁਲਾਕਾਤ ਮਗਰੋਂ ਚੰਗੀ ਖ਼ਬਰ ਆਈ ਤੇ ਉਨ੍ਹਾ ਦੇ ਘਰ ਮੁੰਡਾ ਜੰਮਿਆ ਹੈ। ਚੰਨੀ ਨੇ ਕਿਹਾ ਕਿ ਘੰਟਾ ਪਹਿਲਾਂ ਮੁੰਡਾ ਹੋਇਆ ਹੁੰਦਾ ਤਾਂ ਅਕਾਲੀ ਹੋਣਾ ਸੀ, ਹੁਣ ਕਾਂਗਰਸੀ ਜੰਮਿਆ ਹੈ।

**ਚੰਨੀ ਵੱਲੋਂ ਚੋਣ ਕਮਿਸਨ ਦਾ ਧੰਨਵਾਦ**

ਮੁੱਖ ਮੰਤਰੀ ਚੰਨੀ ਨੇ ਪੰਜਾਬ ਚੋਣਾਂ ਵਿੱਚ ਤਬਦੀਲੀ ਕੀਤੇ ਜਾਣ 'ਤੇ ਚੋਣ ਕਮਿਸ਼ਨ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਮੁੱਖ ਚੋਣ ਕਮਿਸ਼ਨਰ ਨੂੰ ਸਭ ਤੋਂ ਪਹਿਲਾਂ ਪੱਤਰ ਲਿਖ ਕੇ ਅਪੀਲ ਕੀਤੀ ਸੀ ਕਿ ਗੁਰੂ ਰਵਿਦਾਸ ਦੇ ਗੁਰਪੁਰਬ ਦੇ ਮੱਦੇਨਜ਼ਰ ਚੋਣ ਤਰੀਕ ਵਿੱਚ ਤਬਦੀਲੀ ਕੀਤੀ ਜਾਵੇ। ਹੁਣ ਉਨ੍ਹਾਂ ਨੇ ਚੋਣ ਕਮਿਸ਼ਨ ਦਾ ਧੰਨਵਾਦ ਕਰਨ ਲਈ ਚਿੱਠੀ ਲਿਖੀ ਹੈ।




















Mega
Sanjha Punjab
GROCERY STORE
ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ, ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ, ਪਰੈਸ਼ਰ ਕੁਕਰ, ਮੰਜੇ, ਆਦਿ ਪੰਜਾਬ ਦੀ ਘਾਟ ਮਹਿਸੂਸ ਹੀ ਨਹੀਂ ਹੋਣ ਦਿੰਦੇ ।
ਕਰੋਨਾ ਕਾਰਣ ਤੁਹਾਡੀ ਸੋਸ਼ਲ ਡਿਸਟੈਂਸ ਦੇ ਪੁਖਤਾ ਪਰਬੰਧ ਹਨ।
Mega Sanjha Punjab
ਸਾਂਝਾ ਪੰਜਾਬ ਗਰੌਸਰੀ ਸਟੋਰ ਦੀ ਤੀਜੀ ਲੋਕੇਸ਼ਨ ਹੁਣ ਕੋ-ਔਪ ਸਟੋਰ ਵਾਲੀ ਬਿਲਡਿੰਗ ਵਿੱਚ ਖੁੱਲ ਗਈ ਹੈ
FRESH PRODUCE
GROCERY STORE
403-266-5200
THREE LOCATIONS TO SERVE YOU
3690 Westwinds Dr NE, Calgary, AB T3J 5H3
7171 80 Ave NE #117, Calgary, AB T3J 0P6
570-6520 Falconridge BLVD NE Calgary




SOUTH POINTE
TOYOTA
2021 COROLLA
ONLY $58 A WEEK!
$0 DOWN! LE
2020 RAV4
ONLY $92 A WEEK!
$0 DOWN! LE AWD
FREE WINTER TIRES WITH PURCHASE
0% FINANCING AVAILABLE
FREE REMOTE STARTER WITH PURCHASE
RISHI MUKHERJEE NEW CAR SALES MANAGER
ZAK BHANJI NEW CAR SALES MANAGER
PREZ TIWANA NEW CAR PRODUCT ADVISOR
MINAZ RATANSHI NEW CAR PRODUCT ADVISOR
AFSHEEN HARJEE NEW CAR PRODUCT ADVISOR
MUHAMMAD YOUSAF NEW CAR PRODUCT ADVISOR
IT'S TIME TO TOYOTA
11150 35 ST SE CALGARY, AB
CALL US! 403-567-8888
WWW.SOUTHPOINTETOYOTA.COM
CALGARYS #1 VOLUME TOYOTA DEALERSHIP

# ਫੋਕ ਟਰਬਨੇਟਰ ਸੰਗੀਤ ਗਰੁੱਪ ਨੇ ਜੇ ਐਚ ਐਚ ਟਰਾਂਸਪੋਰਟ ਵਾਲੇ ਗੁਰਸ਼ਰਨ ਜੱਸੜ ਦੀ ਅਗਵਾਈ ਹੇਠ ਰੌਣਕ ਮੇਲੇ ਵਿਚ ਰੌਣਕਾਂ ਲਾਈਆਂ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਉੱਘੇ ਸ਼ੋਅ ਪਰਮੋਟਰ ਜੇ ਐਚ ਐਚ ਟਰਾਂਸਪੋਰਟ ਵਾਲੇ ਗੁਰਸ਼ਰਨ ਜੱਸੜ ਨੇ 8 ਜਨਵਰੀ 2022 ਦੀ ਸ਼ਾਮ ਪੰਜਾਬੀਆਂ ਦੇ ਨਾਮ ਕੀਤੀ। ਰਾਜਵੀਰ ਬੈਂਕਿਟ ਹਾਲ ਅੰਦਰ ਪੰਜਾਬੀ ਭਾਈਚਾਰੇ ਦੀ ਵੱਡੀ ਗਿਣਤੀ ਵਿੱਚ ਸੋਹਣੇ ਦਸਤਾਰ ਧਾਰੀ ਸੰਗੀਤਕ ਗਰੁੱਪ ਦੀ ਫੋਕ ਟਰਬਨੇਟਰ ਵਾਲੇ ਗੱਭਰੂਆਂ ਨੇ ਖੂਬ ਰੌਣਕਾਂ ਲਾਈਆਂ ।ਸਟੇਜ ਦੀ ਜਿੰਮੇਵਾਰੀ ਜਸਪ੍ਰੀਆ ਜੌਹਲ ਨੇ ਸੰਭਾਲੀ ਹੋਈ ਸੀ । ਇਸ ਪਰੋਗਰਾਮ ਦਾ ਮਕਸਦ ਆਉਣ ਵਾਲੇ ਮਹੀਨਿਆਂ ਦੌਰਾਨ ਹੋਣ ਵਾਲੇ ਵੱਡੇ ਸੱਭਿਆਚਰਕ ਸੋਆਂ ਬਾਰੇ ਕੈਲਗਰੀ ਵਾਸੀਆਂ ਨਾਲ ਜਾਣਕਾਰੀ ਸਾਂਝੀ ਕਰਨਾ ਸੀ ।ਇਸ ਸਬੰਧੀ ਪੰਜਾਬੀ ਅਖ਼ਬਾਰ ਨਾਲ ਗੱਲਬਾਤ ਦੌਰਾਨ ਸੋਅ ਪਰਮੋਟਰ ਗੁਰਸ਼ਰਨ ਜੱਸੜ ਨੇ ਦੱਸਿਆ ਕਿ ਅਪਰੈਲ ਮਹੀਨੇ ਤੋਂ ਸੂਰੂ ਹੋਕੇ ਰਣਜੀਤ ਬਾਵਾ, ਕੰਵਰ ਗਰੇਵਾਲ, ਹਸਨ ਮਾਣਕ ਦੇ ਸੋਅ ਅਲੱਗ ਅਲੱਗ ਸਮਿਆਂ ਦੌਰਾਨ ਪੂਰੇ ਕਨੇਡਾ ਭਰ ਅੰਦਰ ਹੋਣਗੇ।





®©

ਤਸਵੀਰ : ਮੁਨੀਸ਼

# ਪੰਜਾਬ ਸਰਕਾਰ ਦੀਆਂ ਪ੍ਰਵਾਨਿਤ ਛੁੱਟੀਆਂ*

| | |
|---|---|
| ਪ੍ਰਕਾਸ਼ ਪੁਰਬ | |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ | 9 ਜਨਵਰੀ |
| ਗਣਤੰਤਰ ਦਿਵਸ | 26 ਜਨਵਰੀ |
| ਜਨਮ ਦਿਵਸ ਸ੍ਰੀ ਗੁਰੂ ਰਵਿਦਾਸ ਜੀ | 16 ਫਰਵਰੀ |
| ਮਹਾਂ ਸ਼ਿਵਰਾਤਰੀ | 1 ਮਾਰਚ |
| ਹੋਲੀ | 18 ਮਾਰਚ |
| ਜਨਮ ਦਿਵਸ ਸ੍ਰੀ ਨਾਭਾ ਦਾਸ ਜੀ | 8 ਅਪ੍ਰੈਲ |
| ਰਾਮ ਨੌਮੀ | 10 ਅਪ੍ਰੈਲ |
| ਮਹਾਂਵੀਰ ਜੈਅੰਤੀ | 14 ਅਪ੍ਰੈਲ |
| ਵਿਸਾਖੀ | 14 ਅਪ੍ਰੈਲ |
| ਜਨਮ ਦਿਨ ਡਾ. ਬੀ.ਆਰ. ਅੰਬੇਡਕਰ | 14 ਅਪ੍ਰੈਲ |
| ਗੁੱਡ ਫਰਾਈਡੇ | 15 ਅਪ੍ਰੈਲ |
| ਈਦ-ਉਲ-ਫਿਤਰ | 3 ਮਈ |
| ਭਗਵਾਨ ਪਰਸ਼ੂਰਾਮ ਜੈਅੰਤੀ | 3 ਮਈ |
| ਸ਼ਹੀਦੀ ਦਿਵਸ | |
| ਸ੍ਰੀ ਗੁਰੂ ਅਰਜਨ ਦੇਵ ਜੀ | 3 ਜੂਨ |
| ਕਬੀਰ ਜੈਅੰਤੀ | 14 ਜੂਨ |
| ਈਦ-ਉੱਲ-ਜੂਹਾ (ਬਕਰੀਦ) | 10 ਜੁਲਾਈ |
| ਸੁਤੰਤਰਤਾ ਦਿਵਸ | 15 ਅਗਸਤ |
| ਜਨਮ ਅਸ਼ਟਮੀ | 19 ਅਗਸਤ |
| ਮਹਾਰਾਜ ਅਗਰਸੈਨ ਜੈਅੰਤੀ | 26 ਸਤੰਬਰ |
| ਜਨਮ ਦਿਨ ਮਹਾਤਮਾ ਗਾਂਧੀ | 2 ਅਕਤੂਬਰ |
| ਦੁਸਹਿਰਾ | 5 ਅਕਤੂਬਰ |
| ਜਨਮ ਦਿਵਸ | |
| ਸ੍ਰੀ ਮਹਾਂਰਿਸ਼ੀ ਵਾਲਮੀਕਿ ਜੀ | 9 ਅਕਤੂਬਰ |
| ਦੀਵਾਲੀ | 24 ਅਕਤੂਬਰ |
| ਵਿਸ਼ਵਕਰਮਾ ਦਿਵਸ | 25 ਅਕਤੂਬਰ |
| ਪ੍ਰਕਾਸ਼ ਪੁਰਬ ਸਾਹਿਬ | |
| ਸ੍ਰੀ ਗੁਰੂ ਨਾਨਕ ਦੇਵ ਜੀ | 8 ਨਵੰਬਰ |
| ਸ਼ਹੀਦੀ ਦਿਵਸ | |
| ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | 28 ਨਵੰਬਰ |
| ਕ੍ਰਿਸਮਸ | 25 ਦਸੰਬਰ |
| ਪ੍ਰਕਾਸ਼ ਪੁਰਬ | |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ | 29 ਦਸੰਬਰ |

The Punjabi Newspaper

ਪੰਜਾਬੀਅਤ ਦਾ ਪਰਚਮ

ਪੰਜਾਬੀ ਅਖ਼ਬਾਰ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

## ਹੋਰ ਰਾਖਵੀਆਂ ਛੁੱਟੀਆਂ

| | |
|---|---|
| ਨਵਾਂ ਸਾਲ ਦਿਵਸ | 1 ਜਨਵਰੀ |
| ਲੋਹੜੀ | 13 ਜਨਵਰੀ |
| ਭਗਵਾਨ ਆਦਿ ਨਾਥ ਜੀ ਦਾ ਨਿਰਵਾਣ ਦਿਵਸ | 31 ਜਨਵਰੀ |

* ਛੁੱਟੀਆਂ ਮਿਲਾਉਣ ਲਈ ਪੰਜਾਬ ਸਰਕਾਰ ਦਾ ਗਜ਼ਟ ਦੇਖੋ

| | |
|---|---|
| ਬਸੰਤ ਪੰਚਮੀ/ਜਨਮ ਦਿਵਸ | |
| ਸਤਿਗੁਰੂ ਰਾਮ ਸਿੰਘ ਜੀ | 5 ਫਰਵਰੀ |
| ਅੰਤਰਰਾਸ਼ਟਰੀ ਮਹਿਲਾ ਦਿਵਸ | 8 ਮਾਰਚ |
| ਹੋਲਾ ਮਹੱਲਾ | 19 ਮਾਰਚ |
| ਸ਼ਹੀਦੀ ਦਿਹਾੜਾ ਸ: ਭਗਤ ਸਿੰਘ | 23 ਮਾਰਚ |
| ਮਈ ਦਿਵਸ | 1 ਮਈ |
| ਬੁੱਧ ਪੂਰਨਿਮਾ | 16 ਮਈ |
| ਨਿਰਜਲਾ ਇਕਾਦਸ਼ੀ | 10 ਜੂਨ |
| ਬਰਸੀ ਮਹਾਰਾਜਾ ਰਣਜੀਤ ਸਿੰਘ | 29 ਜੂਨ |
| ਸ਼ਹੀਦੀ ਦਿਹਾੜਾ ਸ: ਊਧਮ ਸਿੰਘ | 31 ਜੁਲਾਈ |
| ਮੁਹੱਰਮ | 9 ਅਗਸਤ |
| ਪਹਿਲਾ ਪ੍ਰਕਾਸ਼ ਪੁਰਬ | |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 28 ਅਗਸਤ |
| ਜਨਮ ਦਿਹਾੜਾ ਬਾਬਾ ਜੀਵਨ ਸਿੰਘ ਜੀ | 5 ਸਤੰਬਰ |
| ਜਨਮ ਦਿਹਾੜਾ ਬਾਬਾ ਸ੍ਰੀਚੰਦ ਜੀ | 5 ਸਤੰਬਰ |
| ਅਨੰਤ ਚਤੁਰਦਸ਼ੀ | 9 ਸਤੰਬਰ |
| ਸਾਰਾਗੜ੍ਹੀ ਦਿਵਸ | 12 ਸਤੰਬਰ |
| ਜਨਮ ਦਿਨ ਸ: ਭਗਤ ਸਿੰਘ | 28 ਸਤੰਬਰ |
| ਜਨਮ ਦਿਨ ਪੈਗੰਬਰ ਮੁਹੰਮਦ ਸਾਹਿਬ (ਮਿਲਾਦ-ਉੱਨ-ਨਬੀ ਜਾਂ ਈਦ-ਏ-ਮਿਲਾਦ) | 9 ਅਕਤੂਬਰ |
| ਪ੍ਰਕਾਸ਼ ਪੁਰਬ | |
| ਸ੍ਰੀ ਗੁਰੂ ਰਾਮਦਾਸ ਸਾਹਿਬ ਜੀ | 11 ਅਕਤੂਬਰ |
| ਕਰਵਾ ਚੌਥ | 13 ਅਕਤੂਬਰ |
| ਜਨਮ ਦਿਵਸ | |
| ਬਾਬਾ ਬੰਦਾ ਸਿੰਘ ਜੀ ਬਹਾਦਰ | 16 ਅਕਤੂਬਰ |
| ਗੋਵਰਧਨ ਪੂਜਾ | 25 ਅਕਤੂਬਰ |
| ਗੁਰਤਾਗੱਦੀ ਦਿਵਸ | |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 27 ਅਕਤੂਬਰ |
| ਛਠ ਪੂਜਾ | 30 ਅਕਤੂਬਰ |
| ਨਵਾਂ ਪੰਜਾਬ ਦਿਹਾੜਾ | 1 ਨਵੰਬਰ |
| ਜਨਮ ਦਿਵਸ ਭਗਤ ਨਾਮਦੇਵ ਜੀ | 4 ਨਵੰਬਰ |
| ਸ਼ਹੀਦੀ ਦਿਹਾੜਾ | |
| ਸ: ਕਰਤਾਰ ਸਿੰਘ ਸਰਾਭਾ | 16 ਨਵੰਬਰ |
| ਸ਼ਹੀਦੀ ਜੋੜ ਮੇਲ | 26, 27 ਅਤੇ |
| ਸ੍ਰੀ ਫ਼ਤਹਿਗੜ੍ਹ ਸਾਹਿਬ | 28 ਦਸੰਬਰ |

## ਜਨਵਰੀ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| 30 | 31 | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |

• ਸੰਗਰਾਂਦ 14 • ਪੂਰਨਮਾਸ਼ੀ 17 • ਮੱਸਿਆ 2

## ਫਰਵਰੀ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | | | | | |

• ਸੰਗਰਾਂਦ 12 • ਪੂਰਨਮਾਸ਼ੀ 16 • ਮੱਸਿਆ 1

## ਮਾਰਚ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

• ਸੰਗਰਾਂਦ 14 • ਪੂਰਨਮਾਸ਼ੀ 18 • ਮੱਸਿਆ 2

## ਅਪ੍ਰੈਲ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |

• ਸੰਗਰਾਂਦ 14 • ਪੂਰਨਮਾਸ਼ੀ 16 • ਮੱਸਿਆ 1, 30

## ਮਈ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | 31 | | | | |

• ਸੰਗਰਾਂਦ 14 • ਪੂਰਨਮਾਸ਼ੀ 16 • ਮੱਸਿਆ 30

## ਜੂਨ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | | |

• ਸੰਗਰਾਂਦ 15 • ਪੂਰਨਮਾਸ਼ੀ 14 • ਮੱਸਿਆ 29

## ਜੁਲਾਈ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| 31 | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |

• ਸੰਗਰਾਂਦ 16 • ਪੂਰਨਮਾਸ਼ੀ 13 • ਮੱਸਿਆ 28

## ਅਗਸਤ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | 31 | | | |

• ਸੰਗਰਾਂਦ 17 • ਪੂਰਨਮਾਸ਼ੀ 12 • ਮੱਸਿਆ 27

## ਸਤੰਬਰ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | |

• ਸੰਗਰਾਂਦ 17 • ਪੂਰਨਮਾਸ਼ੀ 10 • ਮੱਸਿਆ 25

## ਅਕਤੂਬਰ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| 30 | 31 | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |

• ਸੰਗਰਾਂਦ 17 • ਪੂਰਨਮਾਸ਼ੀ 9 • ਮੱਸਿਆ 25

## ਨਵੰਬਰ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | | | |

• ਸੰਗਰਾਂਦ 16 • ਪੂਰਨਮਾਸ਼ੀ 8 • ਮੱਸਿਆ 23

## ਦਸੰਬਰ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

• ਸੰਗਰਾਂਦ 16 • ਪੂਰਨਮਾਸ਼ੀ 8 • ਮੱਸਿਆ 23




ਰੀਜਾਇਨਾ ਵਿਖੇ ਵਰਲਡ ਸਿੱਖ ਆਗੇਨਾਈਜੇਸ਼ਨ ਵੱਲੋਂ ਵਨ ਬਿਲੀਅਨ ਰਾਈਜਿੰਗ ਕੰਪੇਨ ਪਿਛਲੇ 5 ਸਾਲਾਂ ਤੋਂ ਚਲਾਈ ਜਾ ਰਹੀ ਹੈ।।ਇਸ ਤਹਿਤ ਫੰਡ ਇਕੱਠਾ ਕੀਤਾ ਜਾਂਦਾ ਹੈ ਅਤੇ ਘਰੇਲੂ ਹਿੰਸਾ ਦਾ ਸਿਕਾਰ ਲੋਕਾਂ ਦੀ ਮੱਦਦ ਲਈ ਪੈਕੇਜ ਇਕੱਤਰ ਕੀਤੇ ਜਾਂਦੇ ਹਨ। ਪਿਛਲੇ ਸਾਲ 150 ਕੇਅਰ ਪੈਕੇਜ ਰੀਜਾਇਨਾ ਅਤੇ ਸੈਸਕਾਟੂਨ ਵਿਖੇ ਦਾਨ ਦੇ ਰੂਪ ਵਿੱਚ ਆਏ ਸਨ। ਪਰ ਇਸ ਸਾਲ ਇਹ ਟੀਚਾ 300 ਪੈਕੇਜ ਤੱਕ ਪੁੱਜ ਗਿਆ। ਇਹਨਾਂ ਪੈਕਜਾਂ ਵਿੱਚ ਸਾਬਣ ਸੈਂਪੂਬੌਡੀ ਲੋਸ਼ਨ,ਚਾਹ, ਕਾਫੀ,ਟੁੱਥਪੇਸਟ,ਟੁੱਥ ਬਰੁੱਸ਼ ਅਤੇ ਵੋਮੈਨ ਹਾਈਜੀਨ ਪਰੋਡਕਟ ਸਾਮਿਲ ਹੁੰਦੇ ਹਨ। ਰੀਜਾਇਨਾ ਅਤੇ ਸੈਸਕਾਟੂਨ ਦੇ ਗੁਰੂਘਰਾਂ ਨੂੰ ਇਸ ਕੰਮ ਲਈ ਚੁਣਿਆ ਗਿਆ ਹੈ। ਫੇਸ ਬੁੱਕ ਉੱਪਰ ਗੋ ਫੰਡ ਮੀ ਰਾਹੀਂ ਵੀ ਤੁਸੀਂ ਇਸ ਵਿੱਚ ਯੋਗਦਾਨ ਪਾ ਸਕਦੇ ਹੋ। ਰੀਜਾਇਨਾ ਵਾਸੀ ਪੰਜਾਬੀ ਭਾਈਚਾਰੇ ਅੰਦਰ ਸਮਾਜ ਸੇਵੀ ਅਤੇ ਰਾਜਨੀਤਕ ਸਖਸ਼ੀਅਤ ਵੱਜੋਂ ਜਾਣੇ ਜਾਂਦੇ ਭਜਨ ਸਿੰਘ ਬਰਾੜ ਅਤੇ ਉਹਨਾਂ ਦੀ ਸਹਿਯੋਗੀ ਟੀਮ ਇਸ ਚੰਗੇ ਉਪਰਾਲੇ ਲਈ ਵਧਾਈ ਦੀ ਹੱਕਦਾਰ ਹੈ




MIDWEST DIESEL REPAIR INC.
Gurprit Gill (Sony)
We Service all Makes of Semi Trucks and Trailers
NMT
ਹਰ ਤਰ੍ਹਾਂ ਦੇ ਸੈਮੀ ਟਰੱਕਾਂ ਦੀ ਰਿਪੇਅਰ ਕਰਦੇ ਹਾਂ।
ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ 'ਤੇ ਖਰੀਦਣ ਲਈ ਸੰਪਰਕ ਕਰੋ।
ਇਹਨੀ ਦਿਨੀ ਉਹਨਾਂ ਕੋਲ ਸਪੈਸ਼ਲ ਸੇਲ ਲੱਗੀ ਹੋਈ ਹੈ ਜਿਸਦਾ ਤੁਸੀਂ ਫਾਇਦਾ ਉਠਾ ਸਕਦੇ ਹੋ।
• Mobile Tire Service-24H
• Wheel Alignment • Differential • Rebuilt
• Engine-Transmission • Heating and Air Conditioning
Tire Service
ਨਵੇਂ ਅਤੇ ਪੁਰਾਣੇ ਟਾਇਰ ਵੀ ਮਿਲਦੇ ਹਨ
Harpreet Singh Shergill
(306) 216 0610
1009 WELLINGS ROAD, REGINA, SK, S4K 0A2
ਰੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca

DENTRO CARRIERS LTD
REGINA, SK
HIRING OWNER OPERATOR NOW
ਓਨਰ ਅਪਰੇਟਰ ਅਤੇ ਟਰੱਕ ਡਰਾਈਵਰਾਂ ਦੀ ਲੋੜ ਹੈ।
• New Automatic Trucks
• City Work
• Long Haul US- Canada Runs
• Dedicated Runs
• Great Miles Rate
Referral Bonus
Health Benefits
LEASE TO OWNER OPERATOR PROGRAM
Ajitpal Singh
Tel: 306 751 4150 Mob: 306 201 7600
Fax: 306 757 7171
Email: dentrocarriersltd@gmail.com

FASTARA CARRIER
HIRING NEW OWNER-OPREATOR AND DRIVERS
AT BOTH TERMINALS
ਓਨਰ-ਓਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ
• Automatic Truck
• Long Haul US-Canada Runs
• Dedicated Runs
• Great Mile Rates
• Will Help With Immigration
Apply Now
Send Resume at:
Email: Info@fastaracarrier.com
Phone:1800-210-5201
Cell: 639 560 0561

ਸਾਨੂੰ ਡਰਾਇਵਰਾਂ ਦੀ ਵੀ ਲੋੜ ਹੈ
FREE SWIFT CABS FREE
YOUR DESTINATION IS OUR GOAL
CONTACT: BILL SINGH 306 515 0604
GREAT NEWS: NO DISPATCH FEES FOR NEW OPERATORS
306-999-2229
www.swiftcabs.ca
PROUDLY SERVING REGINA
SWIFT CABS WILL PROVIDE FOLLOWING BENEFITS TO THE OPERATIONS AND EMPLOYERS ABSOLUTELY FREE:
• GROUP HEALTH & DENTAL BENEFITS
• LONG TERM DISABILITY BENEFITS
• LOTS OF OTHER EMPLOYEE BENEFITS INCLUDED
ALL BENEFITS WILL BE PROVIDED BY CANADA'S BEST AND LARGEST INSURANCE COMPANY FOR FREE
TaxiCaller

Currently Hiring Drivers and Owner Operators for Canada (Prairies) and USA Runs.
CAM TRANSPORT REGINA, SK
• Must Have-Clean Driver Abstract
• Clear Criminal Record
ਟਰੱਕ ਦਾ ਲਾਇਸੈਂਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ
Cam Transport Offers:
• Great Pay, Steady Miles,
• Dedicated Work
• Dedicated trucks for drivers
• Every Weekend Home
• Excellent Equipments
• Paid Layover
Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313
Office: 306 910-0100 Email: Info@camtransport.ca
1014 Kearns Cres Regina (SK) S4K 0A1

Khalsa Professional Services Corp.
Gurtej Singh Grewal
Accountant
• Tax filling
• New Incorporation
ਸਖ਼ਤ ਕਮਾਈਆਂ ਵਿੱਚੋਂ ਡਾਲਰਾਂ ਦੀ ਬੱਚਤ ਚੰਗੇ ਟੈਕਸ ਪਲੈਨਰ ਦੀ ਸਲਾਹ ਨਾਲ ਹੀ ਹੁੰਦੀ ਹੈ।
Free Notary Service For Khalsa Accountax Clients
PAYROLL ACCOUNTING WCB/PST
306 450 3223 306 501 4070
gsgrewal@kpscorp.ca, www.kpscorp.ca
River Heights Shopping Center, Suite 10 - 2700 Montague Street Regina Saskathcewan, S4S 0J9

Gurtej Singh Grewal
Mortgage Associate
License # 316959
ਕਿਸੇ ਵੀ ਕਿਸਮ ਦੀ ਮੌਰਗੇਜ ਕਰਵਾਉਣ ਲਈ ਇੱਕ ਵਾਰ ਸਾਡੇ ਰੇਟ ਜ਼ਰੂਰ ਚੈਕ ਕਰੋ।
The Mortgage Centre
We work for you, not the lenders.
Fax: 1-855-621-0802
Website- kpscorp.ca
Email: grewal.g@mortgagecentre.com
www: mortgagecentre.com/gurtejgrewal
#10-2700 MONTAGUE ST, REGINA (SK) S4S 0J9
Office: 306 450 3223
Cell: 306 501 4070